# ਸੂਬੇਦਾਰ ਬਾਪੂ



ਹਰਭਜਨ ਸਿੰਘ ਰਤਨ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਪ੍ਰੀਤਮ ਸਿੰਘ ਕਸਦ
੨੧.੭.੧੯੯੭

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸੂਬੇਦਾਰ ਬਾਪੂ

ਅਰਥਾਤ

## ਜੀਵਨ ਬ੍ਰਿਤਾਂਤ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ

ਹਰਭਜਨ ਸਿੰਘ 'ਰਤਨ'
ਐਮ. ਏ. (ਪੰਜਾਬੀ) ਜੇ. ਡੀ. (ਜਰਨਲਿਜ਼ਮ) ਗਿਆਨੀ
ਸਾਬਕਾ ਪ੍ਰੋਡਿਊਸਰ-ਡਾਇਰੈਕਟਰ ਆਕਾਸ਼ਵਾਣੀ ਤੇ ਦੂਰਦਰਸ਼ਨ

ਰਤਨ ਸਾਹਿਤ ਪ੍ਰਕਾਸ਼ਨ
IIIB-15, ਲਾਜਪਤ ਨਗਰ, ਨਵੀਂ ਦਿੱਲੀ-110 024

Sri Satguru Jagjit Singh Ji eLibrary NamdhariElibrary@gmail.com

# SUBEDAR BAPU
(Biography of Subedar Kartar Singh Dhaliwal)

© ਹਰਭਜਨ ਸਿੰਘ 'ਰਤਨ

1997

ਮੁੱਲ : 100 ਰੁਪਏ
ਵਿਦੇਸ਼ : 10 ਪੌਂਡ, ਜਾਂ 15 ਡਾਲਰ ਜਾਂ 20 ਕੈਨੇਡੀਅਨ / ਆਸਟਰੇਲੀਅਨ ਡਾਲਰ

Distributor & Publisher
**NATIONAL BOOK SHOP**
32-B, Pleasure Garden Market,
Chandni Chowk, Delhi-110 006 (India)

Sri Satguru Jagjit Singh Ji eLibrary NamdhariElibrary@gmail.com

## ਸਮਰਪਣ

ਧੁਰ ਤੋਂ ਆਈ, ਪ੍ਰਮਾਤਮਾ ਦੀ ਸਾਜੀ, ਨਿਵਾਜੀ,
ਬਖ਼ਸ਼ੀ, ਸਵਾਰੀ, ਸ਼ਿੰਗਾਰੀ ਤੇ ਨਿਖਾਰੀ,

**ਬਾਪੂ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਜੀ**

ਦੀ ਉਸ ਸਚੀ, ਸੁਚੀ, ਪਵਿਤਰ ਆਤਮਾ ਦੀ ਸਦੀਵੀ ਯਾਦ ਨੂੰ,
ਜੋ ਸਾਡੇ ਲਈ ਅਮੁਲ ਪੂਰਨੇ ਪਾ ਕੇ, ਤੇ ਜੀਵਨ ਸਫ਼ਲਾ ਕਰਕੇ,
ਸਦਾ ਲਈ ਗੁਰੂ ਚਰਨਾਂ ਵਿਚ ਜਾ ਬਿਰਾਜੀ ਹੈ।
ਜੋ ਸਦਾ ਸਾਡਾ ਮਾਰਗ ਦਰਸ਼ਨ ਕਰਦੀ ਰਹੇਗੀ ਤੇ ਜਿਸਦੀਆਂ
ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰਦੇ ਰਹਿਣਗੇ।

Sri Satguru Jagjit Si

## ਏਸੇ ਕਲਮ ਤੋਂ ਹੋਰ ਪੁਸਤਕਾਂ

ਚਮਕਦੇ ਤਾਰੇ (ਜੀਵਨੀ)
ਥਰਕਣ ਤਾਰਾਂ (ਗੀਤ)
ਗੀਤ ਜਾਗ ਪਏ (ਗੀਤ)
ਗਲ ਤੁਰਦੀ ਰਹੀ (ਕਵਿਤਾਵਾਂ)
ਗੁਰੂ ਰਵਿਦਾਸ ਮਹਾਨ (ਜੀਵਨ ਤੇ ਬਾਣੀ ਦਾ ਟੀਕਾ ਕਾਵਿ ਰੂਪ ਵਿਚ)
ਜਗਤ-ਤਮਾਸ਼ਾ (ਪਛਮੀ ਦੇਸ਼ਾਂ ਦਾ ਸਫ਼ਰਨਾਮਾ)
ਪੂਰਬ ਦੇ ਰੰਗ (ਪੂਰਬੀ ਦੇਸ਼ਾਂ ਦਾ ਸਫ਼ਰਨਾਮਾ)
ਨੇੜਿਉਂ ਤੱਕੀਆਂ ਚਾਨਣ ਰਿਸ਼ਮਾਂ
(ਕੁਝ ਵਿਸ਼ੇਸ਼ ਵਿਅਕਤੀਆਂ ਬਾਰੇ ਅਨੋਖੀ ਜਾਤੀ ਜਾਣਕਾਰੀ)
ਖਟੀਆਂ ਮਿੱਠੀਆਂ ਯਾਦਾਂ (ਪ੍ਰੈਸ ਵਿਚ)
ਮੰਜ਼ਲ ਦੇ ਨੇੜੇ ਤੇੜੇ (ਕਵਿਤਾਵਾਂ-ਪ੍ਰੈਸ ਵਿਚ)

Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਪੁਸਤਕ ਦਾ ਪਿਛੋਕੜ 7

1. ਜਨਮ ਤੇ ਬਚਪਨ 9
2. ਜੁਆਨੀ, ਸੰਘਰਸ਼ ਤੇ ਫ਼ੌਜੀ ਨੌਕਰੀ 12
3. ਦੂਜੀ ਵੱਡੀ ਜੰਗ ਤੇ ਮਲਾਇਆ ਜਾਣਾ 22
4. ਜਾਪਾਨੀਆਂ ਨਾਲ ਜੰਗ ਤੇ ਉਹਨਾਂ ਦੀ ਕੈਦ 28
5. ਜੰਗ ਦੀ ਸਮਾਪਤੀ ਤੇ ਦੇਸ਼ ਵਾਪਸੀ 33
6. ਨਵੇਂ ਜੀਵਨ ਦਾ ਆਰੰਭ 36
7. ਅਨੋਖਾ ਪੁਲੀਸ ਅਫ਼ਸਰ 40
8. ਸਫ਼ਲ ਕਿਸਾਨ 52
9. ਬੱਚਿਆਂ ਦੀ ਪਰਵਰਿਸ਼ ਤੇ ਪੜ੍ਹਾਈ 65
10. ਆਦਰਸ਼ ਪਿਤਾ ਦੇ ਆਦਰਸ਼ ਪ੍ਰਵਾਰ ਦੀ ਵਿਲੱਖਣਤਾ 73
11. ਕਥਨੀ ਤੇ ਕਰਨੀ ਦਾ ਸੂਰਾ 83
12. ਅੰਤਲੇ ਦਿਨ 87
13. ਅੰਤਮ ਸਫ਼ਰ 90


## ਅਖ਼ਬਾਰਾਂ ਵਿਚ ਛਪੇ ਸ਼ਰਧਾ ਦੇ ਫੁਲ


14. ਰੰਗਲੇ ਸੱਜਣ ਸਨ—ਬਾਪੂ ਕਰਤਾਰ ਸਿੰਘ ਜੀ ਰੱਖੜਾ 95
15. ਭਗਤ, ਦਾਨੀ, ਤਿਆਗੀ ਤੇ ਸੰਤ ਮੂਰਤ ਸਨ : ਕਰਤਾਰ ਸਿੰਘ ਧਾਲੀਵਾਲ 98
16. ਬਾਪੂ ਕਰਤਾਰ ਸਿੰਘ ਨੇ ਗ੍ਰਹਿਸਤੀ ਦੇ ਰੂਪ 'ਚ ਆਦਰਸ਼ ਜੀਵਨ ਜੀਵਿਆ 101
17. ਭਗਤ, ਸੂਰਮਾ, ਦਾਨੀ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ 103
18. ਬਾਪੂ ਕਰਤਾਰ ਸਿੰਘ ਧਾਲੀਵਾਲ ਨੂੰ ਸਿਰਕੱਢ ਸ਼ਖ਼ਸੀਅਤਾਂ ਵਲੋਂ ਸ਼ਰਧਾਂਜਲੀ ਭੇਟ 106
19. ਕਾਵਿ ਸ਼ਰਧਾਂਜਲੀ—ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਬਾਪੂ ਦੀ ਅਮਰ ਯਾਦ ਵਿਚ 109
20. ਕਰਤਾਰ ਸਿੰਘ ਧਾਲੀਵਾਲ ਪ੍ਰੋਫ਼ੈਸਰਸ਼ਿਪ ਆਫ਼ ਪੰਜਾਬ / ਇੰਡੀਅਨ ਸਟੱਡੀਜ਼ ਵਿਸਕਾਂਨਸਨ ਯੂਨੀਵਰਸਿਟੀ, ਮਿਲਵਾਕੀ (ਅਮਰੀਕਾ) ਦੀ ਸਥਾਪਨਾ 110


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਪੁਸਤਕ ਦਾ ਪਿਛੋਕੜ

1980 ਵਿਚ ਮੈਂ ਇੰਗਲੈਂਡ ਦੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਤੋਂ ਬਾਅਦ, ਅਮਰੀਕਾ ਗਿਆ, ਜਿਥੇ ਮੈਨੂੰ ਸਿਖ ਬਚਿਆਂ ਲਈ ਦੋ ਹਫ਼ਤੇ ਦੇ ਕੈਂਪ ਵਿਚ, ਸਿਖ ਇਤਿਹਾਸ ਬਾਰੇ ਲੈਕਚਰ ਦੇਣ ਤੇ ਬਚਿਆਂ ਨੂੰ ਕੀਰਤਨ ਬਾਰੇ ਜਾਣਕਾਰੀ ਦੇਣ ਲਈ, ਕੈਂਪ ਦੇ ਆਰਗੇਨਾਈਜ਼ਰ ਪ੍ਰੋਫ਼ੈਸਰ ਡਾ. ਬਲਵੰਤ ਸਿੰਘ ਨੇ ਬੁਲਾਇਆ ਸੀ। ਕੈਂਪ ਦੀ ਸਮਾਪਤੀ ਪਿਛੋਂ ਡਾ. ਬਲਵੰਤ ਸਿੰਘ ਮੈਨੂੰ ਵਾਸ਼ਿੰਗਟਨ ਲੈ ਗਏ ਤੇ ਫਿਰ ਅਸੀਂ ਸ਼ਿਕਾਗੋ ਗਏ। ਸ਼ਿਕਾਗੋ ਦੇ ਗੁਰਦੁਆਰੇ ਵਿਚ ਮੇਰੀ ਮੁਲਾਕਾਤ ਸ੍ਰ. ਦਰਸ਼ਨ ਸਿੰਘ ਧਾਲੀਵਾਲ ਨਾਲ ਹੋਈ, ਜਿੰਨਾਂ ਮੈਨੂੰ ਆਪਣੇ ਪਾਸ ਮਿਲਵਾਕੀ ਆਣ ਲਈ ਕਿਹਾ। ਉਨ੍ਹਾਂ ਦੇ ਘਰ ਅਖੰਡਪਾਠ ਦਾ ਭੋਗ ਸੀ, ਜਿਥੇ ਅਮਰੀਕਾ ਦੇ ਚੋਣਵੇਂ ਸਿਖ ਤੇ ਪੰਜਾਬੀ ਇਕੱਤਰ ਹੋਏ ਹੋਏ ਸਨ। ਦਰਸ਼ਨ ਸਿੰਘ ਦੇ ਪਿਤਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਭੀ ਮੌਜੂਦ ਸਨ ਤੇ ਉਨਾਂ ਨਾਲ ਮੇਰੀ ਪਹਿਲੀ ਮੁਲਾਕਾਤ ਉਦੋਂ ਹੀ ਹੋਈ।

ਉਸ ਪਿਛੋਂ ਮੇਰੇ ਸਬੰਧ ਇਸ ਪ੍ਰਵਾਰ ਨਾਲ ਏਨੀ ਤੇਜ਼ੀ ਨਾਲ ਵਧੇ, ਕਿ ਮੈਨੂੰ ਘਰ ਦੇ ਜੀਅ ਵਾਂਗ ਹੀ ਸਮਝਿਆ ਜਾਂਦਾ ਸੀ। ਇਸ ਨੇੜਤਾ ਦਾ ਕਾਰਨ, ਦੋਹਾਂ ਪਾਸਿਓਂ ਸਾਂਝੀ ਖਿਚ, ਪਿਆਰ ਤੇ ਭਰੋਸਾ ਸੀ। ਮਿਲਵਾਕੀ ਤੇ ਰਖੜੇ, ਵਿਚ ਇਸ ਪ੍ਰਵਾਰ ਦਾ ਘਰ ਮੇਰਾ ਘਰ ਤੇ ਦਿਲੀ ਵਿਚ ਮੇਰਾ ਘਰ ਇਸ ਪ੍ਰਵਾਰ ਦਾ ਘਰ ਬਣ ਗਿਆ। ਅਮਰੀਕਾ ਵਿਚ ਮੈਨੂੰ ਕਈ ਕਈ ਮਹੀਨੇ ਬਾਪੂ ਜੀ ਨਾਲ ਇਕੱਠੇ ਰਹਿਣ ਦਾ ਮੌਕਾ ਮਿਲਦਾ ਰਿਹਾ ਤੇ ਰਖੜੇ ਵਿਚ ਵੀ ਮੈਂ ਕਈ ਕਈ ਦਿਨ ਉਨਾਂ ਪਾਸ ਟਿਕਿਆ ਰਹਿੰਦਾ।

1990 ਵਿਚ ਮੈਂ ਅਮਰੀਕਾ ਵਿਚ ਸ੍ਰ. ਦਰਸ਼ਨ ਸਿੰਘ ਦੇ ਪਾਸ ਸਾਂ ਤੇ ਸੂਬੇਦਾਰ ਬਾਪੂ ਵੀ ਉਥੇ ਸਨ। ਦਰਸ਼ਨ ਸਿੰਘ ਤੇ ਉਨਾਂ ਦਾ ਛੋਟਾ ਭਰਾ ਦੋਵੇਂ ਆਪਣੇ ਦਫ਼ਤਰ ਚਲੇ ਜਾਂਦੇ ਤੇ ਬਾਪੂ ਜੀ ਮੈਥੋਂ ਗੁਰੂ ਸਾਹਿਬਾਨ ਦੇ ਜੀਵਨ ਤੇ ਸਿਖ ਇਤਿਹਾਸ ਦੀਆਂ ਸਾਖੀਆਂ ਸੁਣਦੇ ਤੇ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਸਨ।

ਇਕ ਦਿਨ ਦਰਸ਼ਨ ਸਿੰਘ ਮੈਨੂੰ ਕਹਿਣ ਲਗਾ, "ਰਤਨ ਜੀ, ਤੁਸੀਂ ਸਾਰਾ



Sri Satguru Jagjit Singh Ji eLibrary NamdhariElibrary@gmail.com

ਦਿਨ ਬਾਪੂ ਜੀ ਪਾਸ ਹੁੰਦੇ ਹੋ, ਇੰਨ੍ਹਾਂ ਪਾਸੋਂ ਪੁਛ ਪੁਛ ਕ ਇੰਨਾ ਦਾ ਜੀਵਨ ਲਿਖਣਾ ਸ਼ੁਰੂ ਕਰੋ।" ਸੋ ਮੈਂ ਇਹ ਕੰਮ ਸ਼ੁਰੂ ਕਰ ਦਿਤਾ। ਬਾਪੂ ਜੀ ਆਪਣਾ ਜੀਵਨ ਬਿਰਤਾਂਤ ਮੈਨੂੰ ਦਸੀ ਜਾਂਦੇ ਤੇ ਮੈਂ ਨੋਟ ਕਰਦਾ ਰਹਿੰਦਾ, ਪਰ ਇਨਾਂ ਨੂੰ ਪੂਰੇ ਖਰੜੇ ਦਾ ਰੂਪ, ਮੈਂ ਕਈ ਹੋਰ ਰੁਝੇਵਿਆਂ ਕਾਰਨ, 1994 ਤੋਂ ਪਹਿਲਾਂ ਨਾ ਦੇ ਸਕਿਆ। ਪੂਰਾ ਖਰੜਾ ਤਿਆਰ ਹੋ ਜਾਣ ਤੋਂ ਪਿਛੋਂ ਵੀ, ਇਹ ਪੁਸਤਕ ਦੇ ਰੂਪ ਵਿਚ ਜਲਦੀ ਛਪ ਨਾ ਸਕਿਆ, ਕਿਉਂਕਿ ਮੈਂ ਚਾਹੁੰਨਾ ਸਾਂ, ਬਾਪੂ ਜੀ ਦਾ ਦੂਜਾ ਸਪੁਤ੍ਰ ਸੁਰਜੀਤ ਸਿੰਘ ਇਸ ਨੂੰ ਪੜ ਲਵੇ ਤੇ ਕੋਈ ਵਾਧਾ ਘਾਟਾ ਕਰਨਾ ਹੋਵੇ ਤਾਂ ਹੋ ਜਾਵੇ। ਪਰ ਸੁਰਜੀਤ ਸਿੰਘ ਨੂੰ ਵੀ ਰੁਝੇਵਿਆਂ ਤੋਂ ਵੇਹਲ ਘਟ ਹੀ ਮਿਲਦੀ ਸੀ। ਸ੍ਰ. ਦਰਸ਼ਨ ਸਿੰਘ ਨੇ ਇਹ ਕੰਮ ਸੁਰਜੀਤ ਸਿੰਘ ਨੂੰ ਸੌਂਪਿਆ ਸੀ।

ਇਸ ਤਰ੍ਹਾਂ ਇਹ ਪੁਸਤਕ ਪ੍ਰਕਾਸ਼ਤ ਹੋਣ ਵਿਚ ਦੇਰੀ ਹੁੰਦੀ ਰਹੀ ਤੇ ਬਾਪੂ ਜੀ ਦੀ ਜ਼ਿੰਦਗੀ ਵਿਚ ਇਸ ਨੂੰ ਪ੍ਰਕਾਸ਼ਤ ਕਰਨ ਦਾ ਸੁਪਨਾ ਪੂਰਾ ਨਾ ਹੋ ਸਕਿਆ। ਉਨ੍ਹਾਂ ਦੇ ਚਲਾਣੇ ਪਿਛੋਂ ਮੈਨੂੰ ਖਰੜੇ ਵਿਚ ਕਈ ਵਾਧੇ ਘਾਟੇ ਕਰਨੇ ਪਏ। ਬਾਪੂ ਜੀ ਦਾ ਜੀਵਨ ਇਤਨਾ ਵਿਸ਼ਾਲ ਤੇ ਬਹੁਪੱਖੀ ਸੀ, ਕਿ ਉਸ ਦਾ ਪੂਰਾ ਵੇਰਵਾ ਦੇਣਾ ਕਾਫ਼ੀ ਕਠਨ ਹੈ। ਆਪਣੀ ਪੂਰੀ ਤਸੱਲੀ ਨਾ ਹੋਣ ਦੇ ਬਾਵਜੂਦ ਭੀ, ਮੈਂ ਇਸਨੂੰ ਪੁਸਤਕ ਦਾ ਰੂਪ ਦੇਣ ਵਿਚ ਹੋਰ ਦੇਰੀ ਕਰਨਾ ਮੁਨਾਸਿਬ ਨਹੀਂ ਸਮਝਿਆ ਅਤੇ ਬੜੇ ਪਿਆਰ ਸਤਿਕਾਰ ਨਾਲ ਪੰਜਾਬੀ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਦਾ ਹਾਂ।

ਆਸ ਕਰਦਾ ਹਾਂ, ਪਾਠਕ ਇਹ ਪੁਸਤਕ ਪੜ੍ਹਕੇ ਆਪਣੇ ਜੀਵਨ ਵਾਸਤੇ ਕਈ ਸੇਧਾਂ ਲੈ ਸਕਣਗੇ, ਤੇ ਨਵੀਂ ਪੀੜੀ ਭੀ ਇਸ ਤੋਂ ਬਹੁਤ ਕੁਝ ਗ੍ਰਹਿਣ ਕਰ ਸਕੇਗੀ।


ਹਰਭਜਨ ਸਿੰਘ 'ਰਤਨ'
ਬੀ-15, ਲਾਜਪਤ ਨਗਰ-3
ਨਵੀਂ ਦਿੱਲੀ-110 024




Sri Satguru Jagjit Singh Ji eLibrary NamdhariElibrary@gmail.com

# ਜਨਮ ਤੇ ਬਚਪਨ

ਪਿੰਡ ਰਖੜਾ, ਕਿਸੇ ਵੇਲੇ ਇਕ ਨਿਕਾ ਜੇਹਾ, ਅਣਗਉਲਿਆ, ਛੋਟੇ ਕਿਸਾਨਾਂ ਦਾ ਗੁਮਨਾਮ ਜੇਹਾ ਪਿੰਡ ਸੀ। ਧਰਤੀ ਵਧੇਰੇ ਕਰਕੇ ਬੰਜਰ, ਰੇਤਲੀ ਤੇ ਗੈਰ-ਉਪਜਾਊ ਸੀ। ਵਿਦਿਆ, ਖੇਤੀ ਤੇ ਉੱਨਤੀ ਦੇ ਪਖੋਂ ਪਛੜਿਆ ਹੋਇਆ ਮੰਨਿਆ ਜਾਂਦਾ ਸੀ। ਅੰਗ੍ਰੇਜ਼ਾਂ ਦੇ ਵੇਲੇ, ਇਹ ਪੂਰਬੀ ਪੰਜਾਬ ਦੇ ਜ਼ਿਲ੍ਹਾ ਕਰਨਾਲ ਦੀ ਕੈਥਲ ਤਹਿਸੀਲ ਵਿਚ ਸੀ। ਭਾਂਵੇਂ ਇਹ ਪਟਿਆਲਾ ਤੇ ਨਾਭਾ ਦੇ ਵਿਚਕਾਰ ਸੀ, ਤੇ ਨਾਭਾ ਇਥੋਂ 8 ਕਿਲੋਮੀਟਰ ਅਤੇ ਪਟਿਆਲਾ 16 ਕਿਲੋਮੀਟਰ ਸੀ, ਪਰ ਇਹ ਨਾਭਾ ਜਾਂ ਪਟਿਆਲਾ, ਕਿਸੇ ਰਿਆਸਤ ਦਾ ਹਿਸਾ ਨਹੀਂ ਸੀ। ਪ੍ਰਬੰਧਕੀ ਤੌਰ ਤੇ ਨਾਭਾ ਤੇ ਪਟਿਆਲਾ ਇਸਦੇ ਨਜ਼ਦੀਕ ਸਨ ਤੇ ਕੈਥਲ ਕਰਨਾਲ ਬਹੁਤ ਦੂਰ, ਕਿਉਂਕਿ ਇਹ ਜ਼ਿਲ੍ਹਾ ਕਰਨਾਲ ਦੀ ਵੀ ਇਕ ਗੁਠ ਵਿਚ ਸੀ। ਆਵਾਜਾਈ ਦੇ ਅਜੋਕੇ ਸਾਧਨਾਂ ਦੀ ਅਣਹੋਂਦ ਨੇ, ਇਸ ਨੂੰ ਹੋਰ ਵੀ ਅਣਵਿਕਸਤ ਬਣਾ ਦਿਤਾ ਸੀ।

ਅਜੇਹੇ ਪਿੰਡ ਵਿਚ ਸੂਬੇਦਾਰ ਬਾਪੂ ਕਰਤਾਰ ਸਿੰਘ ਧਾਲੀਵਾਲ ਦਾ ਜਨਮ ਹੋਣਾ ਇਸ ਤਰ੍ਹਾਂ ਸੀ, ਜਿਵੇਂ ਰੇਗਿਸਥਾਨ ਵਿਚ ਫੁਲ ਖਿੜਨਾਂ, ਜਾਂ ਚਿਕੜ ਵਿਚ ਕੰਵਲ ਦਾ ਉਗਣਾ, ਜਾਂ ਕਿਕਰਾਲੇ ਜੰਗਲ ਵਿਚ ਚੰਦਨ ਦਾ ਬੂਟਾ ਉਗਣਾ।

ਜੰਮਿਆ ਪੂਤ ਭਗਤ ਗੋਵਿੰਦ ਕਾ,
ਪ੍ਰਗਟਿਆ ਸਭ ਮੈ ਲਿਖਿਆ ਧੁਰ ਕਾ॥

ਬਾਲਕ ਕਰਤਾਰ ਸਿੰਘ ਧਾਲੀਵਾਲ ਦਾ ਜਨਮ ਇਸ ਰਖੜਾ ਪਿੰਡ ਵਿਚ 23 ਜੂਨ ਸੰਨ 1914 ਵਿਚ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਮ ਭਾਈ ਰਾਮਾ ਧਾਲੀਵਾਲ ਤੇ ਪਿਤਾ ਦਾ ਨਾਮ ਸ. ਵਜ਼ੀਰ ਸਿੰਘ ਧਾਲੀਵਾਲ ਸੀ। ਦਾਦੇ ਭਾਈ ਰਾਮਾ ਨੇ, ਆਪਣਾ ਪੁਤ੍ਰ ਵਜ਼ੀਰ ਸਿੰਘ, ਸਿੰਘ ਸਜਾ ਦਿਤਾ ਸੀ। ਕਰਤਾਰ ਸਿੰਘ ਦੀ ਮਾਤਾ ਦਾ ਨਾਮ ਮਾਂਗਲੀ ਸੀ, ਜੋ ਮਾਜਰੀ ਪਿੰਡ ਦੀ ਰਹਿਣ ਵਾਲੀ ਸੀ।

ਆਜ਼ਾਦੀ ਤੋਂ ਬਾਅਦ, ਰਿਆਸਤ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ, ਨਾਲਾਗੜ੍ਹ ਤੇ ਮਲੇਰਕੋਟਲਾ ਨੂੰ ਮਿਲਾ ਕੇ ਨਵਾਂ ਰਾਜ ਪੈਪਸੂ ਭਾਵ 'ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ' ਸਥਾਪਤ ਕਰ ਦਿਤਾ ਗਿਆ। ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਇਸ ਦੇ ਰਾਜ ਪ੍ਰਮੁਖ ਬਣੇ। ਬਾਅਦ ਵਿਚ ਜਦ ਪੈਪਸੂ ਨੂੰ ਪੰਜਾਬ ਵਿਚ ਮਿਲਾ ਦਿਤਾ ਗਿਆ, ਤਾਂ ਰਖੜਾ, ਸਧੂਵਾਲਾ ਤੇ ਬਾਹਨ, ਤਿੰਨੇ ਪਿੰਡ, ਜ਼ਿਲ੍ਹਾ ਪਟਿਆਲਾ ਵਿਚ ਮਿਲਾ ਦਿਤੇ ਗਏ। ਕਰਤਾਰ ਸਿੰਘ ਦੇ ਪਿਤਾ



Sri Satguru Jagjit Singh Ji eLibrary NamdhariElibrary@gmail.com

ਵਜ਼ੀਰ ਸਿੰਘ ਰਖੜਾ ਵਿਚ ਹੀ ਖੇਤੀ ਕਰਦੇ ਸਨ, ਤੇ ਨੰਬਰਦਾਰ ਵੀ ਸਨ। ਪਰ ਥੋੜ੍ਹੀ ਜ਼ਮੀਨ ਤੇ ਅਨਉਪਜਾਊ ਇਲਾਕਾ ਹੋਣ ਕਰਕੇ ਮੁਸ਼ਾਂ ਗੁਜ਼ਾਰਾ ਹੀ ਕਰਦੇ ਸਨ। ਕਰਤਾਰ ਸਿੰਘ ਦੀਆਂ ਦੋ ਭੈਣਾਂ ਸ਼ਾਮ ਕੌਰ ਤੇ ਕਰਤਾਰ ਕੌਰ ਸਨ। ਭਰਾ ਕੋਈ ਨਹੀਂ ਸੀ। ਸ਼ਾਮ ਕੌਰ ਤੇ ਉਸਦਾ ਘਰਵਾਲਾ ਗੁਲਜ਼ਾਰ ਸਿੰਘ ਸੁਰਗਵਾਸ ਹੋ ਚੁੱਕੇ ਹਨ। ਉਨ੍ਹਾਂ ਦਾ ਇਕ ਪੁਤਰ ਗੁਰਦਿਆਲ ਸਿੰਘ ਅਮਰੀਕਾ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਪਾਸ ਹੀ ਕੰਮ ਕਰਦਾ ਹੈ। ਦੂਸਰਾ, ਗੁਰਮੇਲ ਸਿੰਘ ਕੈਨੇਡਾ ਰਹਿੰਦਾ ਹੈ। ਬਾਪੂ ਜੀ ਦੇ ਦੋ ਸਾਲੇ ਸਨ। ਸ਼ਰਵਣ ਸਿੰਘ ਤੇ ਗੁਰਦਿਆਲ ਸਿੰਘ, ਜੋ ਬਾਪੂ ਜੀ ਦੀ ਧਰਮ ਪਤਨੀ ਸ੍ਰੀਮਤੀ ਜਸਵੰਤ ਕੌਰ ਧਾਲੀਵਾਲ ਜਿੰਨ੍ਹਾਂ ਨੂੰ ਸਾਰੇ ਪਿਆਰ ਨਾਲ ਬੇਬੇ ਹੀ ਕਹਿੰਦੇ ਹਨ, ਦੇ ਭਰਾ ਹਨ। ਉਹ ਆਪਣੇ ਪਿੰਡ ਆਸੇ ਮਾਜਰਾ ਵਿਚ ਹੀ ਖੇਤੀ ਕਰਦੇ ਹਨ। ਗੁਰਦਿਆਲ ਸਿੰਘ ਦਾ ਲੜਕਾ ਸ਼ੇਰਾ ਅਮਰੀਕਾ ਵਿਚ ਹੀ ਪੈਟਰੋਲ ਦਾ ਬਿਜ਼ਨੈਸ ਕਰਦਾ ਹੈ।

ਬਾਪੂ ਕਰਤਾਰ ਸਿੰਘ ਧਾਲੀਵਾਲ ਨੇ, ਬਚਪਨ ਵਿਚ ਲਲੌਢਾ ਪਿੰਡ ਦੇ ਇਕ ਪੰਡਤ ਤੋਂ ਪੜ੍ਹਨਾ ਸ਼ੁਰੂ ਕੀਤਾ। ਪੰਡਤ ਲੰਡੇ ਜਾਣਦਾ ਸੀ ਤੇ ਲੰਡੇ ਹੀ ਪੜ੍ਹਾਂਦਾ ਸੀ। ਨੇੜੇ ਤੇੜੇ ਕੋਈ ਸਕੂਲ ਨਹੀਂ ਸੀ, ਇਸ ਲਈ ਉਸਦੀ ਸਕੂਲੀ ਪੜ੍ਹਾਈ ਨਾ ਹੋ ਸਕੀ। ਸ਼ਾਇਦ ਕੁਦਰਤ ਨੂੰ ਉਸਦੀ ਸਕੂਲੀ ਪੜ੍ਹਾਈ ਦੀ ਲੋੜ ਹੀ ਨਹੀਂ ਸੀ ਜਾਪੀ, ਕਿਉਂਕਿ ਉਸਨੇ ਕਰਤਾਰ ਸਿੰਘ ਤੋਂ ਜ਼ਿੰਦਗੀ ਵਿਚ ਹੋਰ ਬਹੁਤ ਵਡੇ ਤੇ ਮਹਾਨ ਕਾਰਜ ਕਰਵਾਣੇ ਸਨ।

ਕਰਤਾਰ ਸਿੰਘ ਨੇ ਬਚਪਨ ਤੋਂ ਹੀ ਪਿਤਾ ਨਾਲ ਖੇਤੀ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਅਜੋਕੇ ਖੇਤੀਬਾੜੀ ਦੇ ਉਨਤ ਸੰਦ ਤੇ ਮਸ਼ੀਨਾਂ ਉਦੋਂ ਨਹੀਂ ਸਨ। ਸਭ ਕੁਝ ਹਥੀਂ ਕਰਨਾ ਪੈਂਦਾ ਸੀ। ਬਾਲਕ ਕਰਤਾਰ ਸਿੰਘ ਆਪਣੇ ਪਿਤਾ ਨਾਲ ਖੇਤਾਂ ਵਿਚ ਹੱਥ ਵਟਾਂਦਾ ਤੇ ਉਸ ਦੀਆਂ ਅਸੀਸਾਂ ਲੈਂਦਾ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸ ਨੇ ਬਾਲਕ ਕਰਤਾਰ ਸਿੰਘ ਦੀਆਂ ਕਈ ਅਜ਼ਮਾਇਸ਼ਾਂ ਲੈਣੀਆਂ ਸਨ। ਉਸਨੂੰ ਮੇਹਨਤ ਦੀ ਅਗ ਤੇ ਮੁਸ਼ੱਕਤ ਦੀ ਭੱਠੀ ਵਿਚੋਂ ਲੰਘਾ ਕੇ, ਸੋਨਾ ਬਣਾ ਕੇ ਕਢਣਾ ਸੀ। ਸੋ ਬਾਲਕ ਕਰਤਾਰ ਸਿੰਘ ਅਜੇ ਦਸ ਵਰ੍ਹਿਆਂ ਦਾ ਹੀ ਸੀ ਕਿ ਉਸਦੇ ਪਿਤਾ ਸ੍ਰ. ਵਜ਼ੀਰ ਸਿੰਘ ਧਾਲੀਵਾਲ ਚੜ੍ਹਾਈ ਕਰ ਗਏ। ਕੁਦਰਤ ਨੇ ਇਕ ਚੋਟ ਤੋਂ ਬਾਅਦ ਦੂਸਰੀ ਚੋਟ ਵੀ ਲਗਾ ਦਿਤੀ। ਉਸੇ ਸਾਲ ਉਸਦੀ ਮਾਤਾ ਭੀ ਜੀਵਨ ਸਫ਼ਰ ਪੂਰਾ ਕਰਕੇ ਆਪਣੇ ਪਤੀ ਦੇ ਚਰਨਾਂ ਵਿਚ ਜਾ ਪਹੁੰਚੀ ਤੇ ਬਾਲਕ ਕਰਤਾਰ ਸਿੰਘ ਬਚਪਨ ਵਿਚ ਹੀ ਬੇਸਹਾਰਾ ਹੋ ਗਿਆ। ਮਾਤਾ ਪਿਤਾ ਦੀ ਚੜ੍ਹਾਈ ਪਿਛੋਂ ਬਾਲਕ ਕਰਤਾਰ ਸਿੰਘ ਛੇ ਸਤ ਸਾਲ ਡਾਵਾਂ ਡੋਲ ਹੀ ਰਿਹਾ। ਕੋਈ ਉਸ ਦੇ ਸਿਰ ਤੇ ਹਥ ਰਖਕੇ ਅਗਵਾਈ ਕਰਨ ਵਾਲਾ ਨਹੀਂ ਸੀ। ਖੇਤੀ ਦਾ ਕੰਮ ਵਧੀਆ ਨਹੀਂ ਸੀ। ਜ਼ਮੀਨ ਵੀ ਥੋੜ੍ਹੀ ਸੀ ਤੇ ਚੰਗੀ ਵੀ ਨਹੀਂ ਸੀ। ਬਹੁਤਾ ਹਿਸਾ ਜੰਗਲ ਹੀ ਸੀ। ਲੋਕ ਜੰਗਲ ਕਟ ਕਟ ਕੇ ਬੜੀ ਮੇਹਨਤ ਨਾਲ ਜ਼ਮੀਨਾਂ ਆਬਾਦ ਕਰ ਰਹੇ ਸਨ। ਪਰ ਖੇਤੀ ਦਾ ਕੰਮ ਨਾ ਹੋਣ ਵਰਗਾ ਸੀ, ਜਿਸਦੀ ਆਮਦਨੀ ਤੇ ਗੁਜ਼ਾਰਾ ਨਹੀਂ ਸੀ ਹੋ ਸਕਦਾ।

ਉਸ ਜ਼ਮਾਨੇ ਵਿਚ ਛੋਟੀ ਉਮਰ ਦੀ ਸ਼ਾਦੀ ਦਾ ਰਿਵਾਜ ਸੀ। ਸੋ ਦਸ ਸਾਲ ਦੀ ਉਮਰ ਵਿਚ ਹੀ ਕਰਤਾਰ ਸਿੰਘ ਦੀ ਸ਼ਾਦੀ ਹੋ ਗਈ। ਪਰ ਇਹ ਵੀ ਕੁਦਰਤ ਨੂੰ ਮਨਜ਼ੂਰ ਨਹੀਂ ਸੀ। ਉਸ ਦੀ ਪਤਨੀ ਛੋਟੀ ਹੀ ਚੜ੍ਹਾਈ ਕਰ ਗਈ ਤੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਇਕੱਲਾ ਛੱਡ ਗਈ। ਕਰਤਾਰ ਸਿੰਘ ਨੂੰ ਦੁਖ ਤਾਂ ਹੋਇਆ ਪਰ ਉਹ ਰਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲਾ, ਗੁਰੂ ਨਾਨਕ ਦਾ ਅਨਿੱਨ ਭਗਤ ਤੇ ਪੱਕਾ ਸ਼ਰਧਾਲੂ ਹੋਣ ਕਰਕੇ ਸਮਝਦਾ ਸੀ, ਕਿ ਵਾਹਿਗੁਰੂ ਜੋ ਕੁਝ ਵੀ ਕਰ ਰਿਹਾ ਹੈ, ਮੇਰੇ ਭਲੇ ਲਈ ਹੀ ਕਰ ਰਿਹਾ ਹੈ। ਉਹ ਸ਼ਾਇਦ ਮੈਨੂੰ ਬੰਧਨ ਮੁਕਤ ਰਖ ਕੇ ਮੈਥੋਂ ਕੋਈ ਹੋਰ ਵੱਡਾ ਕੰਮ ਕਰਵਾਉਣਾ ਚਾਹੁੰਦਾ ਹੈ।

ਜੋ ਤੁਧ ਭਾਵੈ ਸਾਈ ਭਲੀ ਕਾਰ
ਤੂੰ ਸਦਾ ਸਲਾਮਤ ਨਿਰੰਕਾਰ॥



Sri Satguru Jagjit Singh Ji eLibrary NamdhariElibrary@gmail.com

# ਜੁਆਨੀ, ਸੰਘਰਸ਼ ਤੇ ਫ਼ੌਜੀ ਨੌਕਰੀ

ਜ਼ਮੀਨ ਗ਼ੈਰਉਪਜਾਊ ਹੋਣ ਕਰਕੇ, ਖੇਤੀ ਦੀ ਆਮਦਨ ਨਾ ਹੋਣ ਦੇ ਬਰਾਬਰ ਸੀ। ਗੁਜ਼ਾਰਾ ਮੁਸ਼ਕਿਲ ਸੀ। ਕਰਤਾਰ ਸਿੰਘ ਹੁਣ 17 ਵਰ੍ਹਿਆਂ ਦਾ ਹੋ ਚੁੱਕਾ ਸੀ। ਅੰਗ੍ਰੇਜ਼ ਦਾ ਜ਼ਮਾਨਾ ਸੀ। ਫ਼ੌਜੀ ਭਰਤੀ ਹੁੰਦੀ ਰਹਿੰਦੀ ਸੀ। ਲੁਧਿਆਣੇ ਵਿਚ ਫ਼ੌਜੀ ਭਰਤੀ ਦਾ ਦਫ਼ਤਰ ਸੀ। ਕਰਤਾਰ ਸਿੰਘ ਲੁਧਿਆਣੇ ਜਾ ਕੇ ਫ਼ੌਜ ਵਿਚ ਸਿਪਾਹੀ ਭਰਤੀ ਹੋ ਗਿਆ। ਅੰਗ੍ਰੇਜ਼ਾਂ ਨੇ ਉਸ ਵੇਲੇ, ਸਿਖਾਂ, ਜਾਟਾਂ, ਰਾਜਪੂਤਾਂ, ਗੋਰਖਿਆਂ ਆਦਿ ਦੀਆਂ ਵਖ ਵਖ ਰੈਜਮੈਂਟਾਂ ਬਣਾਈਆਂ ਹੋਈਆਂ ਸਨ। ਕਰਤਾਰ ਸਿੰਘ ਨੂੰ 5/11 ਸਿਖ ਰੈਜਮੈਂਟ ਵਿਚ ਭਰਤੀ ਕਰ ਲਿਆ ਗਿਆ, ਜਿਸ ਦੀ ਇਕ ਸ਼ਾਖ 10/11 ਸਿਖ ਰੈਜਮੈਂਟ ਦਾ ਸੈਂਟਰ ਨੌਸ਼ਹਿਰਾ ਸੂਬਾ ਸਰਹਦ (ਫ਼ਰੰਟੀਅਰ) ਵਿਚ ਸੀ।

ਕਰਤਾਰ ਸਿੰਘ ਨੂੰ ਨੌਸ਼ਹਿਰਾ ਘਲ ਦਿਤਾ ਗਿਆ, ਜਿਥੇ ਉਸ ਦੀ ਰੰਗਰੂਟੀ ਤੇ ਟਰੇਨਿੰਗ ਸ਼ੁਰੂ ਹੋ ਗਈ। ਉਹ ਸਰੀਰ ਦਾ ਦੁਬਲਾ ਪਤਲਾ ਸੀ ਤੇ ਵੇਖਣ ਵਿਚ ਕਮਜ਼ੋਰ ਲਗਦਾ ਸੀ। ਹੌਲਦਾਰ ਮੇਜਰ ਨੇ ਕਰਨਲ ਨੂੰ ਕਿਹਾ ਕਿ "ਕਰਤਾਰ ਸਿੰਘ ਦੁਬਲਾ ਪਤਲਾ ਤੇ ਕਮਜ਼ੋਰ ਹੈ, ਟਰੇਨਿੰਗ ਦੀ ਕਰੜੀ ਮੇਹਨਤ, ਵਰਜ਼ਿਸ਼ ਤੇ ਤਕਲੀਫ਼ ਬਰਦਾਸ਼ਤ ਨਹੀਂ ਕਰ ਸਕੇਗਾ। ਇਸ ਲਈ ਇਸ ਨੂੰ ਡਿਸਚਾਰਜ ਕਰਕੇ, ਵਾਪਸ ਘਰ ਭੇਜ ਦੇਣਾ ਚਾਹੀਦਾ ਹੈ।

ਕਰਨਲ ਨੇ ਕਰਤਾਰ ਸਿੰਘ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਤਲਬ ਕਰ ਲਿਆ। ਕਰਤਾਰ ਸਿੰਘ ਵਰਦੀ ਪਾ ਕੇ ਪੇਸ਼ ਹੋਇਆ ਤੇ ਕਰਨਲ ਨੂੰ ਸਲੂਟ ਮਾਰ ਕੇ ਅਟੈਨਸ਼ਨ ਖੜਾ ਹੋ ਗਿਆ। ਕਰਨਲ ਨੇ ਕਿਹਾ "ਤੂੰ ਸਰੀਰ ਦਾ ਕਮਜ਼ੋਰ ਹੈਂ। ਫ਼ੌਜ ਵਿਚ ਚਲ ਨਹੀਂ ਸਕੇਂਗਾ, ਇਸ ਲਈ ਮੈਂ ਤੈਨੂੰ ਡਿਸਚਾਰਜ ਕਰਨ ਲਗਾ ਹਾਂ", ਇਹ ਗਲ ਸੁਣ ਕੇ ਕਰਤਾਰ ਸਿੰਘ ਨੂੰ ਬਹੁਤ ਦੁਖ ਹੋਇਆ। ਉਸ ਨੇ ਸੋਚਿਆ ਕਿ ਇਸ ਤਰ੍ਹਾਂ ਡਿਸਚਾਰਜ ਹੋ ਕੇ ਵਾਪਸ ਪਿੰਡ ਜਾਵਾਂਗਾ, ਤਾਂ ਬੜੀ ਨਮੋਸ਼ੀ ਵਾਲੀ ਗਲ ਹੈ, ਉਸ ਨੇ ਹੌਂਸਲਾ ਕਰਕੇ ਕਰਨਲ ਨੂੰ ਕਿਹਾ "ਸਾਹਿਬ ਇੰਜ ਨਾ ਕਰੋ। ਮੈਂ ਬੜੇ ਸ਼ੌਕ ਨਾਲ ਫ਼ੌਜ ਵਿਚ ਭਰਤੀ ਹੋਇਆ ਹਾਂ, ਕੁਝ ਕਰਕੇ ਤੇ ਬਣਕੇ ਦਿਖਾਣਾ ਚਾਹੁੰਦਾ ਹਾਂ। ਤੁਸੀਂ ਮੈਨੂੰ ਕੁਝ ਦਿਨਾਂ ਦੀ ਛੁਟੀ ਦਿਓ। ਮੈਂ ਘਰ ਜਾ ਕੇ, ਦੁਧ ਘਿਓ ਖਾ ਕੇ, ਵਰਜ਼ਿਸ਼ ਕਰਕੇ ਸੇਹਤ ਹੋਰ ਚੰਗੀ ਬਣਾ ਕੇ ਆਵਾਂਗਾ, ਫਿਰ ਤੁਸੀਂ ਵੇਖ ਲੈਣਾ। ਜੇ ਫਿਰ ਵੀ ਤੁਹਾਡੀ ਤਸੱਲੀ ਨਾ ਹੋਈ, ਤਾਂ ਜਿਸ ਤਰ੍ਹਾਂ ਤੁਹਾਡਾ ਜੀਅ ਚਾਹੇ ਕਰਨਾ।"

ਕਰਨਲ ਦੇ ਮਨ ਤੇ ਕਰਤਾਰ ਸਿੰਘ ਦੇ ਦ੍ਰਿੜ੍ਹ ਇਰਾਦੇ ਤੇ ਫ਼ੌਜ ਵਿਚ ਕੁਝ ਕਰ ਵਿਖਾਣ ਦੀ ਇਛਾ ਦਾ ਬੜਾ ਪ੍ਰਭਾਵ ਪਿਆ, ਤੇ ਉਸਨੇ ਕਰਤਾਰ ਸਿੰਘ ਦੀ ਗੁਲ



Sri Satguru Jagjit Singh Ji eLibrary NamdhariElibrary@gmail.com

ਮਨ ਕੇ ਉਸ ਨੂੰ ਛੁਟੀ ਦੇ ਦਿਤੀ।

ਕਰਤਾਰ ਸਿੰਘ ਨੇ ਪਿੰਡ ਆ ਕੇ ਖ਼ੂਬ ਦੁਧ, ਘਿਓ, ਮਖਣ ਆਦਿ ਖਾਧਾ, ਵਰਜ਼ਿਸ਼ ਕੀਤੀ ਤੇ ਕੁਝ ਦਿਨਾਂ ਬਾਅਦ ਹੀ ਵਾਪਸ ਚਲਾ ਗਿਆ। ਉਹ ਆਪਣੇ ਨਾਲ ਆਪਣੇ ਲਈ ਘਰ ਦਾ ਬਣਾਇਆ, ਸ਼ੁਧ ਦੇਸੀ ਘਿਓ ਵੀ ਲੈ ਗਿਆ।

ਰਾਤ ਨੂੰ 9 ਵਜੇ ਲਾਈਟ ਬੁਝਾ ਦਿਤੀ ਜਾਂਦੀ ਸੀ ਤੇ ਸਾਰੇ ਸੌਂ ਜਾਂਦੇ ਸਨ। ਕਰਤਾਰ ਸਿੰਘ ਚੁਪੀਤੇ ਉਠ ਕੇ ਬਾਂਹਰ ਨਿਕਲ ਜਾਂਦਾ ਸੀ, ਵਰਜ਼ਿਸ਼ ਕਰਦਾ ਸੀ ਤੇ ਦੌੜ ਲਗਾਂਦਾ ਸੀ। ਤੜਕੇ ਉਠ ਕੇ ਫਿਰ ਪਰੇਡ ਵਿਚ ਸ਼ਾਮਲ ਹੋਣਾ ਤੇ ਸ਼ਾਮ ਨੂੰ ਖੇਡਾਂ ਵਿਚ ਵਧ ਚੜ੍ਹ ਕੇ ਹਿਸਾ ਲੈਣਾ। ਪਹਿਲਾਂ ਕੰਪਨੀ, ਫਿਰ ਪਲਾਟੂਨ ਤੇ ਫਿਰ ਸੈਕਸ਼ਨ ਦੀਆਂ ਖੇਡਾਂ ਵਿਚ ਹਿਸਾ ਲੈਣਾ ਸ਼ੁਰੂ ਕੀਤਾ ਅਤੇ ਦੌੜਾਂ ਵਿਚ ਵਧੇਰੇ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ। ਪਲਾਟੂਨ ਕਮਾਂਡਰ ਰੋਜ਼ ਖੇਡਾਂ ਬਾਰੇ ਲੈਕਚਰ ਕਰਦਾ। ਅਤੇ ਖੇਡਾਂ ਵਿਚ ਨਾਮ ਪੈਦਾ ਕਰਕੇ ਇਨਾਮ ਲੈਣ ਵਾਲੇ ਫ਼ੌਜੀਆਂ ਦੇ ਨਾਮ ਲੈਂਦਾ।

ਇਕ ਦਿਨ ਕਮਾਂਡਰ ਦੌੜਾਂ ਬਾਰੇ ਲੈਕਚਰ ਕਰਦਿਆਂ ਕਹਿਣ ਲਗਾ, "ਪੰਜ ਮੀਲ ਦੀ ਦੌੜ ਵਿਚ ਜੋ ਸਭ ਤੋਂ ਪਹਿਲਾਂ ਆਉਂਦਾ ਹੈ, ਉਹ ਵੀ ਪੰਜ ਮੀਲ ਦੌੜਦਾ ਹੈ ਤੇ ਜੋ ਸਭ ਤੋਂ ਆਖ਼ੀਰ ਆਂਦਾ ਹੈ, ਉਹ ਵੀ ਪੰਜ ਮੀਲ ਹੀ ਦੌੜਦਾ ਹੈ। ਪਰ ਪਹਿਲਾਂ ਆਣ ਵਾਲੇ ਨੂੰ ਇਨਾਮ ਤੇ ਸ਼ਾਬਾਸ਼ ਮਿਲਦੀ ਹੈ ਤੇ ਆਖ਼ੀਰ ਤੇ ਆਣ ਵਾਲੇ ਨੂੰ ਨਮੋਸ਼ੀ। ਫ਼ਰਕ ਸਿਰਫ਼ ਇਤਨਾ ਹੈ ਕਿ ਪਹਿਲਾਂ ਆਣ ਵਾਲਾ ਆਪਣਾ ਇਰਾਦਾ ਪੱਕਾ ਰਖਦਾ ਹੈ, ਹੌਂਸਲਾ ਬੁਲੰਦ ਰਖਦਾ ਹੈ, ਜਿਤ ਦਾ ਨਿਸ਼ਾਨਾ ਆਪਣੇ ਸਾਹਮਣੇ ਰਖਦਾ ਹੈ, ਤੇ ਸਭ ਕੁਝ ਭੁਲ ਕੇ ਉਸ ਨਿਸ਼ਾਨੇ ਵਲ ਵਧਦਾ ਹੈ।

ਇਹ ਗੱਲ ਕਰਤਾਰ ਸਿੰਘ ਦੇ ਮਨ ਤੇ ਡੂੰਘਾ ਅਸਰ ਕਰ ਗਈ, ਤੇ ਉਸ ਪੱਕਾ ਇਰਾਦਾ ਕਰ ਲਿਆ ਕਿ ਦੌੜ ਵਿਚ ਅਵੱਲ ਹੀ ਆਣਾ ਹੈ, ਭਾਵੇਂ ਜਿਤਨੀ ਮੇਹਨਤ ਕਰਨੀ ਪਵੇ ਤੇ ਕਸ਼ਟ ਸਹਿਣਾ ਪਵੇ। ਉਸ ਨੇ ਹੋਰ ਪੱਕੇ ਇਰਾਦੇ ਤੇ ਹੌਂਸਲੇ ਨਾਲ, ਰਾਤ ਦੀ ਪ੍ਰੈਕਟਿਸ, ਸਵੇਰ ਦੀ ਪਰੇਡ ਤੇ ਸ਼ਾਮ ਦੀਆਂ ਖੇਡਾਂ ਵਿਚ ਹਿਸਾ ਲੈਣਾ, ਅਗੇ ਨਾਲੋਂ ਵਧੇਰੇ ਸ਼ੌਕ ਨਾਲ ਜਾਰੀ ਰਖਿਆ।

ਹਰ ਮਹੀਨੇ ਚੰਗੇ ਖਿਡਾਰੀਆਂ ਤੇ ਚੰਗਾ ਦੌੜਨ ਵਾਲਿਆਂ ਦੀ ਚੋਣ ਹੁੰਦੀ ਸੀ। ਪੰਜ ਮੀਲ ਦੀ ਦੌੜ ਵਿਚ, ਜੋ ਆਦਮੀ ਪਹਿਲੇ ਨੰਬਰ ਤੇ ਆਂਦਾ ਸੀ, ਉਸ ਦਾ ਨਾਮ ਪੰਜਾਬ ਸਿੰਘ ਸੀ। ਕਰਤਾਰ ਸਿੰਘ ਦੂਜੇ ਨੰਬਰ ਤੇ ਚਲ ਰਿਹਾ ਸੀ। ਇਕ ਵਾਰ ਕਰਤਾਰ ਸਿੰਘ ਦੌੜ ਵਿਚ ਪੰਜਾਬ ਸਿੰਘ ਦੇ ਪਾਸ ਪੁਜਿਆ ਤਾਂ ਉਸਨੂੰ ਕਟ ਕੇ ਅਗੇ ਲੰਘ ਜਾਣ ਦੀ ਬਜਾਏ ਉਸਨੂੰ ਥਾਪੀ ਦੇ ਕੇ ਕਹਿਣ ਲਗਾ, "ਹੌਂਸਲਾ ਰਖ, ਮੈਂ ਤੈਨੂੰ ਕਟਦਾ ਨਹੀਂ" ਕਰਤਾਰ ਸਿੰਘ ਦੇ ਸਾਥੀਆਂ ਨੇ ਉਸਨੂੰ ਪੁਛਿਆ, "ਤੂੰ ਉਸ ਤੋਂ ਅਗੇ ਲੰਘ ਸਕਦਾ ਸੈਂ, ਉਸ ਨੂੰ ਕਟਿਆ ਕਿਉਂ ਨਹੀਂ ?" ਕਰਤਾਰ ਸਿੰਘ ਨੇ ਕਿਹਾ, "ਮੈਂ ਉਸ ਨੂੰ ਕਟ ਤਾਂ ਸਕਦਾ ਸਾਂ, ਪਰ ਕਟਿਆ ਨਹੀਂ, ਕਿਉਂਕਿ ਉਹ ਮੇਰਾ ਦੋਸਤ ਹੈ, ਮੈਂ ਉਸ ਦਾ ਦਿਲ ਦੁਖਾਣਾ ਨਹੀਂ ਸਾਂ ਚਾਹੁੰਦਾ" ਇਹ ਘਟਨਾ ਹੀ ਦਸਦੀ ਹੈ ਕਿ ਬਾਪੂ ਕਰਤਾਰ ਸਿੰਘ ਦਾ ਦਿਲ ਕਿਤਨਾ ਨਰਮ, ਦਿਆਲੂ ਤੇ ਮਿਤਰਤਾ ਦੀ ਭਾਵਨਾ ਨਾਲ ਭਰਪੂਰ ਸੀ। ਕਸਰਤ, ਪਰੇਡਾਂ ਤੇ ਖੇਡਾਂ ਦਾ ਸਿਲਸਿਲਾ ਚਲਦਾ ਰਿਹਾ। ਕਰਤਾਰ ਸਿੰਘ ਦੇ ਦਿਲ



Sri Satguru Jagjit Singh Ji eLibrary NamdhariElibrary@gmail.com

ਵਿਚ ਇਹ ਪੱਕੀ ਧਾਰਨਾ ਬਣਾ ਲਈ ਕਿ ਉਹ ਪੰਜ ਮੀਲ ਦੀ ਦੌੜ ਵਿਚ ਫ਼ਸਟ ਜ਼ਰੂਰ ਆਵੇਗਾ। ਜਦ ਨੌਸ਼ਹਿਰੇ ਡੀਪੂ ਦੀਆਂ ਦੌੜਾਂ ਹੋਈਆਂ ਤਾਂ ਕਰਤਾਰ ਸਿੰਘ, ਤਿੰਨ ਮੀਲ ਤੇ ਪੰਜ ਮੀਲ ਦੋਹਾਂ ਦੌੜਾਂ ਵਿਚ ਫ਼ਸਟ ਆਇਆ। ਉਸ ਦੀ ਜੈ-ਜੈਕਾਰ ਹੋ ਗਈ। ਸਾਰੇ ਅਫ਼ਸਰ ਉਸ ਨੂੰ ਥਾਪੀਆਂ ਦੇਣ ਲਗੇ। ਉਹੀ ਕਰਨਲ ਜੋ ਪਹਿਲਾਂ ਉਸ ਨੂੰ ਫ਼ੌਜ ਚੋਂ ਕਢਣ ਲਗਾ ਸੀ, ਬਹੁਤ ਖ਼ੁਸ਼ ਹੋਇਆ, ਤੇ ਕਹਿਣ ਲਗਾ ਕਿ "ਕਰਤਾਰ ਸਿੰਘ, ਮੈਂ ਤੈਨੂੰ ਫ਼ੌਜ ਚੋਂ ਕੱਢਣ ਦੀ ਕਿੰਨੀ ਵੱਡੀ ਗ਼ਲਤੀ ਕਰਨ ਲਗਾ ਸਾਂ, ਤੂੰ ਤੇ ਸਾਡੀ ਰਜਮੈਂਟ ਦਾ ਸ਼ਿੰਗਾਰ ਏਂ, ਤੇ ਇਸ ਦਾ ਨਾਮ ਰੌਸ਼ਨ ਕਰੇਗਾ।"

ਨੌਸ਼ਹਿਰੇ ਦਾ ਇਹ ਦਸ ਮਹੀਨੇ ਦਾ ਸਮਾਂ ਰੰਗਰੂਟੀ ਤੇ ਟਰੇਨਿੰਗ ਦਾ ਸਮਾਂ ਸੀ, ਜੋ ਪੂਰਾ ਹੋ ਗਿਆ, ਤੇ ਹੁਣ ਕਰਤਾਰ ਸਿੰਘ ਨੂੰ ਫ਼ੌਜ ਦਾ ਬਾਕਾਇਦਾ ਪੂਰਾ ਅੰਗ ਬਣਨ ਲਈ ਬੜੌਦਾ ਭੇਜ ਦਿਤਾ ਗਿਆ। ਬੜੌਦਾ ਵਿਚ ਭੀ ਫ਼ੌਜ ਦੀਆਂ ਖੇਡਾਂ ਹੋਈਆਂ, ਤੇ ਉਥੇ ਭੀ ਕਰਤਾਰ ਸਿੰਘ, ਤਿੰਨ ਮੀਲ ਤੇ ਪੰਜ ਮੀਲ ਦੀ ਦੌੜ ਵਿਚ ਫ਼ਸਟ ਰਿਹਾ।

ਦੋ ਸਾਲ ਬੜੋਦਾ ਰਹਿਣ ਪਿਛੋਂ, ਉਸ ਦੀ ਬਦਲੀ ਬਲੋਚਿਸਤਾਨ ਦੇ ਮਸ਼ਹੂਰ ਸਰਹਦੀ ਨਗਰ ਚਮਨ ਵਿਚ ਕਰ ਦਿਤੀ ਗਈ। ਇਹ ਥਾਂ ਕੋਇਟੇ ਤੋਂ ਕਾਫ਼ੀ ਅਗੇ ਹੈ, ਤੇ ਅੰਗੂਰਾਂ ਤੇ ਤਰਬੂਜ਼ਾਂ ਲਈ ਬਹੁਤ ਮਸ਼ਹੂਰ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਸਾਰੇ ਹਿੰਦੁਸਤਾਨ ਵਿਚ ਵਧੀਆ ਕੁਆਲਟੀ ਦੇ ਚੰਗੇ ਅੰਗੂਰ ਚਮਨ ਦੇ ਅੰਗੂਰ ਕਹਿਕੇ ਹੀ ਵੇਚੇ ਜਾਂਦੇ ਸਨ। ਉਥੇ ਬ੍ਰਿਗੇਡ ਦੀਆਂ ਖੇਡਾਂ ਹੋਈਆਂ ਤੇ ਕਰਤਾਰ ਸਿੰਘ ਉਥੇ ਵੀ ਤਿੰਨ ਮੀਲ ਤੇ ਪੰਜ ਮੀਲ ਦੀ ਦੌੜ ਵਿਚ ਫ਼ਸਟ ਆਇਆ।

ਚਮਨ ਵਿਚ ਦੋ ਸਾਲ ਕਟਣ ਪਿਛੋਂ, ਬਾਪੂ ਕਰਤਾਰ ਸਿੰਘ ਦੀ ਬਦਲੀ ਔਰੰਗਾਬਾਦ (ਉਸ ਵੇਲੇ ਰਿਆਸਤ ਹੈਦਰਾਬਾਦ ਤੇ ਹੁਣ ਆਂਧਰਾ ਪ੍ਰਦੇਸ਼ ਵਿਚ) ਕਰ ਦਿਤੀ ਗਈ। ਇਥੇ ਭੀ ਉਸ ਨੇ ਦੋ ਸਾਲ ਬਿਤਾਏ। ਇਸ ਪਿਛੋਂ ਉਸ ਨੂੰ ਫਿਰ ਬੜੌਦਾ ਭੇਜ ਦਿਤਾ ਗਿਆ। ਕੁਝ ਅਰਸਾ ਬੜੌਦਾ ਰਹਿ ਕੇ ਉਸ ਦੀ ਰਜਮੈਂਟ ਨੂੰ, ਫਰੰਟੀਅਰ ਵਿਚ, ਬਨੂੰ ਤੋਂ ਅਗੇ ਰਜ਼ਮਕ ਭੇਜ ਦਿਤਾ ਗਿਆ। ਇਹ ਸਰਹਦੀ ਇਲਾਕਾ ਨਿਰੋਲ ਪਠਾਣਾਂ ਦਾ ਇਲਾਕਾ ਸੀ, ਜਿਥੇ ਹਮੇਸ਼ਾਂ ਗੜਬੜ ਹੀ ਰਹਿੰਦੀ ਸੀ। ਅੰਗ੍ਰੇਜ਼ੀ ਫ਼ੌਜ ਦਾ ਭੀ ਉਥੇ ਪੂਰਾ ਪੂਰਾ ਕਾਬੂ ਨਹੀਂ ਸੀ। ਰਿਆਸਤ ਪਟਿਆਲਾ ਦੀ ਫ਼ੌਜ ਭੀ, ਅੰਗ੍ਰੇਜ਼ੀ ਫ਼ੌਜ ਦੀ ਮਦਦ ਲਈ ਉਥੇ ਸੀ। ਉਸ ਵੇਲੇ ਦੇ ਪਟਿਆਲਾ ਰਿਆਸਤ ਦੇ ਹੁਕਮਰਾਨ ਮਹਾਰਾਜਾ ਭੁਪਿੰਦਰ ਸਿੰਘ ਦਾ ਲੜਕਾ ਯਾਦਵਿੰਦਰ ਸਿੰਘ, ਇਸ ਫ਼ੌਜ ਵਿਚ ਕੈਪਟਨ ਸੀ (ਮਹਾਰਾਜਾ ਭੁਪਿੰਦਰ ਸਿੰਘ ਤੋਂ ਪਿਛੋਂ, ਉਨ੍ਹਾਂ ਦਾ ਇਹੀ ਵਡਾ ਲੜਕਾ ਯਾਦਵਿੰਦਰ ਸਿੰਘ ਹੀ ਵਾਲੀਏ ਪਟਿਆਲਾ ਮਹਾਰਾਜਾ ਯਾਦਵਿੰਦਰ ਸਿੰਘ ਬਣਿਆ, ਤੇ ਫਿਰ ਰਿਆਸਤਾਂ ਦੀ ਯੂਨੀਅਨ ਬਣ ਜਾਣ ਤੇ ਪੈਪਸੂ ਦਾ ਰਾਜ ਪ੍ਰਮੁਖ ਬਣਿਆ)।

ਉਥੇ ਅੰਗ੍ਰੇਜ਼ੀ ਫ਼ੌਜ ਤੇ ਪਟਿਆਲਾ ਦੀ ਫ਼ੌਜ ਦੀਆਂ ਖੇਡਾਂ ਹੋਈਆਂ, ਉਸ ਵੇਲੇ ਪਟਿਆਲੇ ਦੀ ਫ਼ੌਜ ਵਿਚ ਸਭ ਤੋਂ ਚੰਗਾ ਦੌੜਨ ਵਾਲਾ ਰੌਣਕ ਸਿੰਘ ਸੀ। ਕੈਪਟਨ ਯਾਦਵਿੰਦਰ ਸਿੰਘ ਨੇ ਕਰਤਾਰ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਕਿਹਾ, "ਤੇਰੀ ਦੌੜ ਬਹੁਤ ਚੰਗੀ ਹੈ, ਪਰ ਤੂੰ ਅੰਗ੍ਰੇਜ਼ੀ ਫ਼ੌਜ ਵਿਚ ਅਜੇ ਤਕ ਸਿਪਾਹੀ ਹੈਂ, ਤੂੰ ਸਾਡੀ ਫ਼ੌਜ ਵਿਚ ਆ ਜਾ। ਤੇਰੇ ਅਫ਼ਸਰਾਂ ਨਾਲ ਮੈਂ ਆਪੇ ਗਲ ਕਰਕੇ ਮਨਜ਼ੂਰੀ ਲੈ ਲਵਾਂਗਾ। ਤੈਨੂੰ ਅਜ ਤੋਂ ਹੀ ਹੌਲਦਾਰ ਬਣਾ ਦੇਂਦੇ ਹਾਂ, ਤੇ ਜਿਸ ਦਿਨ ਤੂੰ ਸਾਡੇ ਰੌਣਕ ਸਿੰਘ



Sri Satguru Jagjit Singh Ji eLibrary NamdhariElibrary@gmail.com

ਨੂੰ ਭੀ ਪਿਛੇ ਛੱਡ ਜਾਵੇਂਗਾ, ਉਸ ਦਿਨ ਤੈਨੂੰ ਜਮਾਂਦਾਰ ਬਣਾ ਦਿਆਂਗੇ। ਕਰਤਾਰ ਸਿੰਘ ਨੇ ਸੋਚਣ ਦੀ ਮੋਹਲਤ ਮੰਗੀ।

ਅਗਲੇ ਦਿਨ ਕਰਤਾਰ ਸਿੰਘ ਆਪਣੀ ਰਜਮੈਂਟ ਦੇ ਅੰਗ੍ਰੇਜ਼ ਕਰਨਲ ਪਾਸ ਪੇਸ਼ ਹੋਇਆ ਤੇ ਦਸਿਆ ਕਿ ਪਟਿਆਲੇ ਵਾਲਿਆਂ ਮੈਨੂੰ ਇਹ ਆਫ਼ਰ ਦਿਤੀ ਹੈ। ਅੰਗ੍ਰੇਜ਼ ਕਰਨਲ ਕਹਿਣ ਲਗਾ, "ਅਸੀਂ ਤੇਰੀ ਤਰੱਕੀ ਤਾਂ ਕਰਨੀ ਚਾਹੁੰਦੇ ਹਾਂ, ਪਰ ਤੇਰੇ ਪਾਸ ਪੜ੍ਹਾਈ ਦਾ ਕੋਈ ਛੋਟਾ ਮੋਟਾ ਸਰਟੀਫ਼ਿਕੇਟ ਭੀ ਨਹੀਂ। ਇਹ ਗਲ ਤੇਰੀ ਤਰੱਕੀ ਵਿਚ ਸਭ ਤੋਂ ਵਡੀ ਰੁਕਾਵਟ ਹੈ। ਪਰ ਫਿਰ ਵੀ ਤੈਨੂੰ ਜੋ ਚਾਂਸ ਅੰਗ੍ਰੇਜ਼ੀ ਫ਼ੌਜ ਵਿਚ ਮਿਲ ਸਕਦਾ ਹੈ, ਪਟਿਆਲੇ ਦੀ ਫ਼ੌਜ ਵਿਚ ਨਹੀਂ। ਉਹ ਇਕ ਰਿਆਸਤ ਦੀ ਛੋਟੀ ਜੇਹੀ ਫ਼ੌਜ ਹੈ, ਅੰਗ੍ਰੇਜ਼ੀ ਫ਼ੌਜ ਸਾਰੇ ਹਿੰਦੁਸਤਾਨ ਦੀ ਬਹੁਤ ਵਡੀ ਫ਼ੌਜ ਹੈ। ਜੋ ਤੈਨੂੰ ਅਸੀਂ ਦੇ ਸਕਦੇ ਹਾਂ, ਉਹ ਪਟਿਆਲੇ ਵਾਲੇ ਨਹੀਂ ਦੇ ਸਕਦੇ" ਕਰਤਾਰ ਸਿੰਘ ਨੂੰ ਕਰਨਲ ਦੀ ਇਹ ਦਲੀਲ ਪਸੰਦ ਆਈ ਤੇ ਉਸ ਨੇ ਪਟਿਆਲਾ ਫ਼ੌਜ ਵਾਲਿਆਂ ਨੂੰ ਜਵਾਬ ਦੇ ਦਿਤਾ।

ਉਸ ਇਲਾਕੇ ਦੇ ਪਠਾਣ, ਇਕ ਤਰ੍ਹਾਂ ਨਾਲ ਬਾਗੀ ਸਨ। ਉਹ ਅੰਗ੍ਰੇਜ਼ੀ ਕਾਨੂੰਨ ਨੂੰ ਨਹੀਂ ਮੰਨਦੇ ਸਨ ਤੇ ਅੰਗ੍ਰੇਜ਼ਾਂ ਨੂੰ ਨਫ਼ਰਤ ਕਰਦੇ ਸਨ। ਕਈ ਵਾਰੀ ਬਿਨਾਂ ਵਜ੍ਹਾ ਦੇ, ਐਵੇਂ ਪੰਗਾ ਲੈ ਲੈਂਦੇ ਸਨ। ਉਥੇ 'ਤਪੀ' ਨਾਮ ਦਾ ਪਠਾਣਾਂ ਦਾ ਇਕ ਪਿੰਡ ਸੀ। ਇਕ ਦਿਨ ਉਨ੍ਹਾਂ ਇਕ ਅੰਗ੍ਰੇਜ਼ ਕਰਨਲ ਨੂੰ ਇਕਲੇ ਗਸ਼ਤ ਕਰਦੇ ਵੇਖਿਆ ਤਾਂ ਅਚਣਚੇਤ ਛਾਪਾ ਮਾਰ ਕੇ ਉਸ ਨੂੰ ਗੋਲੀ ਮਾਰ ਕੇ ਮਾਰ ਦਿਤਾ। ਉਹ ਆਕੀ ਹੋਏ ਹੋਏ ਸਨ। ਜਦੋਂ ਦਾਅ ਲਗਦਾ, ਅਚਣਚੇਤ ਛਾਪੇ ਮਾਰ ਕੇ ਅੰਗ੍ਰੇਜ਼ਾਂ ਨੂੰ ਮਾਰ ਦੇਂਦੇ ਸਨ।

ਅੰਗ੍ਰੇਜ਼ ਕਰਨਲ ਦੀ ਮੌਤ ਪਿਛੋਂ, ਫ਼ੌਜ ਨੇ ਪਲਾਨ ਬਣਾਇਆ, ਕਿ ਉਸ ਪਿੰਡ ਤੇ ਹਮਲਾ ਕੀਤਾ ਜਾਏ, ਕਰਨਲ ਦੀ ਮੌਤ ਦਾ ਬਦਲਾ ਲਿਆ ਜਾਵੇ ਤੇ ਉਸ ਪਿੰਡ ਨੂੰ ਬਰਬਾਦ ਕਰਕੇ ਉਜਾੜ ਦਿਤਾ ਜਾਵੇ, ਪਰ ਅਗੋਂ ਪਠਾਣ ਵੀ ਚੂੜੀਆਂ ਪਾ ਕੇ ਨਹੀਂ ਬੈਠੇ ਸਨ। ਉਹ ਹਰ ਵੇਲੇ ਚੌਕੰਨੇ ਤੇ ਤਿਆਰ-ਬਰ-ਤਿਆਰ ਰਹਿੰਦੇ ਸਨ। ਆਪਣੀ ਪੂਰੀ ਹਿਫ਼ਾਜ਼ਤ ਲਈ ਹਰ ਵੇਲੇ ਚੌਂਕੀਦਾਰੀ ਕਰਦੇ ਤੇ ਪਹਿਰਾ ਦੇਂਦੇ ਸਨ। ਉਨ੍ਹਾਂ ਪਾਸ ਕਾਫ਼ੀ ਅਸਲਾ ਤੇ ਗੋਲਾ ਬਾਰੂਦ ਵੀ ਸੀ। ਇਸ ਲਈ ਕੋਈ ਇਕ ਪਾਸੜ ਗਲ ਨਹੀਂ ਹੋ ਸਕਦੀ ਸੀ। ਲੜਾਈ ਹੋਣੀ ਜ਼ਰੂਰੀ ਸੀ। ਜਦ ਫ਼ੌਜ ਨੇ ਪਠਾਣਾਂ ਦੇ ਉਸ ਪਿੰਡ ਤੇ ਹਮਲਾ ਕਰਨ ਦੀ ਯੋਜਨਾ ਬਣਾਈ ਤਾਂ ਪਹਿਲਾਂ ਹੌਲਦਾਰ ਨੇ, ਫਿਰ ਜਮਾਂਦਾਰ ਨੇ, ਤੇ ਫਿਰ ਸੂਬੇਦਾਰ ਨੇ ਕਰਤਾਰ ਸਿੰਘ ਨੂੰ ਬੁਲਾ ਕੇ ਕਿਹਾ ਕਿ "ਤੂੰ ਲੜਾਈ ਤੇ ਨਹੀਂ ਜਾਣਾ, ਇਥੇ ਪਿਛੇ ਹੀ ਰਹਿ ਅਤੇ ਆਪਣੀ ਦੌੜ ਦੀ ਪ੍ਰੈਕਟਿਸ ਕਰਦਾ ਰਹੁ, ਕਿਉਂਕਿ ਸਾਡਾ ਖੇਡਾਂ ਦਾ ਮੁਕਾਬਲਾ ਪਟਿਆਲੇ ਦੀ ਫ਼ੌਜ ਨਾਲ ਹੋਣਾ ਹੈ, ਤੇ ਅਸੀਂ ਚਾਹੁੰਦੇ ਹਾਂ ਕਿ ਤੂੰ ਪੰਜ ਮੀਲ ਦੀ ਦੌੜ ਵਿਚ, ਪਟਿਆਲਾ ਫ਼ੌਜ ਦੇ ਰੌਣਕ ਸਿੰਘ ਨੂੰ ਹਰਾ ਦੇਵੇਂ। ਸੋ ਤੇਰਾ ਇਥੇ ਹੀ ਪਿਛੇ ਰਹਿਣਾ ਠੀਕ ਹੈ। ਲੜਾਈ ਵਿਚ ਬੰਦਾ ਜ਼ਖ਼ਮੀ ਭੀ ਹੋ ਸਕਦਾ ਹੈ ਤੇ ਮਰ ਭੀ ਸਕਦਾ ਹੈ, ਅਜੇਹੀ ਕਿਸੇ ਭੀ ਸੂਰਤ ਵਿਚ ਸਾਡੇ ਪਾਸ ਪਟਿਆਲੇ ਵਾਲਿਆਂ ਨਾਲ ਦੌੜ ਦੇ ਮੁਕਾਬਲੇ ਵਿਚ ਹਿਸਾ ਲੈਣ ਵਾਲਾ ਹੋਰ ਕੋਈ ਬੰਦਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਪਰ ਕਰਤਾਰ ਸਿੰਘ ਨੇ ਕਿਹਾ "ਫ਼ੌਜ ਦਾ ਅਸਲ ਕੰਮ ਲੜਾਈ ਕਰਨਾ ਹੈ, ਖੇਡਾਂ ਨਹੀਂ, ਮੈਂ ਫ਼ੌਜ ਵਿਚ ਭਰਤੀ ਹੋਇਆ ਹਾਂ, ਤਾਂ ਮੈਨੂੰ ਲੜਾਈ ਵਿਚ ਪੂਰਾ ਹਿਸਾ ਲੈਣਾ ਚਾਹੀਦਾ ਹੈ। ਮੇਰੇ ਸਾਥੀ ਮੋਰਚੇ ਤੇ ਗੋਲੀਆਂ ਖਾ ਰਹੇ ਹੋਣ ਤੇ ਮੈਂ ਇਥੇ ਪਿਛੇ ਬੈਠਾ ਦੌੜਨ ਦੀ ਪ੍ਰੈਕਟਿਸ ਕਰਦਾ ਰਹਾਂ, ਇਹ ਮੇਰੇ ਲਈ ਨੇਕਨਾਮੀ ਵਾਲੀ ਗਲ ਨਹੀਂ, ਮੈਂ ਭੀ ਅਗੇ ਮੋਰਚੇ ਤੇ ਜਾਵਾਂਗਾ।"

ਹੌਲਦਾਰ, ਜਮਾਂਦਾਰ ਤੇ ਸੂਬੇਦਾਰ ਦੀ ਗਲ ਨਾਂ ਮੰਨਣ ਤੇ, ਉਸਨੂੰ ਕਰਨਲ ਨੇ ਬੁਲਾਇਆ ਤੇ ਕਿਹਾ, "ਕਰਤਾਰ ਸਿੰਘ ਤੇਰੇ ਪਾਸ ਪੜ੍ਹਾਈ ਦਾ ਕੋਈ ਸਰਟੀਫ਼ਿਕੇਟ ਨਹੀਂ, ਇਸ ਲਈ ਤੇਰੇ ਪਾਸ ਤਰੱਕੀ ਲੈਣ ਦਾ ਇਕੋ ਹੀ ਤਰੀਕਾ ਹੈ ਕਿ ਤੂੰ ਖੇਡਾਂ ਵਿਚ ਨਾਮ ਪੈਦਾ ਕਰ, ਪਿਛੇ ਰਹਿ ਕੇ ਪ੍ਰੈਕਟਿਸ ਕਰ ਤੇ ਪਟਿਆਲਾ ਦੀ ਫ਼ੌਜ ਤੋਂ ਖੇਡ ਵਿਚ ਜਿਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ, ਇਸ ਨਾਲ ਹੀ ਤੇਰੀ ਤਰੱਕੀ ਹੋਵੇਗੀ।"

ਪਰ ਕਰਤਾਰ ਸਿੰਘ ਮਨ ਵਿਚ ਸੋਚਦਾ ਸੀ, "ਮੇਰਾ ਪਿਛੇ ਕੋਈ ਵਾਲੀ ਵਾਰਸ ਨਹੀਂ। ਨਾ ਪਤਨੀ ਹੈ ਨਾ ਔਲਾਦ। ਐਵੇਂ ਰੋਟੀ ਖਾ ਕੇ ਜੀਵੀ ਜਾਣਾ ਕੋਈ ਜ਼ਿੰਦਗੀ ਦਾ ਮਨੋਰਥ ਨਹੀਂ। ਮੈਂ ਯਾ ਤਾਂ ਲੜਾਈ ਵਿਚ ਬਹਾਦਰੀ ਦਿਖਾ ਕੇ ਨਾਮ ਪੈਦਾ ਕਰਾਂ ਤੇ ਕੋਈ ਪਦਵੀ ਪਾਵਾਂ, ਨਹੀਂ ਤਾਂ ਬੇਸ਼ਕ ਮਰ ਹੀ ਜਾਵਾਂ, ਮੇਰਾ ਕੌਣ ਰੋਣ ਵਾਲਾ ਬੈਠਾ ਹੈ ? ਇਹ ਗਲ ਸੋਚ ਕੇ ਉਹ ਕਰਨਲ ਨੂੰ ਕਹਿਣ ਲਗਾ, "ਸਾਹਿਬ, ਮੈਂ ਲੜਾਈ ਵਿਚ ਜਾਣ ਲਈ ਹੀ ਫ਼ੌਜ ਵਿਚ ਭਰਤੀ ਹੋਇਆ ਹਾਂ, ਖੇਡਾਂ ਲਈ ਨਹੀਂ। ਲੜਾਈ ਵੇਲੇ ਆਪਣੇ ਸਾਥੀਆਂ ਤੋਂ ਪਿਛੇ ਰਹਿਣਾ, ਇਹ ਸਚੇ ਸਿਪਾਹੀ ਦਾ ਕੰਮ ਨਹੀਂ। ਮੇਰਾ ਮਨ ਇਹ ਗਲ ਨਹੀਂ ਮੰਨਦਾ। ਮੈਂ ਦ੍ਰਿੜ੍ਹ ਇਰਾਦੇ ਨਾਲ ਲੜਾਈ ਵਿਚ ਜਾਣਾ ਚਾਹੁੰਦਾ ਹਾਂ ਅਤੇ ਮੌਤ ਤੋਂ ਬਿਲਕੁਲ ਨਹੀਂ ਡਰਦਾ।"

ਉਸ ਦੀ ਇਹ ਗੱਲ ਸੁਣ ਕੇ ਸਾਰੇ ਫ਼ੌਜੀ ਤੇ ਅਫ਼ਸਰ ਹੈਰਾਨ ਹੋ ਗਏ ਤੇ ਕਹਿਣ ਲਗੇ, ਕਿ ਲੜਾਈ ਵੇਲੇ ਤਾਂ ਚੰਗੇ ਭਲੇ ਫ਼ੌਜੀ ਬੀਮਾਰ ਬਣਕੇ, ਜਾਂ ਕੋਈ ਹੋਰ ਬਹਾਨਾ ਕਰਕੇ ਪਿਛੇ ਰਹਿ ਜਾਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਅਜੀਬ ਆਦਮੀ ਹੈ, ਜਿਸ ਨੂੰ ਕਹਿੰਦੇ ਹਾਂ ਕਿ ਤੂੰ ਪਿਛੇ ਰਹਿਕੇ ਸਹੀ ਸਲਾਮਤ ਰਹੇਂ, ਪਰ ਇਹ ਖ਼ਾਹ ਮਖ਼ਾਹ ਮੌਤ ਦੇ ਮੂੰਹ ਵਿਚ ਜਾਣ ਲਈ ਕਾਹਲਾ ਹੈ। ਲੜਾਈ ਵਿਚ ਤਾਂ ਕਿਸੇ ਵੇਲੇ ਵੀ ਕਿਸੇ ਦੀ ਮੌਤ ਹੋ ਸਕਦੀ ਹੈ। ਪਰ ਕਰਤਾਰ ਸਿੰਘ ਦੀ ਲੜਾਈ ਵਿਚ ਜਾਣ ਦੀ ਪਕੀ ਜ਼ਿਦ ਵੇਖ ਕੇ ਸਾਰਿਆਂ ਨੂੰ ਉਸ ਦੀ ਗਲ ਮੰਨਣੀ ਪਈ। ਕਰਨਲ ਨੇ ਹੁਕਮ ਕੀਤਾ ਕਿ ਕਰਤਾਰ ਸਿੰਘ ਨੂੰ ਲੜਾਈ ਦਾ ਸਾਰਾ ਸਾਮਾਨ ਗੋਲਾ ਬਾਰੂਦ ਤੇ ਅਸਲਾ ਦੇ ਦਿਤਾ ਜਾਵੇ।

ਅਗਲੇ ਦਿਨ ਸਾਰੀ ਬਟਾਲੀਅਨ ਗਰਾਊਂਡ ਵਿਚ ਫ਼ਾਲਨ ਹੋਈ। ਵਖਰੇ ਵਖਰੇ ਸੈਕਸ਼ਨਾਂ ਦੇ ਵਖਰੇ ਵਖਰੇ ਕਮਾਂਡਰ ਨੀਯਤ ਹੋਏ। ਕਰਤਾਰ ਸਿੰਘ ਵਾਲਾ ਸੈਕਸ਼ਨ LMG ਸੈਕਸ਼ਨ ਸੀ। LMG ਇਕ ਵਡੀ ਗਨ ਦਾ ਨਾਂ ਸੀ। ਜੋ ਇਕ ਮਿੰਟ ਵਿਚ 1760 ਫ਼ਾਇਰ ਕਰਦੀ ਸੀ ਤੇ ਇਸ ਵਿਚ ਗੋਲੀਆਂ ਦਾ ਇਕ ਵਡਾ ਪਟਾ ਚਲਦਾ ਸੀ। ਜਦ ਸਾਰੀ ਫ਼ੌਜ ਅਟੈਨਸ਼ਨ ਹੋਈ ਖੜੀ ਸੀ ਤਾਂ ਗਰਮੀ ਜ਼ਿਆਦਾ ਹੋਣ ਕਰਕੇ ਸੈਕਸ਼ਨ ਕਮਾਂਡਰ ਨੂੰ ਚਕਰ ਆ ਗਿਆ, ਉਹ ਡਿਗ ਕੇ ਬੇਹੋਸ਼ ਹੋ ਗਿਆ ਅਤੇ ਉਸ ਨੂੰ ਚੁਕ ਕੇ ਹਸਪਤਾਲ



Sri Satguru Jagjit Singh Ji eLibrary NamdhariElibrary@gmail.com

ਪੁਚਾ ਦਿਤਾ ਗਿਆ। ਪਲਾਟੂਨ ਕਮਾਂਡਰ ਨੇ ਇਸ ਸੈਕਸ਼ਨ ਦੀ ਕਮਾਂਡ ਕਰਤਾਰ ਸਿੰਘ ਨੂੰ ਦੇ ਦਿਤੀ।

ਫ਼ੌਜ ਨੂੰ ਮਾਰਚ ਕਰਨ ਦਾ ਹੁਕਮ ਦੇ ਦਿਤਾ ਗਿਆ, ਉਸ ਪਿੰਡ ਵਲ ਜਾਣ ਵਾਲੀ ਸੜਕ ਦੋ ਪਹਾੜੀਆਂ ਦੇ ਵਿਚੋਂ ਜਾਂਦੀ ਸੀ। ਫ਼ੌਜੀ ਸਾਜ਼ ਸਾਮਾਨ, ਖਚਰਾਂ, ਖਚਰ ਗਡੀਆਂ ਅਤੇ ਜੀਪਾਂ ਤੇ ਲਦਿਆ ਹੋਇਆ ਸੀ, ਜੋ ਸਭ ਸੜਕ ਤੇ ਚਲ ਰਹੀਆਂ ਸਨ। ਉਨ੍ਹਾਂ ਦੀ ਹਿਫ਼ਾਜ਼ਤ ਲਈ ਫ਼ੌਜ ਦੋਹਾਂ ਪਾਸੇ ਪਹਾੜੀਆਂ ਦੇ ਉਤੇ ਚਲ ਰਹੀ ਸੀ ਤਾਂ ਜੋ ਉਹ ਸੜਕ ਤੇ ਟੁਰਨ ਵਾਲੀਆਂ ਗਡੀਆਂ ਤੇ ਸਾਜ਼ ਸਾਮਾਨ ਦੀ ਹਿਫ਼ਾਜ਼ਤ ਕਰ ਸਕੇ। ਜੇ ਦੁਸ਼ਮਨ ਕਿਧਰੇ ਘਾਤ ਲਗਾ ਕੇ ਬੈਠਾ ਹੋਵੇ ਤਾਂ ਉਸ ਤੇ ਨਿਗਾਹ ਵੀ ਰਖੀ ਜਾਵੇ ਤੇ ਲੋੜ ਪੈਣ ਤੇ ਉਸਦਾ ਮੁਕਾਬਲਾ ਕੀਤਾ ਜਾ ਸਕੇ। ਪਠਾਨ ਪਹਾੜਾਂ ਦੀ ਓਟ ਵਿਚ ਪਥਰਾਂ ਪਿਛੇ ਲੁਕ ਕੇ ਬੈਠਦੇ ਸਨ ਤੇ ਫ਼ਾਇੰਰਿਗ ਕਰਦੇ ਸਨ, ਉਹ ਕਈ ਵਾਰੀ ਫ਼ਾਇੰਰਿਗ ਕਰਕੇ ਪਥਰਾਂ ਪਿਛੋਂ ਹੀ ਲੁਕ ਕੇ ਹੀ ਭਜ ਜਾਂਦੇ ਸਨ।

ਫ਼ੌਜ ਇਸੇ ਤਰ੍ਹਾਂ ਤੁਰੀ ਜਾ ਰਹੀ ਸੀ, ਕਿ ਕਰਤਾਰ ਸਿੰਘ ਦੇ ਸੈਕਸ਼ਨ ਨੂੰ ਪਠਾਣਾਂ ਨੇ ਛਪ ਕੇ ਘੇਰਾ ਪਾ ਲਿਆ। ਪਲਾਟੂਨ ਕਮਾਂਡਰ ਨੇ ਪਤਾ ਲਗਣ ਤੇ ਆਪਣੇ ਹੈਡਕੁਆਟਰ ਨੂੰ ਇਤਲਾਅ ਦੇ ਕੇ ਹੋਰ ਫ਼ੌਜ ਮੰਗਵਾਈ ਜਿਸਨੇ ਫ਼ਾਇਰਿੰਗ ਕਰਕੇ ਇਸ ਸੈਕਸ਼ਨ ਨੂੰ ਉਸ ਘੇਰੇ ਵਿਚੋਂ ਬਾਹਰ ਕਢ ਲਿਆ ਤੇ ਬਚਾ ਲਿਆ, ਨਹੀਂ ਤਾਂ ਇਸ ਸੈਕਸ਼ਨ ਦੇ ਸਾਰੇ ਸਿਪਾਹੀ ਮਾਰੇ ਜਾਂਦੇ। ਇਸ ਸੈਕਸ਼ਨ ਅਤੇ ਹੋਰ ਮੰਗਾਈ ਫ਼ੌਜ ਦੀ ਗੋਲਾਬਾਰੀ ਕਰਕੇ, ਪਠਾਣ ਨਠ ਗਏ ਤੇ ਇਹ ਸੈਕਸ਼ਨ ਫਿਰ ਆਪਣੀ ਬਟਾਲੀਅਨ ਨਾਲ ਆ ਰਲਿਆ।

ਦੋ ਤਿੰਨ ਦਿਨ ਇਸੇ ਤਰ੍ਹਾਂ ਬਚਦੇ ਬਚਾਂਦੇ ਤੇ ਫ਼ਾਇਰਿੰਗ ਕਰਦੇ, ਫ਼ੌਜ ਉਸ ਪਿੰਡ ਦੇ ਬਾਹਰ ਪੁਜ ਗਈ। ਉਥੇ ਪਹਿਲਾਂ ਤੋਂ ਇਕ ਬਟਾਲੀਅਨ ਲਗੀ ਹੋਈ ਸੀ। ਜਿਸ ਦੀ ਬਦਲੀ ਕਰਕੇ ਵਾਪਸ ਭੇਜਣਾ ਸੀ। ਉਸ ਦੀ ਥਾਂ ਨਵੀਂ ਬਟਾਲੀਅਨ ਨੇ ਲੈਣੀ ਸੀ, ਇਸ ਤੋਂ ਪਹਿਲਾਂ ਭੀ ਕਈ ਬਟਾਲੀਅਨਾਂ ਉਥੇ ਪੋਸਟ ਕੀਤੀਆਂ ਗਈਆਂ ਸਨ, ਪਰ ਕੋਈ ਭੀ ਇਸ ਪਿੰਡ ਨੂੰ ਫ਼ਤਹਿ ਨਹੀਂ ਸੀ ਕਰ ਸਕੀ, ਇਸੇ ਲਈ ਸਿਖ ਬਟਾਲੀਅਨ ਨੂੰ ਭੇਜਿਆ ਗਿਆ ਸੀ। ਫ਼ੌਜ ਨੇ ਭੀ ਤੇ ਪਠਾਣਾਂ ਨੇ ਭੀ ਪਥਰਾਂ ਉਹਲੇ ਮੋਰਚੇ ਬਣਾਏ ਹੋਏ ਸਨ। ਦੋਹਾਂ ਪਾਸਿਓਂ ਫ਼ਾਇਰਿੰਗ ਹੁੰਦੀ ਰਹਿੰਦੀ ਸੀ। ਪਰ ਫ਼ੌਜ ਨੂੰ ਕੋਈ ਕਾਮਯਾਬੀ ਨਹੀਂ ਸੀ ਮਿਲੀ। ਇਕ ਮੁਸਲਮਾਨ ਲੈਫਟੀਨੈਂਟ, ਜੋ ਪਲਾਟੂਨ ਦਾ 2nd in Command ਸੀ, ਨੇ ਕਰਤਾਰ ਸਿੰਘ ਨੂੰ ਦਸਿਆ ਕਿ "ਇਥੇ ਸਾਡੇ ਕਾਫ਼ੀ ਜੁਆਨ ਮਾਰੇ ਜਾ ਚੁਕੇ ਹਨ, ਇਕ ਪਲਾਟੂਨ ਕਮਾਂਡਰ ਭੀ ਮਾਰਿਆ ਜਾ ਚੁਕਾ ਹੈ, ਤੁਸੀਂ ਸਿਖ ਰੈਜਮੈਂਟ ਵਾਲੇ ਖ਼ਾਹ ਮਖ਼ਾਹ ਕਿਉਂ ਮੌਤ ਦੇ ਮੂੰਹ ਵਿਚ ਆਏ ਹੋ ?"

ਕਰਤਾਰ ਸਿੰਘ ਨੇ ਕਿਹਾ, "ਸਾਹਿਬ, ਇਹ ਲੜਾਈ ਹੈ, ਲੜਾਈ ਵਿਚ ਤਾਂ ਅਸੀਂ ਭੀ ਮਰਾਂਗੇ ਤੇ ਦੁਸ਼ਮਨ ਭੀ ਮਰੇਗਾ, ਅਸੀਂ ਇਥੇ ਘਿਉ ਸ਼ਕਰ ਖਾਣ ਤਾਂ ਨਹੀਂ ਆਏ, ਲੜਨ ਮਰਨ ਲਈ ਹੀ ਆਏ ਹਾਂ ਤੇ ਜਦੋਂ ਲੜਾਈ ਦੇ ਮੈਦਾਨ ਵਿਚ ਆਈਦਾ ਹੈ ਤਾਂ ਸਿਰ ਤਲੀ ਤੇ ਰਖ ਕੇ ਆਣਾ ਪੈਂਦਾ ਹੈ। ਸਾਡਾ ਤਾਂ ਨਾਅਰਾ ਹੈ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਅਸੀਂ ਵਾਹਿਗੁਰੂ ਦੇ ਹਾਂ ਤੇ ਫ਼ਤਹਿ ਵਾਹਿਗੁਰੂ ਦੀ ਹੀ ਹੁੰਦੀ ਹੈ। ਇਸ ਲਈ ਸਾਨੂੰ ਕਿਸੇ ਗਲ ਦੀ ਕੋਈ ਚਿੰਤਾ ਨਹੀਂ।"



Sri Satguru Jagjit Singh Ji eLibrary NamdhariElibrary@gmail.com

ਕਰਤਾਰ ਸਿੰਘ ਦਾ ਇਹ ਉਤਰ ਸੁਣ ਕੇ ਮੁਸਲਮਾਨ ਲੈਫ਼ਟੀਨੈਂਟ ਲਾਜਵਾਬ ਹੋ ਗਿਆ।

ਅੰਗ੍ਰੇਜ਼ ਕੰਪਨੀ ਕਮਾਂਡਰ ਮੇਜਰ ਪਾਰਕਨ ਕਰਤਾਰ ਸਿੰਘ ਦੇ ਪਾਸ ਆਇਆ ਤੇ ਕਹਿਣ ਲਗਾ, "ਕਰਤਾਰ ਸਿੰਘ, ਕਿਆ ਤੁਮ ਅਗਲੇ ਮੋਰਚੇ ਮੇਂ ਜਾਓਗੇ ?" ਕਰਤਾਰ ਸਿੰਘ ਵਿਚ ਉਸ ਵੇਲੇ ਕੋਈ ਅਥਾਹ ਜੋਸ਼ ਤੇ ਅਗਮੀ ਸ਼ਕਤੀ ਆ ਗਈ ਸੀ। ਉਹ ਗੁਰੂ ਨਾਨਕ ਦਾ ਅਨਿੰਨ ਭਗਤ ਸੀ ਤੇ ਪੂਰਾ ਵਿਸ਼ਵਾਸ ਤੇ ਯਕੀਨ ਰਖਦਾ ਸੀ। ਉਸ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ ਗੁਰੂ ਨਾਨਕ ਸਦਾ ਉਸ ਦੇ ਨਾਲ ਹੈ, ਅੰਗ ਸੰਗ ਹੈ ਤੇ ਰਖਵਾਲਾ ਹੈ। ਗੁਰਬਾਣੀ ਦੀਆਂ ਇਹ ਤੁਕਾਂ, ਉਸ ਦੇ ਜੀਵਨ ਵਿਚ ਰਚ ਚੁਕੀਆਂ ਸਨ।

"ਗੁਰੂ ਮੇਰੇ ਸੰਗ ਸਦਾ ਹੈ ਨਾਲੇ,
ਸਿਮਰ ਸਿਮਰ ਤਿਸ ਸਦਾ ਸਮਾਲੇ।"

ਤਥਾ

"ਤੂੰ ਮੇਰਾ ਰਾਖਾ ਸਭਨੀ ਥਾਈਂ,
ਤਾਂ ਭਉ ਕੇਹਾ ਕਾੜਾ ਜੀਓ॥"

ਤਥਾ

ਜਿਸਦਾ ਤੂੰ ਰਖਵਾਲਾ, ਮਾਰੇ ਤਿਸ ਕੌਣ॥

ਜਾਂ

ਜਿਸਦਾ ਸਾਹਿਬ ਡਾਢਾ ਹੋਇ
ਤਿਸ ਨੂੰ ਮਾਰ ਨਾ ਸਾਕੇ ਕੋਇ॥

ਉਸ ਨੇ ਅੰਗ੍ਰੇਜ਼ ਕਮਾਂਡਰ ਨੂੰ ਗਜ ਕੇ ਕਿਹਾ "ਹਾਂ ਸਾਹਿਬ, ਮੈਂ ਅਗਲੇ ਮੋਰਚੇ ਵਿਚ ਜ਼ਰੂਰ ਜਾਵਾਂਗਾ। ਕਰਤਾਰ ਸਿੰਘ ਵਾਲੀ ਫ਼ੌਜ ਤੇ ਪਠਾਣਾਂ ਦੇ ਮੋਰਚਿਆਂ ਦਰਮਿਆਨ ਸਿਰਫ਼ ਚਾਰ ਸੌ ਗਜ਼ ਦਾ ਫ਼ਰਕ ਸੀ ਤੇ ਦੋਹਾਂ ਪਾਸਿਆਂ ਤੋਂ ਗੋਲੀਆਂ ਦੀ ਬਛਾੜ ਹੋ ਰਹੀ ਸੀ। ਕਰਤਾਰ ਸਿੰਘ ਦੇ ਮਨ ਚੋਂ ਆਵਾਜ਼ ਆ ਰਹੀ ਸੀ "ਮੈਂ ਅਗਲੇ ਮੋਰਚੇ ਤਕ ਜ਼ਰੂਰ ਪਹੁੰਚਣਾ ਹੈ। ਉਥੋਂ ਪਹੁੰਚਣ ਤੋਂ ਮੈਨੂੰ ਕੋਈ ਰੋਕ ਨਹੀਂ ਸਕਦਾ। ਉਥੇ ਪੁਜ ਕੇ ਵੇਖਾਂਗਾ, ਕਿ ਮੈਂ ਜੀਉਂਦਾ ਬਚਦਾ ਹਾਂ, ਜਾਂ ਮਰਦਾ ਹਾਂ।"

ਕਮਾਂਡਰ ਨੇ ਬਾਕੀ ਦੀਆਂ ਕੰਪਨੀਆਂ ਨੂੰ ਦੁਸ਼ਮਨ ਵਲ ਫ਼ਾਇਰਿੰਗ ਕਰਨ ਦਾ ਹੁਕਮ ਦਿਤਾ। ਕਰਤਾਰ ਸਿੰਘ ਤੇ ਉਸ ਦੇ ਸਭ ਸਾਥੀਆਂ ਨੇ ਉਸ ਗੋਲਾਬਾਰੀ ਦੀ ਆੜ ਵਿਚ ਅਗੇ ਵਧਣ ਦਾ ਯਤਨ ਸ਼ੁਰੂ ਕੀਤਾ। ਪਥਰਾਂ ਦੀ ਓਟ ਚੋਂ ਨਿਕਲ ਕੇ, ਇਕ ਪਥਰ ਦੀ ਦੀਵਾਰ ਦੇ ਉਪਰੋਂ ਛਾਲਾਂ ਮਾਰ ਕੇ, ਇਹ ਅਠ ਆਦਮੀ ਅਗੇ ਵਧੇ। ਹਲਾ ਬੋਲਣ ਤੋਂ ਪਹਿਲਾਂ ਇੰਨਾ ਉਚੀ ਆਵਾਜ਼ ਵਿਚ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੁਲਾਈ ਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡੇ। ਹਲਾ ਬੋਲਣ ਤੋਂ ਪਹਿਲਾਂ ਸਿਖ ਰੈਜਮੈਂਟ ਦਾ ਇਹ ਦਸਤੂਰ ਸੀ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਣਾ, ਉਹਨਾਂ ਵਲੋਂ ਇਕ ਤਰ੍ਹਾਂ ਨਾਲ ਆਪਣੇ ਸਾਥੀਆਂ ਨੂੰ ਆਖ਼ਰੀ ਪ੍ਰਣਾਮ ਭੀ ਹੁੰਦੀ ਸੀ, ਕੀ ਪਤਾ ਕਿਸੇ ਨੇ ਜੀਉਂਦਾ ਮੁੜਨਾ ਭੀ ਹੈ ਕਿ ਨਹੀਂ।



Sri Satguru Jagjit Singh Ji eLibrary NamdhariElibrary@gmail.com

ਅਗੇ ਵਧਣ ਵਾਲੇ ਅੱਠ ਆਦਮੀਆਂ ਵਿਚੋਂ, ਕੇਵਲ ਇਕ ਦੇ ਪਾਸ ਵਡੀ LMG ਗਨ ਹੁੰਦੀ ਸੀ, ਬਾਕੀ ਸਤਾਂ ਪਾਸ ਰਾਈਫਲਾਂ ਹੁੰਦੀਆਂ ਸਨ। ਜੇ LMG ਗਨ ਵਾਲਾ ਆਦਮੀ ਮਰ ਜਾਏ, ਜਾਂ ਜ਼ਖ਼ਮੀ ਹੋ ਜਾਵੇ, ਤਾਂ ਉਸ ਦੇ ਨਾਲ ਦਾ ਆਦਮੀ, ਆਪਣੀ ਰਾਈਫਲ ਉਸ ਮਰਨ ਵਾਲੇ ਪਾਸ ਸੁਟ ਕੇ LMG ਗਨ ਸੰਭਾਲ ਲੈਂਦਾ ਸੀ।

ਇਨ੍ਹਾਂ ਅਠਾਂ ਆਦਮੀਆਂ ਵਿਚੋਂ, ਛੇ ਬੰਦੇ ਰਸਤੇ ਵਿਚ ਹੀ, ਇਕ ਇਕ ਕਰਕੇ, ਰਹਿ ਗਏ। ਕੋਈ ਜ਼ਖ਼ਮੀ ਹੋ ਗਿਆ ਤੇ ਕੋਈ ਮਰ ਗਿਆ। ਕੇਵਲ ਬਾਕੀ ਦੇ ਦੋ ਬੰਦੇ, ਬਾਪੂ ਕਰਤਾਰ ਸਿੰਘ ਤੇ ਗਨਮੈਨ ਰਤਨ ਸਿੰਘ ਹੀ, ਪਠਾਣਾਂ ਦੇ ਮੋਰਚੇ ਤਕ ਪੁਜ ਸਕੇ।

ਅਗੇ ਇਕ ਪਠਾਣ, ਦੀਵਾਰ ਦੇ ਉਤੇ ਗਨ ਲਗਾ ਕੇ ਖੜਾ ਸੀ। ਉਸਨੇ ਇਨ੍ਹਾਂ ਦੋਹਾਂ ਉਤੇ ਗੋਲੀਆਂ ਦਾ ਬਰੱਸਟ ਮਾਰਿਆ, ਪਰ ਦੋਵੇਂ ਬਚ ਗਏ। ਕਰਤਾਰ ਸਿੰਘ ਪਾਸ, ਥੈਲੇ ਵਿਚ ਹੈਂਡ ਗ੍ਰੇਨੇਡ ਸਨ। ਇਕ ਗ੍ਰੇਨੇਡ ਵਿਚ 48 ਗੋਲੀਆਂ ਹੁੰਦੀਆਂ ਸਨ ਤੇ ਜਦੋਂ ਗ੍ਰੇਨੇਡ, ਜ਼ੋਰ ਨਾਲ ਪਥਰਾਂ ਵਿਚ ਫਟਦਾ ਸੀ ਤਾਂ ਉਸਦੇ ਨਾਲ 48 ਟੁਕੜੇ ਪਥਰਾਂ ਦੇ ਭੀ, ਗੋਲੀਆਂ ਵਾਂਗ ਉਡਦੇ ਸਨ। ਇਸ ਤਰ੍ਹਾਂ ਉਸ ਪਹਾੜੀ ਇਲਾਕੇ ਵਿਚ ਇਕ ਗ੍ਰੇਨੇਡ ਭੀ ਸੌ ਗੋਲੀਆਂ ਦਾ ਕੰਮ ਕਰਦਾ ਸੀ। ਕਰਤਾਰ ਸਿੰਘ ਨੇ ਵਾਰੀ ਵਾਰੀ ਦਸ ਬਾਰਾਂ ਗ੍ਰੇਨੇਡ ਸੁਟੇ। ਜਿਨ੍ਹਾਂ ਨਾਲ ਪਠਾਣਾਂ ਦਾ ਉਹ ਮੋਰਚਾ ਉਡ ਗਿਆ। ਪਠਾਣ ਬਾਹਰ ਨਿਕਲ ਕੇ ਪਿਛਲੇ ਮੋਰਚਿਆਂ ਵਲ ਭਜੇ।

ਉਹਨਾਂ ਨੂੰ ਭਜਦਿਆਂ ਵੇਖ ਕੇ ਰਤਨ ਸਿੰਘ ਕਹਿਣ ਲਗਾ ਕਿ ਇਹਨਾਂ ਨੂੰ ਅਗੋਂ ਹੋ ਕੇ ਗਨ ਦਾ ਬਰੱਸਟ ਮਾਰੀਏ। ਕਰਤਾਰ ਸਿੰਘ ਨੇ ਕਿਹਾ ਕਿ "ਨਹੀਂ ਇਹ ਗਲ ਠੀਕ ਨਹੀਂ ਜਾਪਦੀ, ਕਿਉਂਕਿ ਹੁਣ ਅਸੀਂ ਦੋ ਹੀ ਰਹਿ ਗਏ ਹਾਂ ਤੇ ਸਾਨੂੰ ਸੰਭਲ ਸੰਭਲ ਕੇ, ਧਿਆਨ ਤੇ ਹੁਸ਼ਿਆਰੀ ਨਾਲ, ਆਪਣਾ ਬਚਾ ਕਰਨਾ ਚਾਹੀਦਾ ਹੈ। ਪਰ ਰਤਨ ਸਿੰਘ ਕਹਿਣ ਲਗਾ, "ਕਰਤਾਰ ਸਿਆਂ, ਹੁਣ ਡਰਦਾ ਕਿਉਂ ਏ। ਪਹਿਲਾਂ ਤਾਂ ਬੜਾ ਬਹਾਦਰ ਬਣਦਾ ਸੈਂ, ਹੁਣ ਕਿਉਂ ਝਕਨਾ ਏਂ, ਹੌਂਸਲਾ ਰਖ। ਚਲਣਾ ਏਂ ਤਾਂ ਅਗੇ ਮੇਰੇ ਨਾਲ ਟੁਰ", ਰਤਨ ਸਿੰਘ ਦਾ ਇਹ ਮੇਹਣਾ ਸੁਣ ਕੇ ਕਰਤਾਰ ਸਿੰਘ ਵੀ ਉਸ ਦੇ ਨਾਲ ਅਗੇ ਟੁਰ ਪਿਆ। ਅਗ਼ੇ ਇਕ ਮੋਰਚੇ ਨੂੰ ਪਠਾਣ ਛੱਡ ਗਏ ਸਨ, ਪਰ ਉਸ ਦੀ ਦੀਵਾਰ ਪਿਛੇ ਇਕ ਜ਼ਖ਼ਮੀ ਪਠਾਣ ਡਿਗਾ ਪਿਆ ਸੀ ਤੇ ਉਸ ਦੇ ਪਾਸ ਰਾਈਫਲ ਸੀ। ਜਦੋਂ ਹੀ ਰਤਨ ਸਿੰਘ ਨੇ ਦੀਵਾਰ ਦੇ ਉਤੋਂ ਮੂੰਹ ਕਢ ਕੇ ਥਲੇ ਝਾਂਕਿਆ, ਤਾਂ ਉਸ ਜ਼ਖ਼ਮੀ ਪਠਾਣ ਨੇ ਰਾਈਫਲ ਨਾਲ ਉਸ ਦੇ ਮੂੰਹ ਵਿਚ ਗੋਲੀ ਮਾਰ ਦਿਤੀ। ਰਤਨ ਸਿੰਘ ਆਪਣੀ LMG ਗਨ ਸਮੇਤ ਪਿਛਾਂਹ ਨੂੰ ਡਿਗਾ। ਜੇ ਉਹ ਅਗੇ ਵਲ ਪਠਾਣਾਂ ਦੇ ਮੋਰਚੇ ਵਿਚ ਡਿਗਦਾ, ਤਾਂ ਉਹ ਗਨ, ਉਸ ਪਠਾਣ ਦੇ ਹੱਥ ਆ ਜਾਣੀ ਸੀ। ਪਰ ਉਹ ਪਿਛਾਂਹ ਵਲ ਡਿਗਿਆ।

ਕਰਤਾਰ ਸਿੰਘ ਨੇ ਝਟ ਆਪਣੀ ਰਾਈਫਲ ਸੁਟ ਕੇ ਓਹ ਗਨ ਸੰਭਾਲ ਲਈ। ਉਸ ਗਨ ਵਿਚ ਹੁਣ ਗੋਲੀਆਂ ਦਾ ਆਖ਼ਰੀ ਪਟਾ ਚੜ੍ਹਿਆ ਹੋਇਆ ਸੀ ਤੇ ਇਸ ਤੋਂ ਬਾਅਦ ਕੋਈ ਹੋਰ ਪਟਾ ਜਾਂ ਗੋਲਾ ਬਾਰੂਦ ਵੀ ਪਾਸ ਨਹੀਂ ਸੀ। ਕਰਤਾਰ ਸਿੰਘ ਨੂੰ ਇਕਲਾ ਰਹਿ ਗਿਆ ਵੇਖ ਕੇ, ਪਠਾਣਾਂ ਨੇ ਖ਼ੁਸ਼ੀ ਦਾ ਨਾਅਰਾ ਮਾਰਿਆ, ਕਿ ਅਠਾਂ ਵਿਚੋਂ, ਹੁਣ ਇਹ ਇਕੱਲਾ ਹੀ ਰਹਿ ਗਿਆ ਹੈ। ਇਹ ਹੁਣ ਸਾਥੋਂ ਬਚ ਕੇ ਕਿਥੇ



Sri Satguru Jagjit Singh Ji eLibrary NamdhariElibrary@gmail.com

ਜਾਵੇਗਾ। ਇਸ ਨੂੰ ਵੀ ਹੁਣੇ ਮਾਰ ਕੇ ਇਸ ਦੇ ਸਾਥੀਆਂ ਪਾਸ ਪੁਚਾ ਦੇਵਾਂਗੇ ਤੇ ਇਸ ਤਰ੍ਹਾਂ ਅਠਵਾਂ ਬੰਦਾ ਮਰਨ ਨਾਲ ਇਸ ਸੈਕਸ਼ਨ ਦਾ ਪੂਰਾ ਪੂਰਾ ਸਫ਼ਾਇਆ ਹੋ ਜਾਵੇਗਾ।

ਉਨ੍ਹਾਂ ਨੇ ਕਰਤਾਰ ਸਿੰਘ ਤੇ ਹਮਲਾ ਕਰ ਦਿਤਾ, ਇਕ ਪਠਾਣ ਨੇ ਰਾਈਫ਼ਲ ਨਾਲ ਕਰਤਾਰ ਸਿੰਘ ਤੇ ਗੋਲੀ ਚਲਾਈ, ਜੋ ਉਸ ਦੇ ਖਬੇ ਮੋਢੇ ਵਿਚ ਲਗੀ, ਪਰ ਉਸ ਨੇ ਸਜੇ ਹੱਥ ਵਿਚ LMG ਗਨ ਨੂੰ ਕਾਬੂ ਰਖਿਆ। ਗੁਰੂ ਨਾਨਕ ਨੂੰ ਯਾਦ ਕਰਕੇ ਲਲਕਾਰਾ ਮਾਰਿਆ। ਇਹ ਉਸ ਦਾ ਆਖ਼ਰੀ ਇਮਤਿਹਾਨ ਸੀ। ਉਸ ਨੂੰ ਪਤਾ ਸੀ ਕਿ ਹੁਣ ਜਾਂ ਮਰ ਜਾਣਾ ਹੈ ਜਾਂ ਮਾਰ ਲੈਣਾ ਹੈ। ਉਹ ਇਕੱਲਾ ਸੀ ਤੇ ਉਹ ਕਈ ਸਨ। ਉਸ ਨੇ ਵਾਹਿਗੁਰੂ ਆਖ ਕੇ, ਉਨ੍ਹਾਂ ਵਲ ਗਨ ਦਾ ਮੂੰਹ ਕਰਕੇ, ਸਜੇ ਤੋਂ ਖਬੇ ਵਲ ਬਰਸਟ ਮਾਰਿਆ। ਜਿਸ ਨਾਲ ਇਕੋ ਵਾਰੀ ਕਈ ਪਠਾਣ ਢੇਰੀ ਹੋ ਗਏ। ਇਹ ਵੇਖ ਕੇ ਬਾਕੀ ਦੇ ਘਬਰਾ ਗਏ ਤੇ ਨੱਠ ਖੜੇ ਹੋਏ। ਉਨ੍ਹਾਂ ਦਾ ਖਿਆਲ ਸੀ ਕਿ ਜੇ ਕਰਤਾਰ ਸਿੰਘ ਨੇ LMG ਦਾ ਇਕ ਬਰਸਟ ਹੋਰ ਮਾਰਿਆ ਤਾਂ ਉਨ੍ਹਾਂ ਚੋਂ ਕੋਈ ਵੀ ਨਹੀਂ ਬਚੇਗਾ। ਉਨ੍ਹਾਂ ਨੂੰ ਕੀ ਪਤਾ ਸੀ ਕਿ ਕਰਤਾਰ ਸਿੰਘ ਪਾਸ ਵੀ ਗੋਲੀਆਂ ਦੀ ਹੋਰ ਕੋਈ ਪੇਟੀ ਨਹੀਂ, ਤੇ ਉਸ ਦਾ ਦਾਰੂ ਸਿਕਾ ਭੀ ਮੁਕ ਚਲਿਆ ਸੀ।

ਏਨੇ ਵਿਚ ਪਿਛੋਂ ਬਟਾਲੀਅਨ ਵੀ ਐਡਵਾਂਸ ਕਰ ਕੇ ਪਹੁੰਚ ਗਈ। ਅੰਗ੍ਰੇਜ਼ ਕਰਨਲ ਕਰਤਾਰ ਸਿੰਘ ਦੀ ਬਹਾਦਰੀ ਤੇ ਦਲੇਰੀ ਵੇਖ ਕੇ ਦੰਗ ਰਹਿ ਗਿਆ ਤੇ ਉਸ ਨੂੰ ਘੁਟ ਕੇ ਜਫੀ ਪਾ ਲਈ ਤੇ ਖ਼ੂਬ ਥਾਪੀਆਂ ਦਿਤੀਆਂ। ਬਾਕੀ ਫ਼ੌਜੀ ਵੀ ਕਰਤਾਰ ਸਿੰਘ ਦੀ ਜਾਨ ਹੂਲ ਕੇ ਵਿਖਾਈ ਬਹਾਦਰੀ ਤਕ ਕੇ ਅਸ਼-ਅਸ਼ ਕਰ ਉਠੇ। ਅੰਗ੍ਰੇਜ਼ ਕਰਨਲ ਨੇ ਉਥੇ ਮੋਰਚੇ ਵਿਚ ਖੜੇ ਖੜੇ ਹੀ ਕਹਿ ਦਿਤਾ ਕਿ ਉਹ ਕਰਤਾਰ ਸਿੰਘ ਨੂੰ, ਲੈਂਸ, ਨਾਇਕ ਤੇ ਹੌਲਦਾਰ ਦੀਆਂ ਤਿੰਨੇ ਤਰੱਕੀਆਂ ਇਕੱਠੀਆਂ ਦੇ ਰਿਹਾ ਹੈ। ਉਸ ਇਹ ਵੀ ਐਲਾਨ ਕੀਤਾ, ਕਿ ਬਹਾਦਰੀ ਦਾ ਇਨਾਮ IDSM ਭੀ ਕਰਤਾਰ ਸਿੰਘ ਨੂੰ ਦਿਤਾ ਜਾਵੇਗਾ।

ਜ਼ਖ਼ਮੀ ਕਰਤਾਰ ਸਿੰਘ ਨੂੰ ਉਥੋਂ ਬੰਨੂੰ ਦੇ ਫ਼ੌਜੀ ਹਸਪਤਾਲ ਵਿਚ ਘਲ ਦਿਤਾ ਗਿਆ। ਜਿਥੇ ਉਸ ਦਾ ਨੌਂ-ਦਸ ਮਹੀਨੇ ਇਲਾਜ ਹੁੰਦਾ ਰਿਹਾ। ਹੁਣ ਉਹ ਹਵਾਲਦਾਰ ਬਣ ਚੁਕਾ ਸੀ। ਉਥੇ ਇਕ ਮੁਸਲਮਾਨ ਡਾਕਟਰ ਸੀ, ਜੋ ਕਰਤਾਰ ਸਿੰਘ ਦੇ ਕਈ ਪਠਾਣ ਮੁਸਲਮਾਨਾਂ ਨੂੰ ਮਾਰਨ ਦੀ ਬਹਾਦਰੀ ਤੇ ਦਿਲੋਂ ਖ਼ੁਸ਼ ਨਹੀਂ ਸੀ। ਉਹ ਕਹਿਣ ਲਗਾ, ਕਿ ਉਹ ਕਰਤਾਰ ਸਿੰਘ ਨੂੰ Unfit ਕਰਕੇ, ਹੌਲਦਾਰੀ ਦੀ 27 ਰੁਪਏ ਮਹੀਨਾ ਪੈਨਸ਼ਨ ਦੇਣ ਦੀ ਸਫ਼ਾਰਸ਼ ਕਰ ਰਿਹਾ ਹੈ। ਕਰਤਾਰ ਸਿੰਘ ਉਸ ਦੇ ਇਸ ਫ਼ੈਸਲੇ ਨਾਲ ਖ਼ੁਸ਼ ਨਹੀਂ ਸੀ। ਉਹ ਅਜੇ ਫ਼ੌਜ ਵਿਚ ਰਹਿਣਾ ਚਾਹੁੰਦਾ ਸੀ। ਉਸ ਨੇ ਗੁਰੂ ਨਾਨਕ ਨੂੰ ਯਾਦ ਕਰਕੇ ਅਰਦਾਸ ਕੀਤੀ ਕਿ ਮੁਸਲਮਾਨ ਡਾਕਟਰ ਇਹ ਫ਼ੈਸਲਾ ਨਾ ਕਰੇ। ਬੰਨੂੰ ਮਿਲਟਰੀ ਹਸਪਤਾਲ ਵਿਚ ਕਰਤਾਰ ਸਿੰਘ ਹਰ ਵੇਲੇ ਗੁਰੂ ਨਾਨਕ ਦਾ ਨਾਮ ਜਪਦਾ ਰਹਿੰਦਾ ਸੀ। ਮੰਜੇ ਤੇ ਲੇਟੇ ਲੇਟੇ ਉਸ ਦਾ ਧਿਆਨ ਹਰ ਵੇਲੇ ਗੁਰੂ ਨਾਨਕ ਦੇ ਚਰਨਾਂ ਵਲ ਲਗਾ ਰਹਿੰਦਾ ਸੀ। ਇਕ ਦਿਨ ਉਸ ਨੂੰ ਸੁਪਨਾ ਆਇਆ ਕਿ ਫ਼ੌਜ ਦਾ ਗੁੰਥੀ, ਉਸ ਨੂੰ ਸਮੁੰਦਰੀ ਜਹਾਜ਼ ਵਿਚ ਚੜ੍ਹਾ ਰਿਹਾ ਹੈ, ਤੇ ਫਿਰ ਫ਼ੌਜ ਅਗੇ, ਜਿਸ ਥਾਂ ਤੇ ਜਹਾਜ਼ ਤੋਂ ਉਤਰੀ ਹੈ, ਉਥੇ ਲੜਾਈ ਲਗੀ ਹੋਈ ਹੈ ਤੇ ਉਹ ਵੀ ਲੜਾਈ



Sri Satguru Jagjit Singh Ji eLibrary NamdhariElibrary@gmail.com

ਵਿਚ ਸ਼ਾਮਲ ਹੋ ਕੇ, ਅਗੇ ਹੋ ਕੇ ਲੜ ਰਿਹਾ ਹੈ। ਇਸ ਤਰ੍ਹਾਂ ਹੋਣ ਵਾਲੀ ਜੰਗ ਦਾ ਨਜ਼ਾਰਾ ਪਹਿਲਾਂ ਹੀ ਉਸਨੇ ਸੁਪਨੇ ਵਿਚ ਵੇਖ ਲਿਆ, ਜੋ ਮਗਰੋਂ ਸਚ ਨਿਕਲਿਆ।

ਉਹਨੀਂ ਦਿਨੀਂ ਹੀ ਅੰਗ੍ਰੇਜ਼ ਕਮਾਂਡਰ ਜੋ ਮਦਰਾਸ ਚਲਾ ਗਿਆ ਸੀ, ਬੰਨੂੰ ਆਇਆ ਤੇ ਹਸਪਤਾਲ ਵਿਚ ਵੀ ਚਕਰ ਲਗਾਇਆ। ਮੁਸਲਮਾਨ ਡਾਕਟਰ ਨੇ ਉਸ ਨੂੰ ਦਸਿਆ, ਕਿ ਉਹ ਕਰਤਾਰ ਸਿੰਘ ਨੂੰ ਅਨਫ਼ਿਟ ਕਰਕੇ, ਪੈਨਸ਼ਨ ਤੇ ਭੇਜਣ ਦੀ ਸਫਾਰਿਸ਼ ਕਰਨਾ ਚਾਹੁੰਦਾ ਹੈ। ਅੰਗ੍ਰੇਜ਼ ਕਰਨਲ ਕਹਿਣ ਲਗਾ, ਕਿ ਉਹ ਇਸ ਬਾਰੇ ਕਰਤਾਰ ਸਿੰਘ ਨਾਲ ਗਲ ਕਰਨੀ ਚਾਹੁੰਦਾ ਹੈ, ਕਿ ਉਸ ਦੀ ਕੀ ਮਰਜ਼ੀ ਹੈ।

ਕਰਨਲ ਨੇ ਕਰਤਾਰ ਸਿੰਘ ਨੂੰ ਬੁਲਾਇਆ ਤੇ ਕਹਿਣ ਲਗਾ "ਕਰਤਾਰ ਸਿੰਘ ਤੁਮ ਕਿਆ ਮਾਂਗਟਾਂ ਹੈ, ਨੌਕਰੀ ਕਰਨੀ ਮਾਂਗਤਾ ਯਾ ਪੈਨਸ਼ਨ ਜਾਣਾ ਮਾਂਗਤਾ" ਕਰਤਾਰ ਸਿੰਘ ਨੇ ਕਿਹਾ "ਸਾਹਬ ਮੈਂ ਤਾਂ ਫ਼ੌਜੀ ਨੌਕਰੀ ਲਈ ਹੀ ਭਰਤੀ ਹੋਇਆ ਸਾਂ, ਛੇਤੀ ਪੈਨਸ਼ਨ ਲੈਣ ਲਈ ਨਹੀਂ। ਮੈਂ ਬਹਾਦਰੀ, ਨੌਕਰੀ ਵਿਚ ਤਰੱਕੀ ਪਾਣ ਤੇ ਨਾਮ ਪੈਦਾ ਕਰਨ ਲਈ ਦਿਖਾਈ ਸੀ, ਪੈਨਸ਼ਨ ਲੈ ਕੇ ਰਿਟਾਇਰ ਹੋਣ ਲਈ ਨਹੀਂ।"

ਕਮਾਂਡਰ ਨੇ ਫਿਰ ਪੁਛਿਆ "ਕਿਆ ਤੁਮ ਹਮਾਰੇ ਸਾਥ ਮਦਰਾਸ ਜਾਨੇ ਕੋ ਤਿਆਰ ਹੈ?" ਕਰਤਾਰ ਸਿੰਘ ਨੇ ਕਿਹਾ "ਮੈਂ ਹਰ ਵੇਲੇ ਤਿਆਰ ਬਰ ਤਿਆਰ ਹਾਂ" ਕਮਾਂਡਰ ਨੇ ਫਿਰ ਪੁਛਿਆ, "ਲੜਾਈ ਲਗਨੇ ਵਾਲੀ ਹੈ। ਸ਼ਾਇਦ ਹਮਾਰੀ ਰੈਜਮੈਂਟ ਕੋ ਮਲਾਇਆ ਜਾਨਾ ਪੜੇ। ਕਿਆ ਤੁਮ ਇਸ ਕੇ ਲੀਏ ਭੀ ਤਿਆਰ ਹੈ ?" ਕਰਤਾਰ ਸਿੰਘ ਨੇ ਕਿਹਾ, "ਸਾਹਬ ਮੈਂ ਹਰ ਵੇਲੇ ਤਿਆਰ ਹਾਂ, ਤੇ ਲੜਾਈ ਦੇ ਮੈਦਾਨ ਵਿਚ ਜਾਣ ਤੋਂ ਕਦੀ ਨਹੀਂ ਡਰਦਾ।" ਕਰਨਲ, ਕਰਤਾਰ ਸਿੰਘ ਦਾ ਇਹ ਜਵਾਬ ਸੁਣ ਕੇ ਬਹੁਤ ਖੁਸ਼ ਹੋਇਆ ਤੇ ਮੁਸਲਮਾਨ ਡਾਕਟਰ ਨੂੰ ਕਹਿਣ ਲਗਾ ਕਿ "ਕਰਤਾਰ ਸਿੰਘ ਕੋ ਫਿਟ ਹੋਨੇ ਕਾ ਸਰਟਿਫਿਕੇਟ ਦੇ ਦੋ। ਹਮ ਇਸ ਕੋ ਮਦਰਾਸ ਭੇਜੇਗਾ। ਸੋ ਇਸੇ ਤਰ੍ਹਾਂ ਹੋਇਆ।

ਕਰਤਾਰ ਸਿੰਘ ਨੂੰ ਯਕੀਨ ਹੋ ਗਿਆ ਕਿ ਇਹ ਸਭ ਕੁਝ ਗੁਰੂ ਨਾਨਕ ਹੀ, ਉਸ ਦੇ ਸਿਰ ਤੇ ਹਥ ਰਖ ਕੇ ਆਪ ਕਰਵਾ ਰਿਹਾ ਹੈ, ਨਹੀਂ ਤਾਂ ਜੇ ਅੰਗ੍ਰੇਜ਼ ਕਰਨਲ, ਉਥੇ ਅਚਨਚੇਤ ਨਾ ਆਉਂਦਾ ਤਾਂ ਮੁਸਲਮਾਨ ਡਾਕਟਰ ਨੇ ਤਾਂ ਇਸ ਨੂੰ ਅਨਫਿਟ ਕਰਕੇ, ਘਰ ਭੇਜ ਦੇਣਾ ਸੀ। ਪਰ ਗੁਰੂ ਨੇ ਅਜੇ ਉਸ ਨੂੰ ਹੋਰ ਮੌਕਾ ਦਿਵਾਣਾ ਸੀ, ਕਿ ਉਹ ਹੋਰ ਤਰੱਕੀ ਕਰੇ ਤੇ ਨਾਮ ਪੈਦਾ ਕਰੇ।

ਜਿਉ ਜਿਉ ਹੁਕਮ ਤਿਵੈ ਤਿਵ ਕਾਰ
ਨਾਨਕ ਨਦਰੀ ਨਦਰਿ ਨਿਹਾਲ॥



Sri Satguru Jagjit Singh Ji eLibrary NamdhariElibrary@gmail.com

# ਦੂਜੀ ਵਡੀ ਜੰਗ ਤੇ ਮਲਾਇਆ ਜਾਣਾ

ਬੰਨੂੰ ਤੋਂ ਹੌਲਦਾਰ ਕਰਤਾਰ ਸਿੰਘ, ਰੇਲ ਗੱਡੀ ਰਾਹੀਂ ਦਿੱਲੀ ਪੁਜਾ ਤੇ ਸਟੇਸ਼ਨ ਤੋਂ ਸਿਧਾ ਗੁਰਦੁਆਰਾ ਸੀਸ ਗੰਜ ਦੇ ਦਰਸ਼ਨਾਂ ਲਈ ਗੁਰਦੁਆਰੇ ਪੁਜ ਗਿਆ। ਉਥੇ ਹਾਲ ਵਿਚ ਪਾਸੇ ਵਾਲੇ ਬਿਰਾਂਡੇ ਵਿਚ ਕੁਝ ਦੇਰ ਲਈ ਸੌਂ ਗਿਆ, ਕਿਉਂਕਿ ਉਸਨੂੰ ਥਕਾਵਟ ਤੇ ਅਨੀਂਦਰਾ ਕਾਫ਼ੀ ਹੋ ਚੁਕਾ ਸੀ। ਰੇਲ ਗਡੀਆਂ ਓਦੋਂ ਕਾਫ਼ੀ ਹੌਲੀ ਰਫਤਾਰ ਨਾਲ ਚਲਦੀਆਂ ਸਨ ਤੇ ਸਫਰ ਵਿਚ ਕਾਫ਼ੀ ਸਮਾਂ ਲਗ ਜਾਂਦਾ ਸੀ।

ਸੁਤਿਆਂ ਉਸ ਨੇ ਸੁਪਨੇ ਵਿਚ ਦੇਖਿਆ ਕਿ ਇਕ ਸੁਫ਼ੈਦ ਦਾਹੜੇ ਤੇ ਨੂਰਾਨੀ ਚੇਹਰੇ ਵਾਲਾ ਮਹਾਂਪੁਰਸ਼, ਚਿਟੇ ਲਿਬਾਸ ਵਿਚ ਉਸ ਦੇ ਸਾਹਮਣੇ ਖੜਾ ਹੈ ਤੇ ਉਸ ਵਲ ਤਕ ਕੇ ਮੁਸਕਰਾ ਰਿਹਾ ਹੈ। ਉਸਦੇ ਚੇਹਰੇ ਤੇ ਕੋਈ ਅਗੰਮੀ ਨੂਰ ਤੇ ਜਲਾਲ ਹੈ, ਜਿਸ ਦੀ ਝਾਲ ਢਲਣੀ ਔਖੀ ਹੈ। ਕਰਤਾਰ ਸਿੰਘ ਅਖਾਂ ਮਲਦਾ ਤ੍ਰਬਕ ਕੇ ਉਠਿਆ। ਅਖਾਂ ਖੋਲ੍ਹੀਆਂ ਤਾਂ ਉਥੇ ਕੁਝ ਵੀ ਨਹੀਂ ਸੀ। ਕਰਤਾਰ ਸਿੰਘ ਨੂੰ ਯਕੀਨ ਹੋ ਗਿਆ ਗੁਰੂ ਨਾਨਕ ਨੇ ਆਪ ਉਸ ਦੇ ਪਾਸ ਆ ਕੇ ਉਸ ਨੂੰ ਆਸ਼ੀਰਵਾਦ ਦਿਤੀ ਹੈ। ਉਸ ਦੇ ਮਨ ਵਿਚ ਹੋਰ ਵੀ ਸ਼ਕਤੀ, ਭਰੋਸਾ, ਉਤਸ਼ਾਹ ਤੇ ਦਲੇਰੀ ਆ ਗਈ। ਉਸ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਨਾਨਕ ਉਸ ਦੇ ਅੰਗ ਸੰਗ ਹੈ, ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ।

ਉਹ ਦਿਲੀ ਤੋਂ ਮਦਰਾਸ ਵਾਲੀ ਗਡੀ ਤੇ ਚੜ੍ਹ ਗਿਆ। ਦੋ ਦਿਨ ਪਿਛੋਂ ਮਦਰਾਸ ਜਾ ਪੁਜਾ ਤੇ ਆਪਣੀ ਰਜਮੈਂਟ ਵਿਚ ਹਾਜ਼ਰ ਹੋ ਗਿਆ। ਦੋ ਦਿਨ ਪਿਛੋਂ ਇੰਨ੍ਹਾਂ ਦੀ ਪਲਟਨ ਨੂੰ ਸਮੁੰਦਰੀ ਜਹਾਜ਼ ਰਾਹੀਂ ਮਲਾਇਆ ਰਵਾਨਾ ਕਰ ਦਿੱਤਾ ਗਿਆ। ਮਦਰਾਸ ਵਿਚ ਫ਼ੌਜ ਦੇ ਗ੍ਰੰਥੀ ਨੇ, ਇਨ੍ਹਾਂ ਸਿਖ ਫ਼ੌਜੀਆਂ ਨੂੰ ਅਰਦਾਸ ਕਰਕੇ ਜਹਾਜ਼ ਵਿਚ ਚੜ੍ਹਾਇਆ। ਇਸ ਤਰ੍ਹਾਂ ਬੰਨੂੰ ਦੇ ਹਸਪਤਾਲ ਵਿਚ ਕਰਤਾਰ ਸਿੰਘ ਨੂੰ ਆਇਆ ਸੁਪਨਾ ਸਚਮਚ ਸਾਕਾਰ ਹੋਣ ਲਗਾ। ਇਹ 1938 ਦੀ ਗੱਲ ਹੈ।

ਆਖ਼ਰ ਜਹਾਜ਼ ਕਈ ਦਿਨਾਂ ਬਾਅਦ ਸਿੰਘਾਪੁਰ ਪੁਜ ਗਿਆ ਤੇ ਫ਼ੌਜ ਉਥੇ ਉਤਰ ਗਈ। ਸਿੰਘਾਪੁਰ ਉਸ ਵੇਲੇ ਮਲਾਇਆ ਦਾ ਹੀ ਹਿਸਾ ਸੀ (ਬਹੁਤ ਮਗਰੋਂ ਵਖਰਾ ਹੋ ਕੇ ਵਖਰਾ ਦੇਸ ਬਣਿਆ) ਪਹਿਲੇ ਦਿਨ ਫ਼ੌਜੀਆਂ ਨੂੰ ਮਛੀ ਤੇ ਚਾਵਲ ਖਾਣ ਲਈ ਦਿਤੇ ਗਏ, ਜੋ ਪੰਜਾਬੀ ਫ਼ੌਜੀਆਂ ਨੂੰ ਪਸੰਦ ਨਹੀਂ ਸਨ, ਉਹ ਰੋਟੀ ਖਾਣਾ ਚਾਹੁੰਦੇ ਸਨ। ਆਖ਼ਰ ਉਨ੍ਹਾਂ ਲਈ ਰੋਟੀ ਦਾ ਪ੍ਰਬੰਧ ਵੀ ਕਰ ਦਿਤਾ ਗਿਆ। ਰਾਸ਼ਨ ਚੰਗਾ ਮਿਲਦਾ ਸੀ ਤੇ ਕੋਈ ਕਮੀ ਨਹੀਂ ਸੀ। ਫ਼ੌਜ ਦੇ ਲਾਂਗਰੀ ਰੋਟੀਆਂ ਤਿਆਰ ਕਰਨ ਲਗ ਪਏ। ਇਸ ਤਰ੍ਹਾਂ ਇਹ ਰੈਜਮੈਂਟ ਛੇ ਸਤ ਮਹੀਨੇ ਸਿੰਘਾਪੁਰ ਟਿਕੀ ਰਹੀ।



Sri Satguru Jagjit Singh Ji eLibrary NamdhariElibrary@gmail.com

1939 ਵਿਚ ਦੂਜੀ ਵੱਡੀ ਜੰਗ ਸ਼ੁਰੂ ਹੋ ਗਈ। ਜਰਮਨੀ ਦੇ ਹਿਟਲਰ ਨੇ ਯੋਰਪ ਵਿਚ ਤਰਥਲੀ ਮਚਾ ਦਿਤੀ। ਜਿਧਰ ਵੀ ਉਸ ਦੀ ਫ਼ੌਜ ਹਮਲਾ ਕਰਦੀ, ਜਿਤ ਉਸਦੇ ਕਦਮ ਚੁੰਮਦੀ। ਉਸ ਨੇ ਜੰਗ ਦੀ ਚੰਗੀ ਤਿਆਰੀ ਕੀਤੀ ਹੋਈ ਸੀ। ਆਖ਼ਰ ਵਡੀਆਂ ਤਾਕਤਾਂ ਦੋ ਹਿਸਿਆਂ ਵਿਚ ਵੰਡੀਆਂ ਗਈਆਂ। ਇੰਗਲੈਂਡ, ਅਮਰੀਕਾ, ਰੂਸ ਤੇ ਫ਼ਰਾਂਸ ਇਕ ਪਾਸੇ ਤੇ ਜਰਮਨੀ, ਇਟਲੀ ਤੇ ਜਾਪਾਨ ਦੂਜੇ ਪਾਸੇ।

ਕਰਤਾਰ ਸਿੰਘ ਵਾਲੀ ਪਲਟਨ ਨੂੰ ਵਡੇ ਸਮੁੰਦਰੀ ਜੰਗੀ ਜਹਾਜ਼ ( Prince of Wales) ਪ੍ਰਿੰਸ ਆਫ਼ ਵੇਲਜ਼ ਦੀ ਰਖਿਆ ਤੇ ਲਗਾ ਦਿਤਾ ਗਿਆ। 5/11 ਸਿਖ ਰੈਜਮੈਂਟ ਦੇ ਨਾਲ 7 ਪੰਜਾਬ ਰਜਮੰਟ ਵੀ ਸੀ, ਜਿਸ ਵਿਚ ਕੈਪਟਨ ਮੋਹਨ ਸਿੰਘ (ਬਾਅਦ ਵਿਚ ਜਰਨਲ ਮੋਹਨ ਸਿੰਘ) ਵੀ ਸੀ। ਇਹ ਜੰਗੀ ਜਹਾਜ਼ ਅੰਗ੍ਰੇਜ਼ਾਂ ਦੀ ਸਮੁੰਦਰੀ ਫ਼ੌਜ (Navy) ਦਾ ਬਹੁਤ ਵਡਾ ਜਹਾਜ਼ ਸੀ ਤੇ ਸਾਰੇ ਸੰਸਾਰ ਵਿਚ ਦੂਜੇ ਨੰਬਰ ਦਾ ਸਮੁੰਦਰੀ ਜੰਗੀ ਜਹਾਜ਼ ਮੰਨਿਆਂ ਜਾਂਦਾ ਸੀ। ਉਸ ਦੇ ਉਪਰ ਚਾਰੇ ਪਾਸੇ ਫ਼ਾਇਰ ਕਰਨ ਵਾਲੀਆਂ ਤੋਪਾਂ ਗਡੀਆਂ ਹੋਈਆਂ ਸਨ ਤੇ ਜੰਗੀ ਹਵਾਈ ਜਹਾਜ਼ ਭੀ ਸਨ ਜੋ ਇਸ ਜਹਾਜ਼ ਤੋਂ ਹੀ ਉਡਦੇ, ਤੇ ਇਸ ਤੇ ਹੀ ਵਾਪਸ ਆ ਜਾਂਦੇ ਸਨ।

ਇਹ ਜਹਾਜ਼ ਜਾਪਾਨੀਆਂ ਦੀ ਨਿਗਾਹ ਵਿਚ ਬਹੁਤ ਰੜਕਦਾ ਸੀ, ਕਿਉਂਕਿ ਇਸ ਦੇ ਹੁੰਦਿਆਂ ਉਹ ਅਗੇ ਨਹੀਂ ਸਨ ਵਧ ਸਕਦੇ। ਉਹ ਚਾਹੁੰਦੇ ਸਨ, ਕਿ ਕਿਸੇ ਤਰ੍ਹਾਂ ਇਸ ਜਹਾਜ਼ ਨੂੰ ਤਬਾਹ ਕੀਤਾ ਜਾਵੇ। ਇਸ ਲਈ ਉਨ੍ਹਾਂ ਨੇ ਇਕ ਨਵੀਂ, ਅਜੀਬ ਤੇ ਅਚੰਭਾ ਕਰ ਦੇਣ ਵਾਲੀ ਯੋਜਨਾ ਬਣਾਈ। ਉਨ੍ਹਾਂ ਨੇ ਆਪਣੀ ਕੁਰਬਾਨੀ ਦੇਣ ਵਾਲਾ ਇਕ ਜੁਆਨ ਤਿਆਰ ਕੀਤਾ, ਜੋ ਆਪਣੇ ਸਰੀਰ ਨਾਲ ਵਡੇ ਬੰਬ ਬੰਨ੍ਹ ਕੇ, ਜਹਾਜ਼ ਦੀ ਵਡੀ ਚਿਮਨੀ ਵਿਚ ਛਾਲ ਮਾਰ ਦੇਵੇ। ਆਪ ਵੀ ਮਰ ਜਾਵੇ ਤੇ ਜਹਾਜ਼ ਨੂੰ ਭੀ ਉਡਾ ਦੇਵੇ।

ਇਹ ਯੋਜਨਾ ਉਨ੍ਹਾਂ ਨੇ ਕਮਾਲ ਦਲੇਰੀ ਤੇ ਬਹਾਦਰੀ ਨਾਲ ਪੂਰੀ ਕੀਤੀ। ਇਕ ਜਾਪਾਨੀ ਹਵਾਈ ਜਹਾਜ਼ ਨੇ ਗੋਲੀਆਂ ਦੀਆਂ ਬੁਛਾੜਾਂ ਵਿਚੋਂ ਲੰਘ ਕੇ, ਜਹਾਜ਼ ਦੀ ਵੱਡੀ ਚਿਮਨੀ ਦੇ ਐਨ ਉਤੇ ਆ ਕੇ, ਬੰਬਾਂ ਨਾਲ ਲਦੇ ਜੁਆਨ ਨੂੰ ਚਿਮਨੀ ਦੇ ਵਿਚ ਸੁਟਿਆ। ਬੰਬ ਬੜੇ ਖ਼ੌਫ਼ਨਾਕ ਧਮਾਕੇ ਨਾਲ ਫੱਟ ਗਏ। ਸਮੰਦਰੀ ਜੰਗੀ ਜਹਾਜ਼ ਦੇ ਟੋਟੇ ਹੋ ਗਿਆ। ਉਸ ਦੇ ਅੰਦਰ ਭੀ ਕਾਫ਼ੀ ਗੋਲਾ ਬਾਰੂਦ ਸੀ, ਜੋ ਅਗ ਲਗਣ ਨਾਲ ਫੱਟ ਗਿਆ, ਤੇ ਜਹਾਜ਼ ਸਣੇ ਸਾਰੇ ਜੰਗੀ ਸਾਮਾਨ, ਜਹਾਜ਼ੀ ਅਮਲਾ, ਸਮੁੰਦਰੀ ਤੇ ਹਵਾਈ ਸੈਨਕਾਂ ਸਮੇਤ ਸਮੁੰਦਰ ਵਿਚ ਡੁੱਬ ਗਿਆ। ਇਸ ਨਾਲ ਜਾਪਾਨੀਆਂ ਦੀ ਬਹਾਦਰੀ ਤੇ ਦਲੇਰੀ ਦੀ ਹੋਰ ਵੀ ਧਾਂਕ ਬਝ ਗਈ। ਉਹਨਾਂ ਦੇ ਹੌਸਲੇ ਹੋਰ ਵੀ ਵਧ ਗਏ ਤੇ ਅੰਗ੍ਰੇਜ਼ੀ ਫ਼ੌਜ ਤੇ ਬੜਾ ਮਾੜਾ ਅਸਰ ਹੋਇਆ।

ਜਾਪਾਨੀ ਫ਼ੌਜ ਦਬਾ ਦਬ ਅਗੇ ਵਧ ਰਹੀ ਸੀ। ਅੰਗ੍ਰੇਜ਼ ਫ਼ੌਜ ਨੂੰ ਹਾਰ ਹੋ ਰਹੀ ਸੀ ਤੇ ਉਹ ਪਿਛੇ ਹਟ ਰਹੀ ਸੀ। ਹਵਾਲਦਾਰ ਕਰਤਾਰ ਸਿੰਘ ਵਾਲੀ ਫ਼ੌਜ ਵੀ ਪਿਛੇ ਹਟ ਰਹੀ ਸੀ ਤੇ ਜਾਨ ਬਚਾਣ ਲਈ ਜੰਗਲਾਂ ਵਲ ਭਜ ਰਹੀ ਸੀ। ਜਾਪਾਨੀ ਫ਼ੌਜ ਦੇ ਹਵਾਈ ਜਹਾਜ਼ ਅੰਗ੍ਰੇਜ਼ਾਂ ਦੀ ਹਿੰਦੁਸਤਾਨੀ ਫ਼ੋਜ ਉਤੇ ਉਪਰੋਂ ਇਸ਼ਤਿਹਾਰ ਸੁਟਦੇ ਸਨ, ਜਿੰਨ੍ਹਾਂ ਵਿਚ, ਜਾਪਾਨੀਆਂ ਨਾਲ ਮਿਲ ਗਏ ਹਿੰਦੁਸਤਾਨੀ ਫ਼ੌਜੀਆਂ, ਵਲੋਂ ਲਿਖਿਆ ਹੁੰਦਾ ਸੀ, "ਕਿ ਅੰਗ੍ਰੇਜ਼ ਸਾਡਾ ਦੁਸ਼ਮਨ ਹੈ, ਇਸ ਨੇ ਹਿੰਦੁਸਤਾਨ ਨੂੰ ਗੁਲਾਮ ਬਣਾ



Sri Satguru Jagjit Singh Ji eLibrary NamdhariElibrary@gmail.com

ਕੇ ਰਖਿਆ ਹੋਇਆ ਹੈ। ਦੇਸ਼ ਨੂੰ ਲੁਟ ਕੇ, ਧਨ ਦੌਲਤ ਇੰਗਲੈਂਡ ਲੈ ਜਾਂਦਾ ਹੈ। ਅਸੀ ਸਾਰੇ ਹਿੰਦੁਸਤਾਨੀ ਹਾਂ, ਭਾਈ ਭਾਈ ਹਾਂ, ਸਾਨੂੰ ਆਪੋ ਵਿਚ ਲੜਨਾ ਨਹੀਂ ਚਾਹੀਦਾ, ਸਗੋਂ ਇਹ ਵਕਤ ਹੈ ਕਿ ਅਸੀਂ ਅੰਗ੍ਰੇਜ਼ ਨੂੰ ਹਾਰ ਦਿਵਾਈਏ ਤੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਈਏ, ਸੋ ਅੰਗ੍ਰੇਜ਼ ਫ਼ੌਜ ਵਿਚ ਲੜਨ ਵਾਲੇ ਹਿੰਦੁਸਤਾਨੀ ਭਾਈਓ, ਤੁਸੀਂ ਆਪਣੀ ਫ਼ੌਜ ਨੂੰ ਛੱਡ ਦਿਓ ਤੇ ਸਾਡੇ ਨਾਲ ਮਿਲ ਜਾਓ।"

ਇਨ੍ਹਾਂ ਇਸ਼ਤਿਹਾਰਾਂ ਦਾ ਹਿੰਦੁਤਸਾਨੀ ਫ਼ੌਜੀਆਂ ਤੇ ਕਾਫ਼ੀ ਅਸਰ ਹੋਇਆ ਤੇ ਕਾਫ਼ੀ ਫ਼ੌਜੀ ਹਥਿਆਰ ਸੁਟ ਕੇ ਜਾਪਾਨੀਆਂ ਨਾਲ ਮਿਲ ਗਏ। ਜਨਰਲ ਮੋਹਨ ਸਿੰਘ ਦੀ ਅਗਵਾਈ ਵਿਚ ਆਜ਼ਾਦ ਹਿੰਦ ਫ਼ੌਜ ਬਣ ਗਈ। ਬਹੁਤ ਸਾਰੇ ਹਿੰਦੁਸਤਾਨੀ ਫ਼ੌਜੀ, ਜੋ ਭਾਂਵੇਂ ਅੰਗ੍ਰੇਜ਼ੀ ਫ਼ੌਜ ਵਿਚ ਹੀ ਟਿਕੇ ਰਹੇ, ਦਿਲੋਂ ਪ੍ਰਭਾਵਤ ਹੋ ਗਏ। ਉਹਨਾਂ ਵਿਚ ਦੇਸ਼ ਪਿਆਰ ਤੇ ਆਜ਼ਾਦੀ ਦਾ ਜਜ਼ਬਾ ਪੈਦਾ ਹੋਇਆ। ਪਹਿਲਾਂ ਜਦੋਂ ਜਾਪਾਨੀਆਂ ਦੇ ਹਵਾਈ ਜਹਾਜ਼ ਉਪਰੋਂ ਲੰਘਦੇ ਸਨ, ਤਾਂ ਅੰਗ੍ਰੇਜ਼ੀ ਫ਼ੌਜ ਦੇ ਹਿੰਦੁਤਸਾਨੀ ਸਿਪਾਹੀ, ਉਹਨਾਂ ਉਤੇ ਗੋਲੀਆ ਚਲਾਂਦੇ ਸਨ, ਪਰ ਹੁਣ ਉਹਨਾਂ ਨੇ ਜਾਪਾਨੀ ਹਵਾਈ ਜਹਾਜ਼ਾਂ ਤੇ ਗੋਲੀਆਂ ਚਲਾਣੀਆਂ ਬੰਦ ਕਰ ਦਿਤੀਆਂ।

ਇਸ ਤਰ੍ਹਾਂ ਕਾਫ਼ੀ ਸਮਾਂ ਗੁਜ਼ਰ ਗਿਆ। ਅੰਗ੍ਰੇਜ਼ੀ ਫ਼ੌਜ ਦੀ ਹਾਰ ਹੋ ਰਹੀ ਸੀ ਤੇ ਜਾਪਾਨੀ ਫ਼ੌਜ ਅਗੇ ਵਧਦੀ ਚਲੀ ਆ ਰਹੀ ਸੀ। ਅੰਗ੍ਰੇਜ਼ੀ ਫ਼ੌਜ ਦੀਆਂ ਤਿੰਨ ਬਟਾਲੀਅਨਾਂ ਨੂੰ ਜਾਪਾਨੀ ਫ਼ੌਜ ਨੇ ਤਿੰਨ ਪਾਸਿਓਂ ਘੇਰਾ ਪਾ ਲਿਆ। ਇਹ ਫ਼ੌਜ ਜਾਪਾਨੀਆਂ ਤੋਂ ਬਚਣ ਲਈ, ਚੌਥੇ ਪਾਸੇ ਜਿਧਰ ਜੰਗਲ ਸੀ, ਜੰਗਲ ਵਿਚ ਦਾਖ਼ਲ ਹੋ ਗਈ, ਪਰ ਇਸ ਜੰਗਲ ਵਿਚ ਦਲਦਲ ਸੀ। ਇਨ੍ਹਾਂ ਬਟਾਲੀਅਨਾਂ ਵਿਚ ਦੋ ਢਾਈ ਹਜ਼ਾਰ ਬੰਦਾ ਸੀ। ਜਿਨ੍ਹਾਂ ਪਾਸ ਖਾਣ ਲਈ ਭੀ ਕੁਝ ਨਹੀਂ ਸੀ। ਅੰਗ੍ਰੇਜ਼ੀ ਫ਼ੌਜ ਦੇ ਹਵਾਈ ਜਹਾਜ਼ ਉਪਰੋਂ ਆ ਕੇ ਰਾਸ਼ਨ ਸੁਟਦੇ ਸਨ। ਜਿਸ ਵਿਚੋਂ ਕੁਝ ਤਾਂ ਜਾਪਾਨੀਆਂ ਦੇ ਹੱਥ ਆ ਜਾਂਦਾ ਸੀ, ਕੁਝ ਦਲਦਲ ਵਿਚ ਜਾ ਪੈਂਦਾ ਸੀ, ਜਿਥੋਂ ਅੰਗ੍ਰੇਜ਼ੀ ਫ਼ੌਜੀਆਂ ਨੂੰ ਕੱਢ ਕੇ ਲਿਆਣਾ ਮੁਸ਼ਕਿਲ ਸੀ, ਤੇ ਕੁਝ ਇਨ੍ਹਾਂ ਫ਼ੌਜੀਆਂ ਦੇ ਹਥ ਲਗਦਾ ਸੀ, ਜੋ ਇਤਨਾ ਘਟ ਸੀ ਕਿ ਇਕ ਇਕ ਬਿਸਕੁਟ ਹੀ ਮਸਾਂ ਕਿਸੇ ਦੇ ਹਥ ਲਗਦਾ ਸੀ। ਆਖ਼ਰ ਭੁਖੇ ਬਟੇਰੇ ਕਦੋਂ ਤੁਕ ਲੜਦੇ। ਪੇਟ ਨਾ ਪਈਆਂ ਰੋਟੀਆਂ, ਤੇ ਸਭੇ ਗਲਾਂ ਖੋਟੀਆਂ। ਸਿਪਾਹੀਆਂ ਦੇ ਹੌਸਲੇ ਟੁੱਟਣ ਲਗੇ। ਮਰਦਾ ਕੀ ਨਾ ਕਰਦਾ। ਬਹੁਤ ਸਾਰੇ ਫ਼ੌਜੀਆਂ ਤੇ ਅਫ਼ਸਰਾਂ ਨੇ ਰਾਈਫ਼ਲਾਂ ਸਮੇਤ ਹਥ ਖੜੇ ਕਰਕੇ, ਜਾਪਾਨੀ ਫ਼ੌਜ ਵਲ ਵਧਣਾ ਸ਼ੁਰੂ ਕਰ ਦਿਤਾ।

ਜਾਪਾਨੀ ਫ਼ੌਜਾਂ ਨੇ ਤੋਪਾਂ ਗਡੀਆਂ ਹੋਈਆਂ ਸਨ ਤੇ ਜਾਪਾਨੀ ਫ਼ੌਜੀ ਸੰਗੀਨਾਂ ਵਾਲੀਆਂ ਰਾਈਫ਼ਲਾਂ ਲੈ ਕੇ, ਚੌਕੰਨੇ ਹੋ ਕੇ ਖੜੇ ਸਨ। ਅੰਗ੍ਰੇਜ਼ ਅਫ਼ਸਰਾਂ ਨੂੰ ਤਾਂ ਉਹ ਬਿਲਕੁਲ ਨਹੀਂ ਸਨ ਛੱਡਦੇ। ਵੈਸੇ ਤਾਂ ਜਾਪਾਨੀ ਫ਼ੌਜੀ ਆਮ ਕਰਕੇ ਬੜੇ ਜ਼ਾਲਮ ਸਨ, ਪਰ ਅੰਗ੍ਰੇਜ਼ ਅਫ਼ਸਰਾਂ ਉਤੇ ਤਾਂ ਉਹ ਰਜ ਕੇ ਜ਼ੁਲਮ ਕਰਦੇ ਸਨ। ਉਨ੍ਹਾਂ ਨੂੰ ਦਰਖ਼ਤਾਂ ਨਾਲ ਬੰਨ੍ਹ ਕੇ, ਉਹਨਾਂ ਦੇ ਸਰੀਰ ਦਾ ਅੰਗ ਅੰਗ, ਪੋਟਾ ਪੋਟਾ ਕਰਕੇ, ਬੜੀ ਬੇਰਹਿਮੀ ਨਾਲ ਕਤਲ ਕਰਕੇ ਖੁਸ਼ ਹੁੰਦੇ ਸਨ। ਇਸੇ ਲਈ ਕੋਈ ਅੰਗ੍ਰੇਜ਼ ਅਫ਼ਸਰ ਉਹਨਾਂ ਪਾਸ ਜੀਉਂਦਾ ਫੜਿਆ ਜਾਣਾ ਚੰਗਾ ਨਹੀਂ ਸੀ ਸਮਝਦਾ। ਤਸੀਹੇ ਸਹਿ ਕੇ ਮਰਨ ਨਾਲੋਂ, ਉਹ ਇਕ ਦਮ ਮਰ ਜਾਣਾ ਚੰਗਾ ਸਮਝਦੇ ਸੀ। ਇਸੇ ਲਈ ਅਜੇਹਾ ਵਕਤ ਆਣ



Sri Satguru Jagjit Singh Ji eLibrary NamdhariElibrary@gmail.com

ਤੇ, ਉਹ ਆਪਣੇ ਸਿਰ ਵਿਚ ਆਪ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲੈਂਦੇ ਸਨ। ਜਾਪਾਨੀ ਫ਼ੌਜ ਹਥੋਂ ਮਰਨ ਨਾਲੋਂ, ਆਪ ਮਰਨ ਨੂੰ ਉਹ ਤਰਜੀਹ ਦੇਂਦੇ ਸਨ।

ਇਸ ਤਰ੍ਹਾਂ ਕਰੀਬਨ ਸਾਰੇ ਹਿੰਦੁਤਸਾਨੀ ਅਫ਼ਸਰ ਤੇ ਸਿਪਾਹੀ, ਹਥ ਖੜੇ ਕਰਕੇ, ਜਾਪਾਨੀਆਂ ਦੀ ਕੈਦ ਵਿਚ ਚਲੇ ਗਏ। ਇਨ੍ਹਾਂ ਤਿੰਨ ਬਟਾਲੀਅਨਾਂ ਵਿਚੋਂ ਕੇਵਲ 24-25 ਬੰਦੇ, ਜਿਨ੍ਹਾਂ ਵਿਚ 7-8 ਅੰਗ੍ਰੇਜ਼ ਅਫ਼ਸਰ ਤੇ 17-18 ਹਿੰਦੁਸਤਾਨੀ ਸਿਪਾਹੀ ਬਾਕੀ ਰਹਿ ਗਏ, ਜਿਨ੍ਹਾਂ ਅਜੇ ਆਤਮ ਸਮਰਪਣ ਨਹੀਂ ਸੀ ਕੀਤਾ। ਸਤਾਰਾਂ ਅਠਾਰਾਂ ਹਿੰਦੁਸਤਾਨੀ ਫ਼ੌਜੀਆਂ ਵਿਚ 4-5 ਮੁਸਲਮਾਨ ਤੇ 12-13 ਸਿਖ ਫ਼ੌਜੀ ਸਨ, ਜਿਨ੍ਹਾਂ ਅਜੇ ਹਾਰ ਨਹੀਂ ਸੀ ਮੰਨੀ। ਹੁਵਾਲਦਾਰ ਕਰਤਾਰ ਸਿੰਘ ਭੀ ਇਨ੍ਹਾਂ ਵਿਚੋਂ ਇਕ ਸੀ। ਇਹ ਬੰਦੇ ਕਿਸੇ ਤਰ੍ਹਾਂ ਸਿੰਗਾਪੁਰ ਪਹੁੰਚਣਾ ਚਾਹੁੰਦੇ ਸਨ, ਜਿਥੇ ਉਨ੍ਹਾਂ ਦੀ ਪਲਟਨ ਦਾ ਹੈਡਕੁਆਰਟਰ ਸੀ। ਸਿੰਗਾਪੁਰ ਤੇ ਅਜੇ ਜਾਪਾਨੀਆਂ ਦਾ ਕਬਜ਼ਾ ਨਹੀਂ ਸੀ ਹੋਇਆ। ਇਹ ਜੰਗਲਾਂ ਵਿਚੋਂ ਲੰਘਦੇ, ਛੁਪਦੇ ਛੁਪਾਂਦੇ, ਭੁਖੇ ਭਾਣੇ, ਸਿੰਗਾਪੁਰ ਵਲ ਤੁਰੀ ਜਾ ਰਹੇ ਸਨ। ਅੰਗ੍ਰੇਜ਼ ਕਮਾਂਡਰ, ਜੋ ਵਡੀ ਉਮਰ ਦਾ ਸੀ, ਥੱਕ ਕੇ ਚੂਰ ਹੋ ਗਿਆ। ਭੁਖ, ਤੇ ਥਕਾਵਟ ਨੇ ਉਸ ਨੂੰ ਹੋਰ ਟੁਰਨ ਜੋਗਾ ਨਹੀਂ ਸੀ ਛਡਿਆ। ਉਹ ਬਾਕੀਆਂ ਨੂੰ ਕਹਿਣ ਲਗੇ, "ਮੈਨੂੰ ਏਥੇ ਛੱਡ ਦਿਓ ਤੇ ਆਰਾਮ ਨਾਲ ਮਰਨ ਦਿਓ। ਤੁਸੀਂ ਸਾਰੇ ਆਪਣੀ ਜਾਨ ਬਚਾਓ ਤੇ ਕਿਸੇ ਤਰ੍ਹਾਂ ਆਪਣੇ ਹੈਡਕੁਆਰਟਰ ਸਿੰਗਾਪੁਰ ਪਹੁੰਚੋ।" ਹਵਾਲਦਾਰ ਕਰਤਾਰ ਸਿੰਘ ਨੇ ਉਸ ਨੂੰ ਬਾਹੋਂ ਫੜ ਕੇ ਉਠਾਇਆ ਤੇ ਹੌਸਲਾ ਦੇਂਦੇ ਹੋਏ ਕਿਹਾ, "ਸਾਹਬ ਹੌਸਲਾ ਰਖ। ਸਿੰਗਾਪੁਰ ਹੁਣ ਬਹੁਤਾ ਦੂਰ ਨਹੀਂ। ਏਨੀ ਦੂਰ ਤਾਂ ਅਸੀਂ ਪਿੰਡਾਂ ਵਾਲੇ ਸਵੇਰੇ ਟਟੀ ਪਿਸ਼ਾਬ ਲਈ ਨਿਕਲ ਜਾਂਦੇ ਹਾਂ। ਤੂੰ ਤਕੜਾ ਹੋ ਦਿਲ ਨਾ ਛਡ। ਮੈਂ ਤੈਨੂੰ ਸਹਾਰਾ ਦਿਆਂਗਾ। ਅਸੀਂ ਸਾਰੇ ਤੈਨੂੰ ਵਾਰੀ ਵਾਰੀ ਸਹਾਰਾ ਦਿਆਂਗੇ। ਲੋੜ ਪਈ ਤਾਂ ਤੈਨੂੰ ਚੁਕ ਕੇ ਲਿਜਾਣ ਦਾ ਯਤਨ ਕਰਾਂਗੇ।" ਹੌਲਦਾਰ ਕਰਤਾਰ ਸਿੰਘ ਦੀ ਇਹ ਗੱਲ ਸੁਣ ਕੇ ਸਾਰੇ ਖੁਸ਼ ਹੋਏ ਤੇ ਹਸ ਪਏ। ਉਹ ਅਫ਼ਸਰ ਭੀ ਖੁਸ਼ ਹੋ ਕੇ ਹਸ ਪਿਆ ਤੇ ਉਠ ਖੜੋਤਾ ਤੇ ਕਹਿਣ ਲਗਾ, "ਚਲੋ ਮੈਂ ਭੀ ਹੌਂਸਲਾ ਕਰਦਾ ਹਾਂ ਤੇ ਤੁਹਾਡੇ ਨਾਲ ਚਲਦਾ ਹਾਂ, ਜਾਂ ਇਕੱਠੇ ਜੀਆਂਗੇ ਜਾਂ ਇਕੱਠੇ ਮਰਾਂਗੇ।"

ਉਹ ਕਹਿਣ ਲਗਾ, "ਹੁਣ ਤੋਂ ਸਾਡੇ ਵਿਚ ਕੋਈ ਅਫ਼ਸਰ ਨਹੀਂ ਤੇ ਕੋਈ ਮਾਤਹਿਤ ਨਹੀਂ। ਹੁਣ ਅਸੀਂ ਸਾਰੇ ਇਕੋ ਜਿਹੇ ਬਰਾਬਰ ਦੇ ਹਾਂ ਤੇ ਸਾਰੇ ਸਿਪਾਹੀ ਹਾਂ। ਮੇਰੀ ਟੋਪੀ, ਮੇਰੀ ਅਫ਼ਸਰੀ ਤੇ ਅਹੁਦੇ ਦਾ ਨਿਸ਼ਾਨ ਹੈ। ਜੇ ਇਹ ਜਾਪਾਨੀਆਂ ਦੇ ਹਥ ਲਗ ਗਈ ਤਾਂ ਉਹ ਇਸਦੀ ਬੇਇਜ਼ਤੀ ਕਰਨਗੇ। ਮੈਂ ਭਾਂਵੇਂ ਬੇਸ਼ਕ ਉਨ੍ਹਾਂ ਦੇ ਹਥ ਲਗ ਕੇ ਮਾਰਿਆ ਜਾਂਵਾਂ, ਇਹ ਟੋਪੀ ਉਨ੍ਹਾਂ ਦੇ ਹਥ ਨਹੀਂ ਆਣੀ ਚਾਹੀਦੀ, ਇਸ ਲਈ ਇਸ ਨੂੰ ਕਿਸੇ ਮਹਿਫ਼ੂਜ਼ ਥਾਂ ਤੇ ਛੁਪਾ ਦੇਣਾ ਚਾਹੀਦਾ ਹੈ। ਹਵਾਲਦਾਰ ਕਰਤਾਰ ਸਿੰਘ ਨੇ ਝਟ ਇਕ ਖੇਤ ਦੀ ਮਿਟੀ ਪੁਟ ਕੇ ਟੋਆ ਬਣਾ ਦਿਤਾ। ਟੋਪੀ ਉਸ ਵਿਚ ਰਖ ਕੇ ਦਬਾ ਦਿਤੀ। ਉਪਰ ਮਿਟੀ ਪਾ ਦਿਤੀ, ਘਾਹ ਫੂਸ ਤੇ ਦਰਖ਼ਤਾਂ ਦੀਆਂ ਟਹਿਣੀਆਂ ਸੁਟ ਦਿਤੀਆਂ ਤੇ ਉਸ ਥਾਂ ਨੂੰ ਐਸਾ ਛੁਪਾ ਦਿਤਾ ਕਿ ਪਤਾ ਹੀ ਨਾ ਲਗੇ। ਟੋਪੀ ਦੇ ਦਬਾਣ ਦੇ ਦੋ ਕਾਰਨ ਹੋਰ ਭੀ ਸਨ। ਇਕ ਤਾਂ ਇਹ ਕਿ ਉਹ ਆਪਣੇ ਪਾਸ ਘਟ ਤੋਂ ਘਟ ਸਾਮਾਨ ਰੱਖਣਾ ਚਾਹੁੰਦਾ ਸੀ ਤੇ ਦੂਜਾ ਵਡਾ ਕਾਰਨ ਇਹ ਸੀ



Sri Satguru Jagjit Singh Ji eLibrary NamdhariElibrary@gmail.com

ਕਿ ਅੰਗ੍ਰੇਜ਼ੀ ਅਫਸਰ ਦੀ ਟੋਪੀ ਝਟ ਪਛਾਣੀ ਜਾਂਦੀ ਸੀ। ਜੇ ਉਹ ਰਸਤੇ ਵਿਚ ਕਿਧਰੇ ਡਿਗ ਪੈਂਦੀ ਤੇ ਪਿਛਾ ਕਰਦੀ ਜਾਪਾਨੀ ਫ਼ੌਜ ਦੇ ਹਥ ਲਗ ਜਾਂਦੀ, ਤਾਂ ਉਨ੍ਹਾਂ ਨੂੰ ਪਤਾ ਲਗ ਜਾਣਾ ਸੀ, ਕਿ ਅੰਗ੍ਰੇਜ਼ੀ ਫ਼ੌਜ ਇਧਰ ਗਈ ਹੈ ਤੇ ਉਹ ਪੈੜ ਦਬ ਕੇ, ਮਗਰ ਆ ਪਹੁੰਚਣਗੇ। ਵੈਸੇ ਦਲਦਲੀ ਤੇ ਚਿਕੜ ਵਾਲੇ ਇਲਾਕੇ ਵਿਚ ਪੈਰਾਂ ਦੇ ਨਿਸ਼ਾਨ ਲਭਣੇ ਮੁਸ਼ਕਿਲ ਸਨ।

ਹੁਣ ਇਹ ਫ਼ੈਸਲਾ ਹੋਇਆ ਕਿ ਹਵਾਲਦਾਰ ਕਰਤਾਰ ਸਿੰਘ ਤੇ ਇਕ ਹੋਰ ਸੂਬੇਦਾਰ, ਬਾਕੀ ਬੰਦਿਆਂ ਤੋਂ 100 ਗਜ਼ ਪਿਛੇ ਰਹਿਣ। ਉਹ ਜਾਪਾਨੀਆਂ ਦੀ ਬਿੜਕ ਰਖਣ ਤੇ ਚੌਕੰਨੇ ਹੋ ਕੇ ਨਿਗਾਹ ਰਖਣ। ਉਹਨਾਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਪਿਛੇ ਅਤੇ ਆਸੇ ਪਾਸੇ ਜਾਪਾਨੀ ਜੰਗਲਾਂ ਵਿਚ ਮੌਜਦੂ ਹਨ। ਰਸਤੇ ਵਿਚ ਸੜਕ ਤੇ ਉਨ੍ਹਾਂ ਅਗੋਂ ਇਕ ਟਰੱਕ ਆਉਂਦਾ ਵੇਖਿਆ। ਉਹ ਖੰਡ ਨਾਲ ਲਦਿਆ ਹੋਇਆ ਸੀ। ਅਗਲੇ ਫ਼ੌਜੀਆਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ, ਪਰ ਉਹ ਨਾ ਰੁਕਿਆ ਤੇ ਅਗੇ ਨਿਕਲ ਗਿਆ। ਅਗੇ ਜਦ ਉਹ ਹਵਾਲਦਾਰ ਕਰਤਾਰ ਸਿੰਘ ਤੇ ਉਸਦੇ ਸਾਥੀ ਪਾਸੋਂ ਲੰਘਿਆ ਤੇ ਉਨ੍ਹਾਂ ਦੇ ਇਸ਼ਾਰਾ ਕਰਨ ਤੇ ਵੀ ਨਾਂ ਰੁਕਿਆ ਤਾਂ ਹਵਾਲਦਾਰ ਕਰਤਾਰ ਸਿੰਘ ਨੇ ਉਸ ਦੇ ਟਾਇਰ ਵਿਚ ਗੋਲੀ ਮਾਰ ਦਿਤੀ ਤੇ ਉਹ ਖੜ੍ਹਾ ਹੋ ਗਿਆ। ਉਹ ਸਿਵਲੀਅਨ ਟਰਕ ਸੀ ਤੇ ਸਿਵਲੀਅਨ ਡਰਾਈਵਰ ਚਲਾ ਰਿਹਾ ਸੀ, ਜੋ ਇਨ੍ਹਾਂ ਫ਼ੌਜੀਆਂ ਨੂੰ ਵੇਖ ਕੇ ਡਰ ਨਾਲ ਕੰਬਣ ਲਗ ਪਿਆ। ਇੰਨਾਂ ਫ਼ੌਜੀਆਂ ਨੇ ਖੰਡ ਬਾਹਰ ਸੁਟ ਦਿਤੀ ਤੇ ਸਾਰੇ ਉਸ ਵਿਚ ਸਵਾਰ ਹੋ ਕੇ ਸਿੰਗਾਪੁਰ ਵਲ ਟੁਰ ਪਏ।

ਅਗੇ ਜਾਂਦਿਆਂ ਦੂਰੋਂ ਇਕ ਫ਼ੌਜੀ ਟੋਲਾ ਜੰਗਲ ਵਿਚ ਛੁਪਿਆ ਪ੍ਰਤੀਤ ਹੋਇਆ। ਦੋਹਾਂ ਨੇ ਇਕ ਦੂਜੇ ਨੂੰ ਦੁਸ਼ਮਣ ਦੀ ਫ਼ੌਜ ਸਮਝ ਕੇ, ਇਕ ਦੂਜੇ ਤੇ ਫ਼ਾਇਰਿੰਗ ਸ਼ੁਰੂ ਕਰ ਦਿਤੀ। ਇਸ ਦੌਰਾਨ ਹਵਾਲਦਾਰ ਕਰਤਾਰ ਸਿੰਘ ਵਾਲੀ ਟੁਕੜੀ ਦੇ ਇਕ ਸਿਪਾਹੀ ਨੇ ਦੂਜੇ ਪਾਸੇ ਦੇ ਕਿਸੇ ਸਿਪਾਹੀ ਦੀ ਪੱਗ ਵੇਖ ਲਈ ਤੇ ਸਮਝ ਗਿਆ ਕਿ ਦੂਜੇ ਪਾਸੇ ਭੀ ਆਪਣੇ ਹੀ ਆਦਮੀ ਹਨ। ਉਚੀਆਂ ਆਵਾਜ਼ਾਂ ਤੇ ਇਸ਼ਾਰਿਆਂ ਨਾਲ ਇਕ ਦੂਜੇ ਨੂੰ ਸਮਝਾ ਲਿਆ ਗਿਆ ਕਿ ਅਸੀ ਇਕੋ ਹੀ ਹਾਂ। ਦੋਹਾਂ ਨੇ ਇਕ ਦੂਜੇ ਨੂੰ ਆਪਣੇ ਸੰਦੇਸ਼ ਦਿਤੇ ਤੇ ਫ਼ਾਇਰਿੰਗ ਬੰਦ ਕਰ ਦਿਤੀ ਗਈ। ਪਤਾ ਲਗਾ ਕਿ ਦੂਸਰੇ ਪਾਸੇ ਭੀ ਇਸੇ ਫ਼ੌਜ ਦੇ ਨਿਖੜੇ ਹੋਏ, ਸਿਖ ਸਿਪਾਹੀ ਹੀ ਸਨ। ਦੋਵੇਂ ਟੁਕੜੀਆਂ ਇਕੱਠੀਆਂ ਹੋ ਗਈਆਂ। ਦੋਵੇਂ ਭੁਖੇ ਸਨ। ਇਕ ਮਲਾਈ ਪਿੰਡ ਦੇ ਬੰਦਿਆਂ ਤੋਂ ਕੁਝ ਚਾਵਲ ਮੰਗੇ ਗਏ। ਉਬਾਲ ਕੇ ਸਾਰਿਆਂ ਰਜ ਕੇ ਖਾਧੇ ਤੇ ਅਗੇ ਟੁਰ ਪਏ।

ਰਸਤੇ ਵਿਚ ਮਲਾਇਆ ਦੇ ਇਕ ਹੋਰ ਪਿੰਡ ਪਾਸੋਂ ਲੰਘਦਿਆਂ ਹਵਾਲਦਾਰ ਕਰਤਾਰ ਸਿੰਘ ਤੇ ਉਸਦੇ ਸਾਥੀਆਂ ਨੇ ਪਿੰਡ ਦੇ ਲੋਕਾਂ ਤੋਂ ਜਾਪਾਨੀ ਫ਼ੌਜ ਬਾਰੇ ਪੁਛਿਆ। ਪਿੰਡ ਦੇ ਲੋਕ ਅੰਗ੍ਰੇਜ਼ੀ ਫ਼ੌਜ ਦੇ ਹਾਮੀ ਸਨ। ਉਨ੍ਹਾਂ ਦਸਿਆ ਕਿ ਜਾਪਾਨੀ ਫ਼ੌਜ ਹੁਣ ਚੱਪੇ ਚੱਪੇ ਤੇ ਮੌਜੂਦ ਹੈ ਤੇ ਟਿਡੀ ਦਲ ਵਾਂਗ ਛਾ ਗਈ ਹੈ। ਉਹਨਾਂ ਮਲਾਇਆ ਨੂੰ ਸਿੰਗਾਪੁਰ ਨਾਲ ਮਿਲਾਣ ਵਾਲੇ ਜੌਹਰਬਾਰੂ ਦੇ ਪੁਲ ਨੂੰ ਭੀ ਉਡਾ ਦਿਤਾ ਹੈ ਤੇ ਹੁਣ ਸੜਕ ਤੇ ਖ਼ੁਸ਼ਕੀ ਰਸਤੇ ਰਾਹੀਂ ਉਨ੍ਹਾਂ ਦਾ ਸਿੰਗਾਪੁਰ ਪਹੁੰਚਣਾ ਮੁਸ਼ਕਿਲ ਹੈ।

ਸੋ ਫ਼ੈਸਲਾ ਹੋਇਆ ਕਿ ਸਮੁੰਦਰ ਦੇ ਕਿਨਾਰੇ ਪੁਜਿਆ ਜਾਵੇ ਤੇ ਉਥੋਂ ਕਿਸ਼ਤੀਆਂ ਰਾਹੀਂ, ਸਿੰਗਾਪੁਰ ਪਹੁੰਚਣ ਦਾ ਯਤਨ ਕੀਤਾ ਜਾਵੇ। ਤੁਰਦੇ ਤੁਰਦੇ ਸਾਰੇ ਸਮੁੰਦਰ ਦੇ



Sri Satguru Jagjit Singh Ji eLibrary NamdhariElibrary@gmail.com

ਕਿਨਾਰੇ ਜਾ ਪੁਜੇ। ਅੰਗ੍ਰੇਜ਼ ਅਫ਼ਸਰ ਕਹਿਣ ਲਗਾ ਕਿ ਮਛੀਆਂ ਫੜਨ ਵਾਲੀ ਕੋਈ ਕਿਸ਼ਤੀ ਲੱਭੀ ਜਾਏ, ਜਿਸ ਵਿਚ ਚੜ੍ਹ ਕੇ ਸਿੰਗਾਪੁਰ ਪੁਜਣ ਦੀ ਕੋਸ਼ਿਸ਼ ਕੀਤੀ ਜਾਏ। ਸਮੁੰਦਰ ਦੇ ਕਿਨਾਰੇ ਅਜੇਹੀ ਇਕ ਕਿਸ਼ਤੀ ਤੇ ਮਛਵਾਰਾ ਮਿਲ ਗਿਆ। ਸਭ ਤੋਂ ਪਹਿਲਾਂ ਹਵਾਲਦਾਰ ਕਰਤਾਰ ਸਿੰਘ ਤੇ ਉਸਦੇ ਨਾਲ ਇਕ ਹੋਰ ਸੂਬੇਦਾਰ ਨੂੰ ਸਿੰਗਾਪੁਰ ਭੇਜਣ ਦਾ ਫ਼ੈਸਲਾ ਹੋਇਆ, ਤਾਂ ਜੋ ਉਹ ਉਥੇ ਪਹੁੰਚ ਕੇ ਹੋਰ ਕਿਸ਼ਤੀਆਂ ਭਿਜਵਾ ਕੇ ਬਾਕੀਆਂ ਨੂੰ ਲਿਜਾਣ ਦਾ ਪ੍ਰਬੰਧ ਕਰ ਸਕਣ। ਉਹ ਚਲ ਪਏ, ਪਰ ਅਜੇ ਸੌ ਗਜ਼ ਹੀ ਗਏ ਸਨ ਕਿ ਉਹਨਾਂ ਨੂੰ ਵਾਪਸ ਬੁਲਾ ਲਿਆ ਗਿਆ। ਅੰਗ੍ਰੇਜ਼ ਅਫ਼ਸਰ ਹਵਾਲਦਾਰ ਕਰਤਾਰ ਸਿੰਘ ਨੂੰ ਕਹਿਣ ਲਗਾ ਕਿ "ਤੁਸੀਂ ਅਜੇ ਜੁਆਨ ਹੋ, ਤਕੜੇ ਹੋ। ਤੁਸੀਂ ਇਕ ਦੋ ਦਿਨ ਬਾਅਦ ਭੀ ਉਥੇ ਪਹੁੰਚ ਜਾਓ, ਤਾਂ ਤਕਲੀਫ਼ ਬਰਦਾਸ਼ਤ ਕਰ ਲਓ ਗੇ। ਪਰ ਦੋ ਅੰਗ੍ਰੇਜ਼ ਅਫ਼ਸਰ, ਜੋ ਉਮਰ ਦੇ ਭੀ ਵਡੇ ਹਨ, ਅਤੇ ਭੁੱਖ ਤੇ ਥੁਕਾਵਟ ਨਾਲ ਨਿਢਾਲ ਹੋਏ ਹੋਏ ਹਨ, ਇਨ੍ਹਾਂ ਨੂੰ ਪਹਿਲਾਂ ਉਥੇ ਘਲਣਾ ਚਾਹੀਦਾ ਹੈ। ਸੋ ਇਸੇ ਤਰ੍ਹਾਂ ਹੀ ਕੀਤਾ ਗਿਆ।

ਉਹ ਦੋਵੇਂ ਅੰਗ੍ਰੇਜ਼ ਅਫ਼ਸਰ ਉਸ ਕਿਸ਼ਤੀ ਰਾਹੀਂ ਸਿੰਗਾਪੁਰ ਪਹੁੰਚ ਗਏ। ਉਹਨਾਂ ਹੈਡਕੁਆਟਰ ਪੁਜ ਕੇ ਇਤਲਾਹ ਦਿਤੀ ਕਿ ਉਹਨਾਂ ਦੇ 22-23 ਸਾਥੀ, ਕੁਝ ਦੂਰ ਸਮੁੰਦਰ ਦੇ ਕਿਨਾਰੇ, ਭੁਖੇ ਭਾਣੇ, ਬੁਰੇ ਹਾਲ ਵਿਚ ਪੁਜੇ ਹੋਏ ਹਨ। ਉਹਨਾਂ ਦੇ ਸਿਰ ਤੇ ਜਾਪਾਨੀ ਫ਼ੌਜ ਦਾ ਖ਼ਤਰਾ ਹਰ ਵੇਲੇ ਮੰਡਲਾ ਰਿਹਾ ਹੈ। ਉਹਨਾਂ ਨੂੰ ਜਲਦੀ ਤੋਂ ਜਲਦੀ ਲਿਆਣਾ ਚਾਹੀਦਾ ਹੈ। ਸੋ ਹੈਡਕਆਟਰ ਵਲੋਂ ਉਹਨਾਂ ਲਈ ਇਕ ਮੋਟਰਬੋਟ ਭੇਜੀ ਗਈ, ਜੋ ਟੋਲੀ ਦੇ ਸਾਰੇ ਬੰਦਿਆਂ ਨੂੰ ਲੈ ਕੇ ਸਿੰਗਾਪੁਰ ਪੁਜ ਗਈ। ਹੈਡਕੁਆਟਰ ਦੇ ਅੰਗ੍ਰੇਜ਼ ਅਫ਼ਸਰ ਤੇ ਉਹਨਾਂ ਦੀਆਂ ਪਤਨੀਆਂ ਉਹਨਾਂ ਲਈ ਵਿਸਕੀ ਤੇ ਖਾਣ ਦਾ ਸਾਮਾਨ ਲੈ ਕੇ ਖੜੀਆਂ ਹੋਈਆਂ ਸਨ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਭੁਖੇ ਵੀ ਹਨ ਤੇ ਥਕੇ ਹੋਏ ਭੀ ਹਨ, ਸਭ ਨੇ ਰਜ ਕੇ ਪੀਤੀ ਤੇ ਰਜ ਕੇ ਖਾਧਾ। ਜਿਸ ਨਾਲ ਉਹਨਾਂ ਦੀ ਜਾਨ ਵਿਚ ਜਾਨ ਆਈ।

ਹਵਾਲਦਾਰ ਕਰਤਾਰ ਸਿੰਘ ਜਿਸ ਦੀ ਡੋਰੀ ਅਗੇ ਹੀ ਗੁਰੂ ਨਾਨਕ ਨਾਲ ਜੁੜੀ ਰਹਿੰਦੀ ਸੀ ਤੇ ਜੋ ਹਰ ਵੇਲੇ ਦਿਨ ਰਾਤ ਉਸ ਦਾ ਨਾਮ ਧਿਆਂਦਾ ਤੇ ਉਸ ਦੀ ਟੇਕ ਰਖਦਾ ਸੀ, ਨੇ ਉਸ ਦਾ ਲਖ ਲਖ ਸ਼ੁਕਰ ਕੀਤਾ, ਕਿ ਉਸਨੇ ਏਨੇ ਕਠਨ ਤੇ ਖ਼ਤਰਨਾਕ ਹਾਲਾਤ ਵਿਚ ਉਸ ਦੀ ਅਜ ਤਕ ਰਖਿਆ ਕੀਤੀ ਹੈ ਤੇ ਉਸਨੂੰ ਪੂਰਾ ਵਿਸ਼ਵਾਸ ਸੀ, ਕਿ ਸਤਿਗੁਰੂ ਅਗੋਂ ਵੀ ਉਸਦੀ ਰਖਿਆ ਕਰੇਗਾ।

ਜਿਸ ਦਾ ਤੂੰ ਰਖਵਾਲਾ, ਮਾਰੇ ਤਿਸ ਕੌਣ।

ਇਸ ਤੋਂ ਪਹਿਲਾਂ ਹਵਾਲਦਾਰ ਕਰਤਾਰ ਸਿੰਘ ਨੂੰ ਤਰੱਕੀ ਦੇ ਕੇ ਜਮਾਂਦਾਰ ਬਣਾਣ ਲਈ, ਸਫ਼ਾਰਸ਼ ਦੇ ਕਾਗਜ਼ ਦਿਲੀ ਭੇਜੇ ਗਏ ਸਨ, ਪਰ ਡਾਕ ਲੈ ਜਾਣ ਵਾਲਾ ਸਮੁੰਦਰੀ ਜਹਾਜ਼, ਜਾਪਾਨੀਆਂ ਨੇ ਰਸਤੇ ਵਿਚ ਹੀ ਡੋਬ ਦਿਤਾ ਸੀ।



Sri Satguru Jagjit Singh Ji eLibrary NamdhariElibrary@gmail.com

# ਜਾਪਾਨੀਆਂ ਨਾਲ ਜੰਗ ਤੇ ਉਹਨਾਂ ਦੀ ਕੈਦ

ਹੁਣ ਤਕ ਆਜ਼ਾਦੀ ਦਾ ਪ੍ਰਸਿਧ ਲੀਡਰ, ਸੁਭਾਸ਼ ਚੰਦਰ ਬੋਸ, ਜੋ ਗਾਂਧੀ ਜੀ ਦੀ ਅਹਿੰਸਾ (Non-voilence) ਦੀ ਨੀਤੀ ਰਾਹੀਂ ਆਜ਼ਾਦੀ ਹਾਸਲ ਕਰਨ ਦੀ ਨੀਤੀ ਦੇ ਹਕ ਵਿਚ ਨਹੀਂ ਸੀ, ਭਾਰਤ ਵਿਚੋਂ ਅੰਗ੍ਰੇਜ਼ਾਂ ਦੀ ਨਜ਼ਰ ਬਚਾ ਕੇ, ਛੁਪਦਾ ਛੁਪਾਂਦਾ, ਭੇਸ ਬਦਲ ਕੇ, ਕਈ ਦੇਸ਼ਾਂ ਵਿਚੋਂ ਬਚਦਾ ਬਚਾਂਦਾ, ਪਹਿਲਾਂ ਜ਼ਰਮਨੀ ਤੇ ਫਿਰ ਮਲਾਇਆ ਪਹੁੰਚ ਚੁਕਾ ਸੀ। ਹਿੰਦੁਸਤਾਨੀ ਸਿਪਾਹੀਆਂ ਦੇ ਦਿਲ ਵਿਚ, ਉਸ ਦੇ ਆਣ ਨਾਲ ਇਕ ਨਵਾਂ ਜੋਸ਼ ਪੈਦਾ ਹੋ ਚੁਕਾ ਸੀ। ਉਸਨੇ ਲਾਲ ਕਿਲ੍ਹੇ ਤੇ ਦੇਸ਼ ਦਾ ਝੰਡਾ ਲਹਿਰਾਣ ਦਾ ਲਕਸ਼ ਦੇ ਕੇ, ਆਜ਼ਾਦ ਹਿੰਦ ਫ਼ੌਜ ਦੇ ਫ਼ੌਜੀਆਂ ਨੂੰ 'ਦਿੱਲੀ ਚਲੋ' ਦਾ ਨਾਅਰਾ ਦਿਤਾ ਸੀ। ਉਸ ਨੇ ਆਜ਼ਾਦ ਹਿੰਦ ਫ਼ੌਜ ਦੀ ਕਮਾਂਡ ਸੰਭਾਲ ਲਈ ਸੀ। ਫ਼ੌਜੀ ਉਸ ਨੂੰ ਨੇਤਾ ਜੀ ਕਹਿੰਦੇ ਸਨ। ਫ਼ੌਜ ਦੇਸ਼ ਭਗਤੀ ਦੇ ਗੀਤ ਗਾਂਦੀ ਸੀ। ਹਿੰਦੂ, ਸਿਖ, ਮੁਸਲਮਾਨ ਸਾਰੇ ਇਕ ਹੋ ਕੇ, ਪੂਰੀ ਏਕਤਾ ਨਾਲ ਆਜ਼ਾਦ ਹਿੰਦ ਫ਼ੌਜ ਦੇ ਝੰਡੇ ਥਲੇ ਲੜ ਰਹੇ ਸਨ। ਕਈ ਮੁਹਾਜ਼ਾਂ ਤੇ ਆਜ਼ਾਦ ਹਿੰਦ ਫ਼ੌਜ ਨੂੰ ਕੁਝ ਸਫਲਤਾ ਭੀ ਮਿਲੀ। ਪਰ ਜਾਪਾਨੀ ਇਨ੍ਹਾਂ ਤੇ ਪੂਰੀ ਤਰ੍ਹਾਂ ਭਰੋਸਾ ਨਹੀਂ ਸਨ ਕਰਦੇ ਤੇ ਖੁਲ੍ਹ ਕੇ ਜੰਗੀ ਸਾਮਾਨ ਭੀ ਨਹੀਂ ਸਨ ਦੇਂਦੇ। ਉਹਨਾਂ ਦੀ ਨੀਯਤ ਹਿੰਦੁਸਤਾਨ ਨੂੰ ਆਜ਼ਾਦੀ ਦਿਵਾਣ ਦੀ ਬਜਾਏ, ਉਸ ਤੇ ਆਪਣਾ ਕਬਜ਼ਾ ਕਰਨ ਦੀ ਸੀ।

ਮਲਾਇਆ ਹੁਣ ਪੂਰੀ ਤਰ੍ਹਾਂ ਜਾਪਾਨੀ ਫ਼ੌਜ ਦੇ ਕਬਜ਼ੇ ਵਿਚ ਆ ਚੁਕਾ ਸੀ, ਕੇਵਲ ਸਿੰਗਾਪੁਰ ਹੀ ਅੰਗ੍ਰੇਜ਼ੀ ਫ਼ੌਜ ਦੇ ਕਬਜ਼ੇ ਵਿਚ ਰਹਿ ਗਿਆ ਸੀ। ਸਿੰਗਾਪੁਰ ਦੇ ਤਿੰਨ ਪਾਸੇ ਸਮੁੰਦਰ ਤੇ ਇਕ ਪਾਸੇ ਖ਼ੁਸ਼ਕੀ ਸੀ ਤੇ ਚਾਰੇ ਪਾਸਿਆਂ ਤੋਂ ਜਾਪਾਨੀ ਫ਼ੌਜ ਨੇ ਘੇਰ ਰਖਿਆ ਸੀ। ਹੁਣ ਸਿੰਗਾਪੁਰ ਵਿਚ ਕਿਸੇ ਪਾਸਿਓਂ, ਕੋਈ ਸਾਮਾਨ, ਰਸਦ ਜਾਂ ਗੋਲਾ ਬਾਰੂਦ ਨਹੀਂ ਸੀ ਪਹੁੰਚ ਸਕਦਾ, ਨਾ ਹੀ ਇਸ ਘਿਰੀ ਹੋਈ ਫ਼ੌਜ ਦੀ ਮਦਦ ਲਈ ਹੋਰ ਫ਼ੌਜੀ ਕੁਮਕ ਪੁਜ ਸਕਦੀ ਸੀ ਤੇ ਉਸਦੇ ਹੌਸਲੇ ਦਿਨੋ ਦਿਨ ਟੁਟ ਰਹੇ ਸਨ। ਜਾਪਾਨੀ ਫ਼ੌਜ ਕਿਸੇ ਵੇਲੇ ਭੀ ਹਮਲਾ ਕਰ ਸਕਦੀ ਸੀ ਤੇ ਅੰਗ੍ਰੇਜ਼ੀ ਫ਼ੌਜ ਨੂੰ ਡਰ ਸੀ ਕਿ ਇਹ ਹਮਲਾ ਕਿਸੇ ਵੇਲੇ ਭੀ ਹੋ ਸਕਦਾ ਹੈ।

ਸੋ ਆਖ਼ਰ ਉਹ ਦਿਨ ਆ ਹੀ ਗਿਆ। ਇਕ ਦਿਨ ਸਵੇਰੇ ਤੜਕੇ ਚਾਰ ਵਜੇ, ਜਾਪਾਨੀ ਫ਼ੌਜ ਨੇ ਸਿੰਗਾਪੁਰ ਤੇ ਚਾਰੇ ਪਾਸਿਆਂ ਤੋਂ ਧਾਵਾ ਬੋਲ ਦਿਤਾ। ਤੋਪਾਂ ਦੀ ਗੜਗੜਾਹਟ ਤੇ ਬੰਦੂਕਾਂ ਦੀ ਫ਼ਾਇਰਿੰਗ ਨਾਲ ਆਸਮਾਨ ਗੂੰਜ ਉਠਿਆ। ਕਈ ਘੰਟੇ ਘਮਸਾਨ ਦਾ ਜੰਗ ਹੋਇਆ। ਆਖ਼ਰ ਜਾਪਾਨੀ ਫ਼ੌਜ ਸਭ ਰੁਕਾਵਟਾਂ ਪਾਰ ਕਰਕੇ ਸਿੰਗਾਪੁਰ ਵਿਚ ਦਾਖ਼ਲ ਹੋ ਗਈ। ਹਥੋਂ ਹਥੀਂ, ਬਜ਼ਾਰੋਂ ਬਾਜ਼ਾਰ ਤੇ ਗਲੀਓਂ ਗਲੀ



Sri Satguru Jagjit Singh Ji eLibrary NamdhariElibrary@gmail.com

ਲੜਾਈ ਹੋਈ। ਲਹੂ ਦੀਆਂ ਨਦੀਆਂ ਵਗ ਗਈਆਂ। ਹਰ ਪਾਸੇ ਲਾਸ਼ਾਂ ਦੇ ਢੇਰ ਲਗ ਗਏ। ਬਾਪੂ ਕਰਤਾਰ ਸਿੰਘ ਦਸਦੇ ਸਨ, ਕਿ ਜਿਧਰ ਪੈਰ ਪੁਟੋ, ਕਿਸੇ ਲਾਸ਼ ਤੇ ਹੀ ਪੈਂਦਾ ਸੀ। ਅੰਤ ਅੰਗ੍ਰੇਜ਼ੀ ਫ਼ੌਜ ਮੁਕਾਬਲੇ ਦੀ ਤਾਬ ਨਾ ਰਖ ਸਕੀ। ਯਕੀਨੀ ਮੌਤ ਤੋਂ ਇਲਾਵਾ ਕੁਝ ਨਜ਼ਰ ਨਹੀਂ ਸੀ ਆ ਰਿਹਾ। ਜਿਤ ਤਾਂ ਇਕ ਪਾਸੇ, ਬਚਣ ਦੀ ਕੋਈ ਸੂਰਤ ਨਜ਼ਰ ਨਹੀਂ ਸੀ ਆਉਂਦੀ। ਸੋ ਅੰਗ੍ਰੇਜ਼ੀ ਫ਼ੌਜ ਨੇ ਚਿਟੇ ਝੰਡੇ ਲਹਿਰਾ ਕੇ ਆਤਮ ਸਮਰਪਣ ਦਾ ਐਲਾਨ ਕਰ ਦਿਤਾ। ਹਥਿਆਰ ਸੁਟ ਦਿਤੇ, ਜੋ ਜਾਪਾਨੀਆਂ ਨੇ ਕਬਜ਼ੇ ਵਿਚ ਕਰ ਲਏ।

ਸਾਰੀ ਫ਼ੌਜ ਨੂੰ ਜਾਪਾਨੀਆਂ ਨੇ ਕੈਦ ਕਰ ਲਿਆ। ਅੰਗ੍ਰੇਜ਼ ਅਫ਼ਸਰ ਵਖਰੇ ਕਰਕੇ ਕਿਧਰੇ ਹੋਰ ਭੇਜ ਦਿਤੇ ਗਏ। ਬਾਕੀ ਦੀ ਹਿੰਦੁਸਤਾਨੀ ਫ਼ੌਜ ਨੂੰ ਉਨ੍ਹਾਂ ਦੀਆਂ ਬੈਰਕਾਂ ਵਿਚ ਹੀ ਕੈਦ ਕਰ ਕੇ, ਜਾਪਾਨੀ ਫ਼ੌਜ ਦਾ ਪਹਿਰਾ ਬਿਠਾ ਦਿਤਾ ਗਿਆ। ਇੰਨ੍ਹਾਂ ਫ਼ੌਜੀਆਂ ਵ੍ਹਿਚ ਕੈਪਟਨ ਹਰਬਖਸ਼ ਸਿੰਘ ਵੀ ਸੀ, ਜੋ ਪਿਛੋਂ ਜਨਰਲ ਹਰਬਖਸ਼ ਸਿੰਘ ਬਣਿਆ ਤੇ ਜਿਸਦੀ ਜਰਨੈਲੀ ਵਿਚ ਵੈਸਟਰਨ ਕਮਾਂਡ ਨੇ ਪਾਕਿਸਤਾਨ ਨਾਲ ਹੋਈ ਜੰਗ ਵਿਚ ਨਾਮਣਾ ਖਟਿਆ। ਇਥੇ ਜੀਂਦ ਰਿਆਸਤ ਦੀ ਫ਼ੌਜ ਵੀ ਸੀ, ਜਿਸ ਵਿਚ ਹਰਬਖਸ਼ ਸਿੰਘ ਦਾ ਵਡਾ ਭਰਾ ਗੁਰਬਖਸ਼ ਸਿੰਘ ਕਰਨਲ ਸੀ। ਦੋਹਾਂ ਫ਼ੌਜਾਂ ਨੂੰ ਇਕੱਠਾ ਕਰ ਦਿਤਾ ਗਿਆ। ਇਕ ਨਾਲੇ ਦੇ ਕਿਨਾਰੇ ਕਾਫ਼ੀ ਜ਼ਮੀਨ ਖਾਲੀ ਪਈ ਸੀ, ਉਹ ਇਸ ਫ਼ੌਜ ਨੂੰ ਸੌਂਪ ਦਿਤੀ ਗਈ ਕਿ ਉਹ ਇਥੇ ਖੇਤੀ ਬਾੜੀ ਕਰੇ ਤੇ ਸਬਜ਼ੀ ਉਗਾਵੇ। ਜਾਪਾਨੀਆਂ ਦਾ ਖ਼ਿਆਲ ਸੀ ਕਿ ਹਿੰਦੁਸਤਾਨੀ ਫ਼ੌਜੀ ਇਥੇ ਸਬਜ਼ੀਆਂ ਦੀ ਖੇਤੀ ਕਰਕੇ, ਕੈਦੀਆਂ ਦੀ ਲੋੜ ਵੀ ਪੂਰੀ ਕਰਨਗੇ ਤੇ ਹੋਰ ਆਮਦਨ ਭੀ ਪੈਦਾ ਕਰਨਗੇ। ਐਵੇਂ ਵੇਹਲੇ ਰਹਿ ਕੇ, ਰੋਟੀ ਪਾਣੀ ਲਈ, ਉਹਨਾਂ ਤੇ ਬੋਝ ਨਹੀਂ ਬਣਨਗੇ। ਇਨ੍ਹਾਂ ਨੂੰ ਸਬਜ਼ੀਆਂ ਦੇ ਬੀਜ ਲਿਆ ਦਿਤੇ ਗਏ, ਤੇ ਹਰ ਤਰ੍ਹਾਂ ਦੀ ਸਬਜ਼ੀ ਬੀਜ ਦਿਤੀ ਗਈ।

ਸਬਜ਼ੀ ਬਹੁਤ ਚੰਗੀ ਤੇ ਵਡੀ ਮਾਤਰਾ ਵਿਚ ਪੈਦਾ ਹੋਈ। ਸਬਜ਼ੀ ਦੇ ਟਰੱਕ ਭਰ ਭਰਕੇ ਸ਼ਹਿਰ ਜਾਂਦੇ ਸਨ, ਤੇ ਜਾਪਾਨੀਆਂ ਦੇ ਹੁਕਮ ਨਾਲ, ਜਿਥੇ ਜਿਤਨੀ ਸਬਜ਼ੀ ਦੀ ਲੋੜ ਹੋਵੇ, ਪੁਚਾ ਦਿਤੀ ਜਾਂਦੀ ਸੀ। ਗੰਦੇ ਨਾਲੇ ਦਾ ਪਾਣੀ, ਬਾਲਟੀਆਂ ਭਰ ਭਰ ਕੇ ਖੇਤਾਂ ਵਿਚ ਪਾਇਆ ਜਾਂਦਾ ਸੀ। ਮੁਰਗੀਖਾਨਾ ਵੀ ਖੋਹਲ ਦਿਤਾ ਗਿਆ। ਫ਼ੌਜੀ, ਪੂਰੇ ਫ਼ੌਜੀ ਡਿਸਿਪਲਨ ਵਿਚ ਇਹ ਕੰਮ ਡਿਊਟੀ ਸਮਝ ਕੇ ਨਿਭਾਂਦੇ ਸਨ। ਫ਼ੌਜੀ ਕੈਦੀਆਂ ਨੂੰ ਚਾਵਲ, ਨਮਕ ਤੇ ਚਾਹ ਦੀ ਪੱਤੀ ਦਿਤੀ ਜਾਂਦੀ ਸੀ। ਉਨ੍ਹਾਂ ਨੂੰ ਮੁਰਗੇ, ਅੰਡੇ ਤੇ ਸਬਜ਼ੀਆਂ ਭੀ ਮਿਲਣ ਲਗ ਪਈਆਂ। ਇਹ ਸਾਰਾ ਪ੍ਰਬੰਧ ਜਨਰਲ ਹਰਬਖਸ਼ ਸਿੰਘ (ਉਦੋਂ ਕੈਪਟਨ) ਨੇ ਜਾਪਾਨੀਆਂ ਨੂੰ ਕਹਿ ਕੇ ਕਰਵਾਇਆ। ਹਿੰਦੁਸਤਾਨੀ ਫ਼ੌਜੀ ਕੈਦੀਆਂ ਨੂੰ ਵਧ ਤੋਂ ਵਧ ਸਹੂਲਤਾਂ ਦਿਵਾਣ ਲਈ ਉਸ ਨੇ ਜਾਪਾਨੀਆਂ ਨਾਲ ਰਾਹ ਰਸਮ ਬਣਾ ਲਈ। ਇਸ ਤਰ੍ਹਾਂ ਉਸ ਦੇ ਉਦਮ ਨਾਲ, ਕੈਦੀਆਂ ਨੂੰ ਕਾਫ਼ੀ ਆਰਾਮ ਮਿਲ ਗਿਆ।

ਇਕ ਵਾਰੀ ਇਨ੍ਹਾਂ ਕੈਦੀਆਂ ਨੇ, ਨਾਲ ਦੇ ਇਕ ਸਟੋਰ ਦਾ ਤਾਲਾ ਤੋੜ ਕੇ ਰਾਸ਼ਨ ਕਢ ਲਿਆ ਤੇ ਖੀਰ, ਪੂੜੇ, ਕੜਾਹ ਬਣਾ ਕੇ ਖ਼ੂਬ ਮਜ਼ੇ ਨਾਲ ਛਕਿਆ। ਉਹਨਾਂ ਨੂੰ ਇਹ ਖ਼ਿਆਲ ਨਾ ਆਇਆ ਕਿ ਅਸੀਂ ਉਨ੍ਹਾਂ ਜਾਪਾਨੀਆਂ ਦੀ ਕੈਦ ਵਿਚ ਹਾਂ, ਜਿੰਨਾਂ ਦੇ ਦਿਲ ਵਿਚ ਦਇਆ ਨਹੀਂ। ਜੋ ਛੋਟੀ ਭੁਲ ਦੀ ਵਡੀ ਸਜ਼ਾ ਦੇਂਦੇ ਹਨ ਤੇ



Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ੀ ਫ਼ੌਜ ਦੇ ਬੰਦਿਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਖੁਸ਼ ਹੁੰਦੇ ਹਨ। ਜਦ ਜਾਪਾਨੀਆਂ ਨੂੰ ਸਟੋਰ ਦਾ ਤਾਲਾ ਤੋੜ ਕੇ ਰਾਸ਼ਨ ਦੀ ਕੀਤੀ ਚੋਰੀ ਦਾ ਪਤਾ ਲਗਾ ਤਾਂ ਉਹਨਾਂ ਨੇ ਸਤ ਸੌ ਬੰਦਿਆਂ ਨੂੰ ਫੜ ਲਿਆ ਤੇ ਆਪਣੇ ਅਫ਼ਸਰ ਸਾਹਮਣੇ ਪੇਸ਼ ਕੀਤਾ। ਇਨ੍ਹਾਂ ਵਿਚ ਹਵਾਲਦਾਰ (ਬਾਪੂ) ਕਰਤਾਰ ਸਿੰਘ ਵੀ ਸੀ। ਅਫ਼ਸਰ ਨੇ ਹੁਕਮ ਦਿਤਾ, ਕਿ ਇਨ੍ਹਾਂ ਸਾਰਿਆਂ ਨੂੰ ਕਤਾਰਾਂ ਵਿਚ ਖੜੇ ਕਰ ਦਿਓ, ਤੇ ਖਾਈਆਂ ਪੁਟਵਾਓ। ਫਿਰ ਖਾਈ ਦੇ ਉਪਰ ਖੜਾ ਕਰਕੇ ਗੋਲੀ ਮਾਰ ਕੇ ਖਾਈ ਵਿਚ ਸੁਟ ਦਿਓ। ਇਨ੍ਹਾਂ ਦੇ ਬਾਕੀ ਸਾਥੀਆਂ ਕੋਲੋਂ ਉਪਰ ਮਿਟੀ ਸੁਟਵਾ ਕੇ ਖਾਈ ਭਰਵਾ ਦਿਓ। ਇਸ ਤਰ੍ਹਾਂ ਇਨ੍ਹਾਂ ਨੂੰ ਮਾਰ ਮਾਰ ਕੇ ਸੁਟਦੇ ਜਾਓ ਤੇ ਦਬਦੇ ਜਾਓ।

ਕੁਝ ਬੰਦਿਆਂ ਨੇ, ਜੋ ਜਾਪਾਨੀਆਂ ਨੂੰ ਗਲ ਸਮਝਾ ਸਕਦੇ ਸਨ, ਉਸ ਅਫ਼ਸਰ ਨੂੰ ਕਿਹਾ, ਕਿ ਸਾਡੇ ਦੇਸ਼ ਵਿਚ ਕੈਦੀਆਂ ਨਾਲ ਅਜੇਹਾ ਸਲੂਕ ਨਹੀਂ ਕੀਤਾ ਜਾਂਦਾ। ਕੈਦ ਦੀ ਵੀ ਮਿਆਦ ਹੁੰਦੀ ਹੈ, ਜੋ ਮੁਕਣ ਤੇ ਕੈਦੀ ਨੂੰ ਰਿਹਾ ਕਰ ਦਿਤਾ ਜਾਂਦਾ ਹੈ। ਪਰ ਇਥੇ ਤਾਂ ਕੈਦ ਦੀ ਮਿਆਦ ਭੀ ਕੋਈ ਨਹੀਂ ਤੇ ਜੰਗ ਪਤਾ ਨਹੀਂ ਕਦੋਂ ਮੁਕਣੀ ਹੈ। ਇਹ ਸਾਰੇ ਬਾਲ ਬੱਚੇਦਾਰ ਆਦਮੀ ਹਨ ਤੇ ਉਨ੍ਹਾਂ ਦੇ ਪਾਲਨ ਪੋਸਨ ਵਾਸਤੇ ਹੀ ਨੌਕਰੀ ਕਰ ਰਹੇ ਹਨ। ਇਨ੍ਹਾਂ ਤੇ ਇਤਨਾ ਜ਼ੁਲਮ ਨਹੀਂ ਹੋਣਾ ਚਾਹੀਦਾ। ਨਾਲੇ ਇਤਨੀ ਛੋਟੀ ਗਲਤੀ ਦੀ ਇਤਨੀ ਵਡੀ ਸਜ਼ਾ ਨਹੀਂ ਹੋਣੀ ਚਾਹੀਦੀ।

ਇਨ੍ਹਾਂ ਗੱਲਾਂ ਦਾ ਉਸ ਅਫ਼ਸਰ ਦੇ ਮਨ ਤੇ ਕੁਝ ਅਸਰ ਹੋਇਆ ਤੇ ਕੁਝ ਰਹਿਮ ਦੀ ਭਾਵਨਾ ਉਸ ਦੇ ਮਨ ਵਿਚ ਜਾਗ ਪਈ। ਉਹ ਕਹਿਣ ਲਗਾ ਕਿ ਚਲੋ ਸਭ ਨੂੰ ਮਾਫ਼ ਕਰ ਦੇਂਦਾ ਹਾਂ, ਪਰ ਜਿਸ ਬੰਦੇ ਨੇ ਤਾਲਾ ਤੋੜਿਆ ਹੈ, ਉਸ ਨੂੰ ਮੇਰੇ ਹਵਾਲੇ ਕਰ ਦਿਓ। ਉਸ ਨੂੰ ਜ਼ਰੂਰ ਮੌਤ ਦੀ ਸਜ਼ਾ ਮਿਲੇਗੀ। ਸਭ ਨੇ ਕਿਹਾ ਕਿ ਉਹ ਅਜੇਹਾ ਨਹੀਂ ਕਰਨਗੇ। ਜਾਂ ਸਭ ਨੂੰ ਛੱਡ ਦਿਓ, ਜਾਂ ਸਭ ਨੂੰ ਮਾਰ ਦਿਓ। ਜਾਪਾਨੀ ਅਫ਼ਸਰ ਕੁਝ ਸੋਚ ਕੇ ਮੰਨ ਗਿਆ ਤੇ ਸਭ ਨੂੰ ਛੱਡ ਦਿਤਾ। ਇਸ ਗੱਲ ਨਾਲ ਹਵਾਲਦਾਰ ਕਰਤਾਰ ਸਿੰਘ ਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਮਾਫ਼ੀ ਸਾਨੂੰ ਗੁਰੂ ਨਾਨਕ ਨੇ ਹੀ ਦਿਵਾਈ ਹੈ। ਉਸੇ ਨੇ ਹੀ ਜਾਪਾਨੀ ਅਫ਼ਸਰ ਦੇ ਦਿਲ ਵਿਚ ਦਇਆ ਪੈਦਾ ਕੀਤੀ ਹੈ ਤੇ ਸਭ ਦੀ ਜਾਨ ਬਚਾਈ ਹੈ। ਉਸ ਦਾ ਵਿਸ਼ਵਾਸ ਗੁਰੂ ਨਾਨਕ ਤੇ ਹੋਰ ਵੀ ਪਕੇਰਾ ਹੁੰਦਾ ਗਿਆ।

ਇਸ ਕੈਦ ਵਿਚ ਰਹਿੰਦਿਆਂ ਕਈ ਬੰਦੇ ਬੀਮਾਰ ਹੋ ਗਏ। ਕਈਆਂ ਨੂੰ ਪਿਛੇ ਆਪਣੇ ਪਰਿਵਾਰਾਂ ਤੇ ਬਾਲ-ਬੱਚਿਆਂ ਦੀ ਚਿੰਤਾ ਖਾਈ ਜਾਂਦੀ ਸੀ। ਉਹ ਹਰ ਵੇਲੇ ਪਰੇਸ਼ਾਨ ਰਹਿੰਦੇ ਸਨ, ਕਿਉਂਕਿ ਉਨ੍ਹਾਂ ਨੂੰ ਆਪਣੀ ਰਿਹਾਈ ਦੀ ਛੇਤੀ ਉਮੀਦ ਨਜ਼ਰ ਨਹੀਂ ਸੀ ਆ ਰਹੀ। ਇਸ ਤਰ੍ਹਾਂ ਕਈ ਚਿੰਤਾ-ਫਿਕਰ ਤੇ ਬੀਮਾਰੀ ਨਾਲ ਮਰਦੇ ਗਏ। ਹਵਾਲਦਾਰ ਕਰਤਾਰ ਸਿੰਘ ਦੇ ਪਿਛੇ ਕੋਈ ਪਤਨੀ ਜਾਂ ਬਾਲ-ਬੱਚਾ ਤਾਂ ਹੈ ਨਹੀਂ ਸੀ। ਇਸ ਗੱਲੋਂ ਤਾਂ ਉਸਨੂੰ ਚਿੰਤਾ ਨਹੀਂ ਸੀ, ਪਰ ਫਿਰ ਵੀ ਪ੍ਰਦੇਸ ਵਿਚ, ਆਪਣੇ ਪਿੰਡ ਤੋਂ ਹਜ਼ਾਰਾਂ ਮੀਲ ਦੂਰ, ਜਾਪਾਨੀਆਂ ਦੀ ਕੈਦ ਤਾਂ ਸੀ। ਜਾਨ ਦਾ ਤਾਂ ਹਰ ਵੇਲੇ ਖ਼ਤਰਾ ਸੀ, ਕਿਉਂਕਿ ਜਾਪਾਨੀਆਂ ਨੂੰ ਤਾਂ ਕਿਸੇ ਨੂੰ ਮੌਤ ਦੀ ਸਜ਼ਾ ਦੇਣ ਦਾ ਸਿਰਫ਼ ਬਹਾਨਾ ਹੀ ਚਾਹੀਦਾ ਹੁੰਦਾ ਸੀ। ਰਿਹਾਈ ਦੀ ਜ਼ਰਾ ਜਿੰਨੀ ਆਸ ਵੀ ਨਜ਼ਰ ਨਹੀਂ ਸੀ ਆ ਰਹੀ। ਹਵਾਲਦਾਰ ਕਰਤਾਰ ਸਿੰਘ ਨੇ ਸੋਚ ਸੋਚ ਕੇ ਫ਼ੈਸਲਾ ਕੀਤਾ, ਕਿ



Sri Satguru Jagjit Singh Ji eLibrary NamdhariElibrary@gmail.com

ਮਾਯੂਸ ਨਹੀਂ ਹੋਣਾ ਚਾਹੀਦਾ, ਸਿਰਫ਼ ਗੁਰੂ ਨਾਨਕ ਦਾ ਲੜ ਫੜ ਕੇ, ਕੇਵਲ ਉਸੇ ਦੀ ਟੇਕ ਰਖਣੀ ਚਾਹੀਦੀ ਹੈ, ਹੋਰ ਸਭ ਆਸਾਂ ਉਮੀਦਾਂ ਦੀਆਂ ਢੇਰੀਆਂ ਢਾਹ ਦੇਣੀਆਂ ਚਾਹੀਦੀਆਂ ਹਨ, ਕੇਵਲ ਉਸ ਦੇ ਆਸਰੇ ਵਾਲੀ ਢੇਰੀ ਪੱਕੀ ਕਰਨੀ ਚਾਹੀਦੀ ਹੈ। ਸੋ ਉਸ ਦੀ ਜੀਭ ਤੇ ਹਰ ਵੇਲੇ ਗੁਰੂ ਨਾਨਕ ਦਾ ਨਾਮ ਰਹਿਣ ਲਗਾ। ਉਹ ਧੰਨ ਬਾਬਾ ਨਾਨਕ ਦੀ ਮੁਹਾਰਨੀ ਰਟਦਾ ਰਹਿੰਦਾ। ਉਹ ਕਹਿੰਦਾ ਕਿ ਇਹ ਸਭ ਕੁਝ ਉਸ ਗੁਰੂ ਦੇ ਹੁਕਮ ਨਾਲ ਹੋ ਰਿਹਾ ਹੈ। ਜੇ ਉਸਦੀ ਕ੍ਰਿਪਾ ਹੋਈ, ਤਾਂ ਉਹ ਆਪ ਸਹਾਈ ਹੋ ਕੇ, ਸਾਰੇ ਕਾਰਜ ਰਾਸ ਕਰ ਦੇਵੇਗਾ। 'ਚਿੰਤਾ ਤਾ ਕੀ ਕੀਜੀਏ, ਜੋ ਅਨਹੋਣੀ ਹੋਏ' ਵਾਲੀ ਅਵਸਥਾ ਬਣਾ ਕੇ ਉਹ ਉਸਦੀ ਰਜ਼ਾ ਵਿਚ ਹਰ ਵੇਲੇ ਪ੍ਰਸੰਨ ਚਿਤ ਰਹਿਣ ਲਗਾ।

ਜਾਪਾਨੀਆਂ ਨੇ ਆਪਣੇ ਕੁਝ ਬੰਦੇ ਜੰਗੀ ਕੈਦੀਆਂ ਵਿਚ ਛੱਡ ਦਿਤੇ ਅਤੇ ਹਿੰਦੁਸਤਾਨੀ ਫ਼ੌਜੀਆਂ ਨੂੰ ਚੰਗੀ ਤਰ੍ਹਾਂ ਸਮਝਾ ਦਿਤਾ ਕਿ ਤੁਹਾਡੀ ਨਿਗਰਾਨੀ ਹੋਵੇਗੀ। ਇਹ ਵੀ ਦਸ ਦਿਤਾ ਕਿ ਮਾੜਾ ਕੰਮ ਕਰਨ ਜਾਂ ਚੋਰੀ ਚਕਾਰੀ ਕਰਨ ਦੀਆਂ ਸ਼ਾੜੇ ਪਾਸ ਦੋ ਹੀ ਸਜ਼ਾਵਾਂ ਹਨ, ਇਕ ਤਾਂ ਗੋਲੀ ਮਾਰ ਕੇ ਸਿਧੀ ਮੌਤ, ਤੇ ਦੂਜੀ ਸਰੀਰਕ ਸਜ਼ਾ, ਜਿਸ ਵਿਚ ਟਾਰਚਰ ਕਰਨਾ, ਕੁਟ ਮਾਰ ਕਰਨੀ, ਅੰਗ ਕਟ ਦੇਣੇ ਜਾਂ ਨਕਾਰਾ, ਅਪਾਹਜ ਬਣਾ ਦੇਣਾ। ਉਹਨਾਂ ਸਖ਼ਤ ਵਾਰਨਿੰਗ ਦਿਤੀ ਕਿ ਇਨ੍ਹਾਂ ਹਦਾਇਤਾਂ ਦੀ ਜੋ ਵੀ ਕੋਈ ਉਲੰਘਣਾ ਕਰੇਗਾ ਉਸ ਨੂੰ ਹਰਗਿਜ਼ ਮਾਫ਼ ਨਹੀਂ ਕੀਤਾ ਜਾਵੇਗਾ। ਇਸਦਾ ਨਤੀਜਾ ਇਹ ਹੋਇਆ ਕਿ ਕੈਦੀਆਂ ਵਿਚ ਡਰ ਤੇ ਦਹਿਸ਼ਤ ਫੈਲ ਗਈ। ਉਹ ਜਬਰੀ ਜਾਂ ਮਜਬੂਰਨ, ਦਿਆਨਤਦਾਰ ਬਣ ਗਏ। ਜੇ ਕਿਧਰੇ ਸੋਨਾ ਭੀ ਪਿਆ ਹੋਵੇ, ਤਾਂ ਕਿਸੇ ਦੀ ਇਹ ਜੁਰਤ ਨਹੀਂ ਸੀ, ਕਿ ਹਥ ਲਾਵੇ। ਉਹ ਜਾਪਾਨੀ ਨਿਗਰਾਨਾਂ ਨੂੰ ਇਸ ਬਾਰੇ ਦਸ ਦੇਂਦੇ ਸਨ। ਇਸ ਡਰ ਤੇ ਦਹਿਸ਼ਤ ਨਾਲ ਉਨ੍ਹਾਂ ਦੀਆਂ ਆਦਤਾਂ ਸੁਧਰ ਗਈਆਂ। ਚੋਰੀ ਚਕਾਰੀ, ਕੋਈ ਚੀਜ਼ ਐਵੇਂ ਚੁਕ ਲੈਣੀ ਜਾਂ ਖਾ ਲੈਣੀ ਆਦਿ ਸਭ ਆਦਤਾਂ ਦਾ ਖ਼ਾਤਮਾ ਹੋ ਗਿਆ। ਕਈਆਂ ਦੇ ਸੁਭਾਅ ਬਦਲ ਗਏ, ਜਾਂ ਉਹਨਾਂ ਨੂੰ ਬਦਲਾਣੇ ਪਏ।

ਕੈਪਟਨ ਹਰਬਖਸ਼ ਸਿੰਘ ਤੇ ਕਰਨਲ ਗੁਰਬਖਸ਼ ਸਿੰਘ ਦੋਹਾਂ ਭਰਾਵਾਂ ਨੇ, ਕੈਦੀਆਂ ਦਾ ਦਿਲ ਲਗਾਣ ਤੇ ਉਨ੍ਹਾਂ ਨੂੰ ਉਦਾਸੀ ਤੋਂ ਬਚਾਣ ਲਈ, ਹਰ ਹਫ਼ਤੇ ਕਵੀ ਦਰਬਾਰ ਤੇ ਡਰਾਮੇ ਕਰਨ ਦਾ ਪ੍ਰੋਗਰਾਮ ਬਣਾਇਆ। ਜਾਪਾਨੀਆਂ ਨੇ ਕੋਈ ਇਤਰਾਜ਼ ਨਾ ਕੀਤਾ। ਫ਼ੌਜੀ ਤੁਕਬੰਦੀ ਕਰਕੇ, ਆਪਣੀਆਂ ਕਵਿਤਾਵਾਂ ਜੋੜ ਜਾੜ ਕੇ ਲੈ ਆਂਦੇ ਤੇ ਸੁਣਾਂਦੇ। ਜਿਨ੍ਹਾਂ ਨੂੰ ਡਰਾਮਾ ਕਰਨ ਦਾ ਸ਼ੋਕ ਸੀ, ਉਹ ਮਿਲਕੇ ਕੋਈ ਡਰਾਮਾ ਤਿਆਰ ਕਰਦੇ ਤੇ ਦਿਖਾਂਦੇ। ਜੋ ਗਾ ਸਕਦੇ ਸਨ, ਗਾਣਾ ਸੁਣਾਂਦੇ। ਜਿਨ੍ਹਾਂ ਫ਼ੌਜੀਆਂ ਵਿਚ ਕਵਿਤਾ, ਡਰਾਮਾ ਜਾਂ ਸੰਗੀਤ ਆਦਿ ਦਾ ਕੋਈ ਗੁਣ ਨਹੀਂ ਸੀ, ਉਹ ਸਬਜ਼ੀਆਂ ਉਗਾਣ ਵਲ ਜ਼ਿਆਦਾ ਧਿਆਨ ਦੇਂਦੇ ਤੇ ਸਬਜ਼ੀਆਂ ਦੀ ਉਪਜ ਵਧਾਣ ਦੀ ਕੋਸ਼ਿਸ਼ ਕਰਦੇ।

ਕਰਨਲ ਗੁਰਬਖਸ਼ ਸਿੰਘ ਤੇ ਕੈਪਟਨ ਹਰਬਖਸ਼ ਸਿੰਘ, ਦੋਹਾਂ ਭਰਾਵਾਂ ਦੀ ਇਹ ਪੂਰੀ ਕੋਸ਼ਿਸ਼ ਸੀ ਕਿ ਹਿੰਦੁਸਤਾਨੀ ਸਿਪਾਹੀ ਚੰਗਾ ਕੰਮ ਅਤੇ ਮਨੋਰੰਜਨ ਕਰਕੇ ਖ਼ੁਸ਼ ਰਹਿਣ, ਉਦਾਸ ਨਾ ਹੋਣ। ਉਹਨਾਂ ਦਾ ਇਹ ਵੀ ਯਤਨ ਸੀ ਕਿ ਇਹ ਜੁਆਨ ਬੀਮਾਰ ਨਾ ਹੋਣ, ਤੰਦਰੁਸਤ ਰਹਿਣ। ਉਹ ਇਨ੍ਹਾਂ ਲਈ ਦਵਾ ਦਾਰੂ ਦਾ ਭੀ ਪ੍ਰਬੰਧ ਕਰਦੇ



Sri Satguru Jagjit Singh Ji eLibrary NamdhariElibrary@gmail.com

ਸਨ, ਤੇ ਉਨ੍ਹਾਂ ਨੂੰ ਚੰਗੀ ਖੁਰਾਕ ਦਿਲਾਣ ਦਾ ਵੀ ਯਤਨ ਕਰਦੇ ਸਨ। ਉਹ ਜਾਪਾਨੀ ਅਫ਼ਸਰਾਂ ਨਾਲ ਭੀ ਮੇਲ ਜੋਲ ਰਖਦੇ ਸਨ ਤਾਂ ਜੋ ਉਹ ਸੱਤ-ਅੱਠ ਸੈ ਹਿੰਦੁਤਸਾਨੀ ਫ਼ੌਜੀਆਂ ਨੂੰ ਵਧ ਤੋਂ ਵਧ ਸਹੂਲਤਾਂ ਲੈ ਕੇ ਦੇ ਸਕਣ। ਭਾਵੇਂ ਇਹ ਦੋਵੇਂ ਭਰਾ ਆਪ ਵੀ ਜੰਗੀ ਕੈਦੀ ਸਨ, ਪਰ ਅਫ਼ਸਰ ਹੋਣ ਦੇ ਨਾਤੇ ਇਨ੍ਹਾਂ ਦਾ ਜਾਪਾਨੀ ਅਫ਼ਸਰਾਂ ਨਾਲ ਸਿਧਾ ਸਬੰਧ ਬਣ ਗਿਆ ਸੀ। ਜਦੋਂ ਕੋਈ ਹਿੰਦੁਸਤਾਨੀ ਸਿਪਾਹੀ ਬੀਮਾਰ ਹੁੰਦਾ ਤਾਂ ਇਹ ਆਪਣੇ ਹਿੰਦੁਤਸਾਨੀ ਫ਼ੌਜੀ ਡਾਕਟਰ ਨੂੰ ਨਾਲ ਲੈ ਕੇ, ਜਾਪਨੀ ਫ਼ੌਜੀ ਡਾਕਟਰ ਪਾਸ ਜਾਂਦੇ ਤੇ ਜਾਪਾਨੀ ਡਾਕਟਰ, ਹਿੰਦੁਸਤਾਨੀ ਡਾਕਟਰ ਤੋਂ ਸਾਰੀ ਗੱਲ ਸਮਝ ਕੇ ਦਵਾ-ਦਾਰੂ ਦਾ ਪ੍ਰਬੰਧ ਕਰਦਾ। ਇਸ ਤਰ੍ਹਾਂ ਇਨ੍ਹਾਂ ਦੋਹਾਂ ਭਰਾਵਾਂ ਨੇ ਆਪਣੇ ਹਿੰਦੁਸਤਾਨੀ ਫ਼ੌਜੀਆਂ ਦੀ ਦੇਖਭਾਲ, ਤ ਸੇਵਾ-ਸੰਭਾਲ ਇਤਨੀ ਲਗਨ ਤੇ ਮਿਹਨਤ ਨਾਲ ਕੀਤੀ, ਜਿਵੇਂ ਮਾਪੇ ਆਪਣੇ ਬੱਚਿਆਂ ਦੀ ਕਰਦੇ ਹਨ। ਹਿੰਦੁਸਤਾਨੀ ਫ਼ੌਜੀ ਇਨ੍ਹਾਂ ਦੇ ਕ੍ਰਿਤਗ ਹੋ ਕੇ, ਸੱਚੇ ਦਿਲੋਂ ਇਨ੍ਹਾਂ ਨੂੰ ਸ਼ੁਭ ਇਛਾਵਾਂ ਤੇ ਅਸੀਸਾਂ ਦੇਂਦੇ ਸਨ। ਸ਼ਾਇਦ ਇਨ੍ਹਾਂ ਅਸੀਸਾਂ ਦੀ ਹੀ ਬਰਕਤ ਸੀ, ਕਿ ਇਹ ਦੋਵੇਂ ਮਗਰੋਂ ਭਾਰਤੀ ਫ਼ੌਜ ਦੇ ਨਾਮਵਰ ਜਰਨੈਲ ਬਣੇ। ਪਾਕਿਸਤਾਨ ਨਾਲ 1965 ਵਿਚ ਹੋਈ ਜੰਗ ਵਿਚ ਜੋ ਨਾਮਣਾ ਜਰਨਲ ਹਰਬਖਸ਼ ਸਿੰਘ ਨੇ ਖਟਿਆ, ਉਹ ਆਜ਼ਾਦ ਭਾਰਤ ਦੇ ਫ਼ੌਜੀ ਇਤਿਹਾਸ ਦਾ ਇਕ ਸੁਨਹਿਰੀ ਪੰਨਾ ਹੈ।

ਦੋ ਹੋਰ ਫ਼ੌਜੀ ਅਫ਼ਸਰ, ਜਿਨ੍ਹਾਂ ਨੇ ਸਿੰਗਾਪੁਰ ਵਿਚ ਆਪਣੇ ਸਾਥੀਆਂ ਦੀ ਦੇਖਭਾਲ ਤੇ ਸੇਵਾ-ਸੰਭਾਲ ਵਿਚ ਵਧ ਚੜ੍ਹਕੇ ਹਿਸਾ ਲਿਆ ਤੇ ਸ਼ਲਾਘਾ ਯੋਗ ਕੰਮ ਕੀਤਾ, ਜਿਨ੍ਹਾਂ ਦੇ ਨਾਮ ਭੀ ਵਰਨਣ ਯੋਗ ਹਨ। ਉਹ ਸਨ ਸੂਬੇਦਾਰ ਮੇਜਰ ਸੱਚਾ ਸਿੰਘ ਤੇ ਸੂਬੇਦਾਰ ਸੰਪੂਰਨ ਸਿੰਘ, ਜਿਨ੍ਹਾਂ ਆਪਣਾ ਇਨਸਾਨੀ ਫ਼ਰਜ਼ ਨਿਭਾਣ ਵਿਚ ਕੋਈ ਕਸਰ ਬਾਕੀ ਨਾ ਛੱਡੀ।

ਉਥੇ ਰਹਿੰਦਿਆਂ ਇਕ ਦਿਨ ਹਵਾਲਦਾਰ ਕਰਤਾਰ ਸਿੰਘ ਨੂੰ ਸੁਪਨਾ ਆਇਆ ਕਿ ਉਹ ਇਕ ਉਚੇ ਵਡੇ ਸ਼ਾਨਦਾਰ ਘੋੜੇ ਤੇ ਸਵਾਰ ਹੋ ਕੇ ਹਿੰਦੁਸਤਾਨ ਜਾ ਰਿਹਾ ਹੈ। ਰਸਤੇ ਵਿਚ ਉਹ ਵੇਖਦਾ ਹੈ ਕਿ ਇਕ ਫ਼ੌਜੀ ਸੰਤਰੀ ਆਪਣੀ ਬੰਦੂਕ ਦੇ ਬਟ ਨਾਲ ਇਕ ਕੁਤੇ ਨੂੰ ਮਾਰ ਰਿਹਾ ਹੈ। ਕੁਤਾ ਦਰਦ ਨਾਲ ਚੀਕਾਂ ਮਾਰ ਰਿਹਾ ਹੈ। ਉਸ ਨੇ ਸੰਤਰੀ ਨੂੰ ਰੋਕਿਆ ਤੇ ਕਿਹਾ ਕਿ "ਤੂੰ ਇਸ ਬੇਜ਼ਬਾਨ ਜਾਨਵਰ ਨੂੰ ਕਿਉਂ ਮਾਰ ਰਿਹਾ ਹੈਂ। ਕੁਤੇ ਤਾਂ ਸਭ ਤੋਂ ਵਧ ਵਫ਼ਾਦਾਰ ਹੁੰਦੇ ਹੁੰਨ। ਇਹ ਵਿਚਾਰੇ ਤਾਂ ਦਰਵੇਸ਼ ਹੁੰਦੇ ਹਨ। ਸੁਕੀ ਰੋਟੀ ਖਾ ਕੇ, ਝਿੜਕਾਂ ਸਹਿ ਕੇ, ਮਾਰ ਖਾ ਕੇ ਭੀ ਮਾਲਕ ਦਾ ਦਰ ਨਹੀਂ ਛੱਡਦੇ, ਇਸ ਨੂੰ ਨਾ ਮਾਰ" ਇਹ ਗਲ ਕਹਿ ਕੇ ਕਰਤਾਰ ਸਿੰਘ ਸੋਚਣ ਲਗ ਪਿਆ, ਕਿ ਮੈਂ ਅਫ਼ਸਰ ਤਾਂ ਹਾਂ ਨਹੀਂ। ਮੇਰੇ ਮੋਢਿਆਂ ਤੇ ਕੋਈ ਕਰਾਊਨ ਜਾਂ ਫੀਤਾ ਤਾਂ ਲਗਾ ਨਹੀਂ ਹੋਇਆ। ਮੈਂ ਕਿਸ ਹੈਸੀਅਤ ਵਿਚ ਇਸ ਸੰਤਰੀ ਨੂੰ ਹੁਕਮ ਦੇ ਰਿਹਾ ਹਾਂ।" ਇਹ ਸੋਚ ਕੇ ਉਸਨੇ ਘੋੜੇ ਨੂੰ ਅਡੀ ਲਾਈ ਤੇ ਅਗੇ ਨਿਕਲ ਗਿਆ। ਇਸ ਸੁਪਨੇ ਦਾ ਭੀ ਉਸ ਦੇ ਮਨ ਤੇ ਬੜਾ ਅਸਰ ਹੋਇਆ, ਤੇ ਉਹ ਸੋਚਣ ਲਗਾ ਕਿ ਇਕ ਨਾ ਇਕ ਦਿਨ ਗੁਰੂ ਨਾਨਕ ਦੀ ਕ੍ਰਿਪਾ ਉਸ ਤੇ ਜ਼ਰੂਰ ਹੋਵੇਗੀ ਤੇ ਉਹ ਅਫ਼ਸਰ ਬਣੇਗਾ। ਉਸ ਦਾ ਮਨ ਕਹਿੰਦਾ ਸੀ ਕਿ "ਹੋਏਗਾ ਦਿਆਲ ਰੁਬ ਦੇਵੇਗਾ ਬੁਲਾਏ ਕੇ"।



Sri Satguru Jagjit Singh Ji eLibrary NamdhariElibrary@gmail.com

# ਜੰਗ ਦੀ ਸਮਾਪਤੀ ਤੇ ਦੇਸ਼ ਵਾਪਸੀ

ਫ਼ੌਜ ਨੂੰ ਸਿੰਗਾਪੁਰ ਜਾਪਾਨੀਆਂ ਦੀ ਕੈਦ ਵਿਚ ਰਹਿੰਦਿਆਂ ਕਾਫ਼ੀ ਸਮਾਂ ਬਤੀਤ ਹੋ ਗਿਆ। ਜੰਗ ਖ਼ਤਮ ਹੋਣ ਦੇ ਆਸਾਰ ਨਹੀਂ ਸਨ। ਭਾਵੇਂ ਜਰਮਨੀ ਤਾਂ ਹਾਰ ਹੀ ਰਿਹਾ ਸੀ, ਪਰ ਜਾਪਾਨ ਦੀ ਹਾਰ ਮੁਸ਼ਕਿਲ ਜਾਪਦੀ ਸੀ। ਫਿਰ ਇਕ ਅਜੇਹੀ ਘਟਨਾ ਹੋਈ, ਜਿਸ ਨੇ ਸਾਰਾ ਪਾਸਾ ਹੀ ਪਲਟ ਦਿਤਾ।

ਕਈ ਸਾਲਾਂ ਤੋਂ ਅਮਰੀਕਾ ਐਟਮਬੰਬ ਬਣਾਉਣ ਦੀ ਕੋਸ਼ਿਸ਼ ਵਿਚ ਲਗਾ ਹੋਇਆ ਸੀ। ਆਖ਼ਰ ਉਸ ਦੇ ਸਾਇੰਸਦਾਨ ਇਹ ਬੰਬ ਬਣਾਉਣ ਵਿਚ ਸਫ਼ਲ ਹੋ ਗਏ। ਉਸ ਨੇ ਇਨ੍ਹਾਂ ਬੰਬਾਂ ਦਾ ਤਜਰਬਾ ਜਾਪਾਨ ਉਤੇ ਕਰਨ ਦਾ ਫ਼ੈਸਲਾ ਕੀਤਾ। ਦੋ ਐਟਮਬੰਬ ਜਾਪਾਨ ਦੇ ਦੋ ਸ਼ਹਿਰਾਂ, ਹੀਰੋਸ਼ੀਮਾਂ ਤੇ ਨਾਗਾਸਾਕੀ ਤੇ ਸੁਟੇ ਗਏ। ਇਕ ਇਕ ਬੰਬ ਨੇ ਹੀ ਸਾਰਾ ਸ਼ਹਿਰ ਖ਼ਤਮ ਕਰ ਦਿਤਾ। ਲਖਾਂ ਆਦਮੀ ਇਕੋ ਵੇਲੇ ਮਾਰੇ ਗਏ। ਸ਼ਹਿਰ ਮਿਟੀ ਦਾ ਢੇਰ ਹੋ ਗਏ। ਕੋਈ ਬੰਦਾ, ਜਾਨਵਰ, ਜੀਵ, ਉਸ ਇਲਾਕੇ ਵਿਚ ਕਈ ਕਈ ਮੀਲ ਤਕ, ਇਸ ਦੀ ਮਾਰ ਤੋਂ ਬਚ ਨਾ ਸਕਿਆ। ਦੁਨੀਆਂ ਇਸ ਬੰਬ ਨਾਲ ਹੋਈ ਤਬਾਹੀ ਵੇਖ ਕੇ ਦੰਗ ਰਹਿ ਗਈ। ਅਮਰੀਕਾ ਦਾ ਭੀ ਇਹ ਪਹਿਲਾ ਤਜਰਬਾ ਸੀ। ਉਸ ਨੂੰ ਇਹ ਆਸ ਨਹੀਂ ਸੀ ਕਿ ਇਹ ਬੰਬ ਇਤਨੀ ਤਬਾਹੀ ਤੇ ਬਰਬਾਦੀ ਪੈਦਾ ਕਰੇਗਾ। ਜਾਪਾਨੀ ਆਪਣੇ ਦੋ ਸ਼ਹਿਰਾਂ ਦੀ ਹੌਲਨਾਕ ਤਬਾਹੀ ਅਤੇ ਲਖਾਂ ਬੰਦਿਆਂ ਦੀ ਇਕ ਦਮ ਮੌਤ ਵੇਖ ਕੇ ਕੰਬ ਗਏ। ਉਨ੍ਹਾਂ ਸੋਚਿਆ ਕਿ ਜੇ ਅਜੇਹੇ ਦੋ ਚਾਰ ਬੰਬ ਜਾਪਾਨ ਦੇ ਹੋਰ ਸ਼ਹਿਰਾਂ ਤੇ ਭੀ ਸੁਟ ਦਿਤੇ ਗਏ, ਤਾਂ ਸਾਰਾ ਜਾਪਾਨ ਦੇਸ਼ ਤਬਾਹ ਬਰਬਾਦ ਹੋ ਜਾਵੇਗਾ। ਇਸ ਲਈ ਭਾਵੇਂ ਅੰਗ੍ਰੇਜ਼ ਤੇ ਉਸਦੇ ਸਾਥੀ ਦੇਸ਼ ਉਸਨੂੰ ਜੰਗ ਵਿਚ ਹਰਾ ਨਹੀਂ ਸਨ ਸਕੇ, ਉਸ ਪਾਸ ਹਾਰ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਿਹਾ। ਆਖ਼ਰ ਉਸ ਨੇ ਹਥਿਆਰ ਸੁਟ ਦਿਤੇ ਤੇ ਹਾਰ ਮੰਨ ਲਈ। ਇਸ ਤਰ੍ਹਾਂ ਛੇ ਸਾਲਾਂ ਬਾਅਦ ਇਹ ਦੁਨੀਆਂ ਦੀ ਦੂਜੀ ਵਡੀ ਜੰਗ, ਲਖਾਂ ਬੰਦਿਆਂ ਦੀ ਆਹੁਤੀ ਲੈ ਕੇ ਬੰਦ ਹੋ ਗਈ।

ਜੰਗ ਬੰਦ ਹੋ ਜਾਣ ਪਿਛੋਂ ਅੰਗ੍ਰੇਜ਼ ਅਫ਼ਸਰ ਫਿਰ ਆਪਣੀਆਂ ਆਪਣੀਆਂ ਫ਼ੌਜਾਂ ਵਿਚ ਵਾਪਸ ਆ ਗਏ। ਸਮੁੰਦਰੀ ਜਹਾਜ਼ ਵਿਚ ਬਿਠਾ ਕੇ ਸਭ ਨੂੰ ਮਦਰਾਸ ਲਿਆਂਦਾ ਗਿਆ। ਹਵਾਲਦਾਰ ਕਰਤਾਰ ਸਿੰਘ ਤੇ ਉਸਦੀ ਰੈਜਮੈਂਟ ਨੂੰ 1938 ਦੇ ਆਖ਼ੀਰ ਵਿਚ ਮਲਾਇਆ ਭੇਜਿਆ ਗਿਆ ਸੀ। ਜੰਗ 1939 ਵਿਚ ਸ਼ੁਰੂ ਹੋਈ ਤੇ 1945 ਵਿਚ ਛੇ ਸਾਲ ਬਾਅਦ ਖ਼ਤਮ ਹੋਈ। ਇਸ ਤਰ੍ਹਾਂ ਇਹ ਫ਼ੌਜ ਸਤ ਸਾਲ ਬਾਅਦ ਦੇਸ਼ ਵਾਪਸ ਪਰਤੀ। (ਉਸ ਵਕਤ ਮਲਾਇਆ ਤੇ ਭੀ ਅੰਗ੍ਰੇਜ਼ਾਂ ਦਾ ਰਾਜ ਸੀ)



Sri Satguru Jagjit Singh Ji eLibrary NamdhariElibrary@gmail.com

ਮਦਰਾਸ ਪੁਜ ਕੇ ਹੌਲਦਾਰ ਕਰਤਾਰ ਸਿੰਘ ਨੂੰ ਉਸ ਦੇ ਕਈ ਪੁਰਾਣੇ ਸਾਥੀ ਮਿਲੇ। ਉਸਨੇ ਉਨ੍ਹਾਂ ਨੂੰ ਪੁਛਿਆ ਕਿ ਕੀ ਉਨ੍ਹਾਂ ਨੂੰ ਕਰਤਾਰ ਸਿੰਘ ਦੇ ਜਮਾਂਦਾਰ ਬਣਾਏ ਜਾਣ ਦੀ ਕੋਈ ਖ਼ਬਰ ਹੈ ? ਤਾਂ ਸਭ ਨੇ ਕਿਹਾ ਕਿ ਉਨ੍ਹਾਂ ਪਾਸ ਐਸੀ ਕੋਈ ਖ਼ਬਰ ਨਹੀਂ ਤੇ ਇਸ ਬਾਰੇ ਉਹਨਾਂ ਕਦੇ ਕੁਝ ਨਹੀਂ ਸੁਣਿਆ। ਉਸ ਦੀ ਰੈਜਮੈਂਟ ਉਥੋਂ ਗਡ਼ੀ ਚੜ੍ਹ ਕੇ ਫਿਰ ਨੌਸ਼ਹਿਰੇ ਪੁਜ ਗਈ। ਉਸ ਨੇ ਉਥੇ ਜਾ ਕੇ ਪਤਾ ਕੀਤਾ ਤਾਂ ਪਤਾ ਲਗਾ ਕਿ ਉਸਨੂੰ ਜਮਾਂਦਾਰ ਬਣਾਉਣ ਦੀ ਕੋਈ ਕਾਰਵਾਈ ਨਹੀਂ ਹੋਈ। ਉਹ ਬਹੁਤ ਉਦਾਸ ਤੇ ਨਿਮੋਝੂਣਾ ਹੋ ਗਿਆ।

ਜੰਗ ਤੋਂ ਮੁੜੇ ਸਾਰੇ ਫ਼ੌਜੀਆਂ ਨੂੰ ਤਿੰਨ ਤਿੰਨ ਮਹੀਨੇ ਦੀ ਛੁਟੀ ਦੇ ਕੇ ਘਰ ਭੇਜ ਦਿਤਾ ਗਿਆ। ਕਈਆਂ ਨੂੰ ਤਰੱਕੀਆਂ ਤੇ ਬਹਾਦਰੀ ਦੇ ਇਨਾਮ ਭੀ ਮਿਲੇ, ਪਰ ਹੌਲਦਾਰ ਕਰਤਾਰ ਸਿੰਘ ਦੀ ਤਰੱਕੀ ਦੀ ਕੋਈ ਕਾਰਵਾਈ ਨਾ ਹੋਈ, ਜਦੋਂ ਕਿ ਉਹ ਇਸ ਤੋਂ ਪਹਿਲਾਂ ਤਿੰਨ ਤਰੱਕੀਆਂ ਤੇ ਬਹਾਦਰੀ ਦਾ ਇਨਾਮ ਭੀ ਲੈ ਚੁਕਾ ਸੀ। ਉਸ ਨੂੰ ਅਫ਼ਸੋਸ ਸੀ ਕਿ ਸਤ ਸਾਲ ਹਿੰਦੁਸਤਾਨ ਤੋਂ ਬਾਹਰ ਰਹਿ ਕੇ, ਦੁਖ ਤਕਲੀਫ਼ਾਂ ਝਲ ਕੇ, ਜਾਨ ਜੋਖਮ ਵਿਚ ਪਾ ਕੇ, ਮੌਤ ਦਾ ਸਾਹਮਣਾ ਕਰਕੇ ਭੀ ਉਸ ਨੂੰ ਕੋਈ ਲਾਭ ਨਹੀਂ ਹੋਇਆ, ਤੇ ਉਸ ਦੀ ਕਦਰ ਨਹੀਂ ਹੋਈ। ਉਹ ਉਦਾਸ ਹੋ ਕੇ, ਬਾਕੀ ਫ਼ੌਜੀਆਂ ਵਾਂਗ ਤਿੰਨ ਮਹੀਨੇ ਦੀ ਛੁਟੀ ਤੇ ਘਰ ਚਲਾ ਗਿਆ। ਘਰ ਰਹਿੰਦਿਆਂ, ਇਕ ਦਿਨ ਜਦ ਉਹ ਗੁਰੂ ਨਾਨਕ ਦੇ ਚਰਨਾਂ ਵਿਚ ਲਿਵ ਲਾਈ ਬੈਠਾ ਸੀ, ਤਾਂ ਉਸ ਨੂੰ ਅਚਾਨਕ ਇਹ ਫੁਰਨਾ ਫੁਰਿਆ, ਕਿ ਉਸ ਨੂੰ ਵਾਪਸ ਨੌਸ਼ਹਿਰੇ ਜਾ ਕੇ, ਆਪਣੇ ਅੰਗ੍ਰੇਜ਼ ਕਰਨਲ ਕਮਾਂਡਰ ਨੂੰ ਮਿਲਣਾ ਚਾਹੀਦਾ ਹੈ ਤੇ ਆਪਣੇ ਦਿਲ ਦੀ ਗੱਲ ਕਰਨੀ ਚਾਹੀਦੀ ਹੈ। ਉਹ ਗੱਡੀ ਚੜ੍ਹ ਕੇ ਨੌਸ਼ਹਿਰੇ ਜਾ ਪੁਜਾ ਤੇ ਸਿਧਾ ਕਰਨਲ ਦੇ ਬੰਗਲੇ ਜਾ ਵੜਿਆ। ਕਰਨਲ ਬੰਗਲੇ ਦੇ ਬਾਹਰ ਮੇਜ਼ ਕੁਰਸੀ ਲਗਾ ਕੇ ਬੈਠਾ ਸੀ। ਉਸ ਨੇ ਕਰਤਾਰ ਸਿੰਘ ਨੂੰ ਵੇਖਿਆ ਤਾਂ ਬੋਲਿਆ, "ਵੈਲ, ਕਰਤਾਰ ਸਿੰਘ ਆ ਜਾਓ, ਕੈਸੇ ਆਇਆ ਹੈ ?" ਕਰਤਾਰ ਸਿੰਘ ਨੇ ਉਸਨੂੰ ਸਲੂਟ ਮਾਰਿਆ ਤੇ ਕਿਹਾ, "ਸਾਹਬ, ਮੈਂ ਤੁਹਾਨੂੰ ਆਖਰੀ ਵਾਰ ਸਲਾਮ ਕਰ ਕੇ ਮਿਲਣ ਆਇਆ ਹਾਂ। ਮੇਰੀ ਸਤ ਸਾਲ ਦੀ ਮਲਾਇਆ ਵਿਚ ਕੀਤੀ ਮਹਾਨ ਸੇਵਾ ਦਾ ਅੰਗ੍ਰੇਜ਼ ਸਰਕਾਰ ਨੇ ਮੁਲ ਨਹੀਂ ਪਾਇਆ। ਹੁਣ ਮੇਰਾ ਨਾਮ ਪੈਨਸ਼ਨ ਤੇ ਭੇਜਣ ਵਾਲੇ ਫ਼ੌਜੀਆਂ ਵਿਚ ਪਾ ਦਿਤਾ ਗਿਆ ਹੈ ਤੇ ਮੈਂ ਉਦਾਸ ਹੋ ਕੇ ਨੌਕਰੀ ਛੱਡ ਰਿਹਾ ਹਾਂ।"

ਕਰਨਲ ਇਹ ਗੱਲ ਸੁਣ ਕੇ ਹੈਰਾਨ ਹੋ ਗਿਆ। ਉਹ ਕਰਤਾਰ ਸਿੰਘ ਦੀ ਦਿਲੋਂ ਕਦਰ ਕਰਦਾ ਸੀ ਤੇ ਉਸ ਦੇ ਗੁਣਾਂ ਨੂੰ ਪਛਾਣਦਾ ਸੀ। ਉਹ ਬੋਲਿਆ, "ਨਹੀਂ, ਨਹੀਂ, ਯੇ ਕੈਸੇ ਹੋ ਸਕਤਾ ਹੈ। ਜਾਓ ਦਫ਼ਤਰ ਮੇਂ ਜਾਓ ਔਰ ਜਮਾਂਦਾਰ ਹੈਡਕਲਰਕ ਕੋ ਬੋਲੋ ਕਿ ਵੋਹ ਤੁਮਾਰੀ ਫ਼ਾਈਲ ਲੇ ਕਰ ਅਭੀ ਮੇਰੇ ਪਾਸ ਆਏ।"

ਹਵਾਲਦਾਰ ਕਰਤਾਰ ਸਿੰਘ, ਦਫ਼ਤਰ ਗਿਆ ਤੇ ਜਾ ਕੇ ਹੈਡਕਲਰਕ ਨੂੰ ਕਰਨਲ ਦਾ ਹੁਕਮ ਸੁਣਾਇਆ। ਹੈਡਕਲਰਕ ਹਸ ਕੇ ਕਹਿਣ ਲਗਾ, "ਕਰਤਾਰ ਸਿੰਘ, ਤੂੰ ਸਾਹਬ ਨੂੰ ਜ਼ਰੂਰ ਕੋਈ ਚਾਬੀ ਦੇ ਆਇਆ ਹੈਂ, ਜਿਸ ਕਰਕੇ ਹੁਣੇ ਉਸ ਨੇ ਤੇਰੀ ਫ਼ਾਈਲ ਆਪਣੇ ਬੰਗਲੇ ਮੰਗਾ ਲਈ ਹੈ।" ਹੈਡਕਲਰਕ ਫ਼ਾਈਲ ਲੈ ਕੇ ਅੰਗ੍ਰੇਜ਼ ਕਰਨਲ ਪਾਸ ਹਾਜ਼ਰ ਹੋਇਆ। ਕਰਨਲ ਨੇ ਫ਼ਾਈਲ ਪੜ੍ਹੀ ਤੇ ਉਸੇ ਵੇਲੇ ਹੌਲਦਾਰ ਤੋਂ ਜਮਾਂਦਾਰ



Sri Satguru Jagjit Singh Ji eLibrary NamdhariElibrary@gmail.com

ਬਣਾਉਣ ਦੇ ਆਰਡਰ ਕਰ ਦਿਤੇ। ਨਾਲ ਇਹ ਭੀ ਲਿਖ ਦਿਤਾ ਕਿ ਇਸ ਨੂੰ ਸੂਬੇਦਾਰੀ ਤੋਂ ਪਹਿਲਾਂ ਪੈਨਸ਼ਨ ਤੇ ਨਹੀਂ ਭੇਜਣਾ। ਇਸ ਤਰ੍ਹਾਂ ਉਸ ਨੇ ਅਗਲੀ ਤਰੱਕੀ ਸੂਬੇਦਾਰੀ ਦੀ ਬੁਨਿਆਦ ਭੀ ਰਖ ਦਿਤੀ। ਉਸ ਵੇਲੇ ਉਸ ਰਜਮੈਂਟ ਵਿਚ ਸੂਬੇਦਾਰੀ ਦੀ ਕੋਈ ਥਾਂ ਖਾਲੀ ਨਹੀਂ ਸੀ, ਨਹੀਂ ਤਾਂ ਉਹ ਤਰੱਕੀਆਂ ਇਕਠੀਆਂ ਦੇ ਕੇ ਕਰਤਾਰ ਸਿੰਘ ਨੂੰ ਸੂਬੇਦਾਰ ਹੀ ਬਣਾ ਦੇਂਦਾ। ਜਮਾਂਦਾਰੀ ਦੀ ਤਰੱਕੀ ਭੀ ਉਸ ਨੇ ਪਿਛਲੀ ਪੁਰਾਣੀ ਡੇਟ ਤੋਂ ਦਿਤੀ, ਜਦੋਂ ਉਸ ਨੇ ਜਮਾਂਦਾਰੀ ਦੀ ਤਰੱਕੀ ਦੇ ਕਾਗਜ਼ ਮਲਾਇਆ ਤੋਂ ਘਲੇ ਸਨ ਤੇ ਉਹ ਰਸਤੇ ਵਿਚ ਹੀ ਸਮੁੰਦਰੀ ਜਹਾਜ਼ ਡੁਬ ਜਾਣ ਕਰਕੇ, ਹਿੰਦੁਸਤਾਨ ਨਹੀਂ ਪਹੁੰਚੇ ਸਨ।

ਇਹ ਆਰਡਰ ਕਰਵਾ ਕੇ, ਹੌਲਦਾਰ ਕਰਤਾਰ ਸਿੰਘ, ਜਮਾਂਦਾਰ ਕਰਤਾਰ ਸਿੰਘ ਬਣ ਗਿਆ। ਉਸਦੇ ਮਨ ਦੀ ਮੁਰਾਦ ਪੂਰੀ ਹੋ ਗਈ ਤੇ ਉਹ ਖੁਸ਼ੀ ਖੁਸ਼ੀ ਆਪਣੀ ਬਾਕੀ ਛੁਟੀ ਕਟਣ ਲਈ ਆਪਣੇ ਪਿੰਡ ਰਖੜੇ ਆ ਗਿਆ। ਉਸ ਨੇ ਗੁਰੂ ਨਾਨਕ ਦਾ ਲਖ ਲਖ ਸ਼ੁਕਰ ਕੀਤਾ, ਜਿਸ ਨੇ ਉਸ ਦੀ ਆਸ ਪੁਗਾਈ ਸੀ। ਉਸ ਨੂੰ ਪੂਰਾ ਵਿਸ਼ਵਾਸ ਸੀ, ਕਿ ਗੁਰੂ ਨਾਨਕ ਹਰ ਥਾਂ ਉਸ ਦੀ ਸਹਾਇਤਾ ਕਰ ਰਿਹਾ ਹੈ। ਉਹੀ ਉਸਨੂੰ ਫੁਰਨੇ ਫੁਰਾਂਦਾ ਹੈ, ਮਦਦ ਕਰਦਾ ਹੈ, ਤੇ ਕਾਰਜ ਰਾਸ ਕਰ ਦੇਂਦਾ ਹੈ। ਉਸ ਦੇ ਮਨ ਦੀ ਅਵਸਥਾ ਗੁਰਬਾਣੀ ਦੀਆਂ ਇਨਾ ਤੁਕਾਂ ਵਿਚ ਦਸੀ ਵਰਗੀ ਸੀ :

ਵਡੀ ਵਡਿਆਈ ਅਚਰਜ ਸੋਭਾ, ਕਾਰਜ ਆਇਆ ਰਾਸੇ॥
ਨਾਨਕ ਕਉ ਗੁਰ ਪੂਰਾ ਭੇਟਿਓ, ਸਗਲੇ ਦੂਖ ਬਿਨਾਸੇ॥

ਤਥਾ

ਸੁਖ ਦਾਤਾ ਭੈ ਭੰਜਨੋ ਤਿਸ ਆਗੈ ਕਰ ਅਰਦਾਸ॥
ਮੇਹਰ ਕਰੇ ਜਿਸ ਮੇਹਰਵਾਨ ਤਾਂ ਕਾਰਜ ਆਵੇ ਰਾਸ॥



Sri Satguru Jagjit Singh Ji eLibrary NamdhariElibrary@gmail.com

# ਨਵੇਂ ਜੀਵਨ ਦਾ ਆਰੰਭ

ਜਮਾਂਦਾਰ ਕਰਤਾਰ ਸਿੰਘ ਧਾਲੀਵਾਲ ਹੁਣ 33 ਸਾਲਾਂ ਦਾ ਭਰ ਜਵਾਨ ਖ਼ੂਬਸੂਰਤ, ਗੋਰਾ ਚਿਟਾ, ਉਚਾ ਲੰਮਾ, ਗਭਰੂ ਸੀ ਤੇ ਅਜੇ ਇਕੱਲਾ ਸੀ। ਬਚਪਨ ਦੀਆਂ ਸ਼ਾਦੀਆਂ ਦਾ ਰਿਵਾਜ ਹੋਣ ਕਰਕੇ, ਉਸ ਦੀ ਪਹਿਲੀ ਸ਼ਾਦੀ 10 ਸਾਲ ਦੀ ਉਮਰ ਵਿਚ ਹੋਈ ਸੀ, ਤੇ ਉਸ ਦੀ ਪਤਨੀ ਬਚਪਨ ਵਿਚ ਹੀ, ਫ਼ੌਜ ਵਿਚ ਜਾਣ ਤੋਂ ਪਹਿਲਾਂ ਹੀ ਮਰ ਗਈ ਸੀ। ਹੁਣ ਉਹ ਇਕ ਕਾਮਯਾਬ ਫ਼ੌਜੀ ਸੀ। ਉਸਦੇ ਆਪਣੇ ਪਿੰਡ ਦੇ ਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਦੀ ਨਜ਼ਰ ਵਿਚ, ਹੁਣ ਉਸਦੀ ਫਿਰ ਸ਼ਾਦੀ ਹੋ ਜਾਣੀ ਚਾਹੀਦੀ ਸੀ। ਇਸ ਲਈ ਉਸ ਨੂੰ ਕਈ ਪਾਸਿਓਂ ਰਿਸ਼ਤੇ ਆਉਣੇ ਸ਼ੁਰੂ ਹੋ ਗਏ। ਵਿਚੋਲੇ ਉਸ ਦੇ ਪਾਸ ਚਕਰ ਲਗਾਣ ਲਗੇ। ਉਸ ਵਲੋਂ ਗੱਲ ਕਰਨ ਵਾਲਾ ਉਹ ਆਪ ਹੀ ਸੀ। ਕਈ ਵਿਚੋਲਿਆਂ ਨੇ, ਦਾਜ, ਜ਼ਮੀਨ ਤੇ ਪੈਸਿਆਂ ਦੇ ਲਾਲਚ ਦਿਤੇ, ਪਰ ਜਮਾਂਦਾਰ ਕਰਤਾਰ ਸਿੰਘ ਦੇ ਮਨ ਵਿਚ ਪੱਕਾ ਇਰਾਦਾ ਸੀ, ਕਿ ਉਹ ਕਿਸੇ ਲਾਲਚ ਵਿਚ ਨਹੀਂ ਆਏਗਾ, ਸਗੋਂ ਜਦੋਂ ਵੀ ਉਸ ਨੂੰ ਇਹ ਮਹਿਸੂਸ ਹੋਵੇਗਾ, ਕਿ ਕੋਈ ਉਸ ਨਾਲ ਸੱਚੇ ਦਿਲੋਂ, ਨੇਕ ਇਰਾਦੇ ਤੇ ਪਿਆਰ ਨਾਲ ਰਿਸ਼ਤਾ ਜੋੜਨ ਆਇਆ ਹੈ ਤੇ ਉਸ ਦਾ ਦਿਲ ਅੰਦਰੋਂ ਗਵਾਹੀ ਦੇਵੇਗਾ, ਕਿ ਇਹ ਰਿਸ਼ਤਾ ਠੀਕ ਹੈ, ਤਾਂ ਉਹ ਉਦੋਂ ਹੀ ਪ੍ਰਵਾਨ ਕਰ ਲਵੇਗਾ।

ਇਕ ਰਿਸ਼ਤੇ ਦੀ ਪੇਸ਼ਕਸ਼ ਉਸ ਨੂੰ ਚੰਗੀ ਲਗੀ। ਉਸ ਦੇ ਮਨ ਨੇ ਭੀ ਕਿਹਾ ਕਿ ਇਹ ਰਿਸ਼ਤਾ ਠੀਕ ਹੈ, ਉਸ ਨੇ ਉਥੇ ਪ੍ਰਵਾਨਗੀ ਦੇ ਦਿਤੀ। ਮਗਰੋਂ ਹੋਰ ਕਈ ਰਿਸ਼ਤੇ ਆਏ। ਕਈਆਂ ਨੇ ਇਥੋਂ ਤਕ ਕਿਹਾ ਕਿ ਉਹ ਬੇਸ਼ਕ ਦੋ ਵਿਆਹ ਕਰ ਲਵੇ, ਉਹਨਾਂ ਨੂੰ ਕੋਈ ਇਤਰਾਜ਼ ਨਹੀਂ, ਪਰ ਉਸ ਨੇ ਕਿਹਾ ਕਿ ਨਹੀਂ ਮੈਂ ਇਸ ਤਰ੍ਹਾਂ ਨਹੀਂ ਕਰਨਾ। ਜਿਥੇ ਪਹਿਲਾਂ ਇਕ ਵਾਰ ਹਾਂ ਕਰ ਦਿਤੀ ਹੈ, ਉਥੇ ਹੀ ਸ਼ਾਦੀ ਕਰਨੀ ਹੈ। ਇਕ ਵਾਰੀ ਹਾਂ ਦਾ ਬਚਨ ਕਰਕੇ, ਫਿਰ ਪਿਛੇ ਹਟ ਜਾਣਾ, ਜਾਂ ਮੁੱਕਰ ਜਾਣਾ ਇਹ ਮਰਦ ਦਾ ਕੰਮ ਨਹੀਂ। ਰਿਸ਼ਤਾ ਉਥੇ ਹੀ ਕਰਨਾ ਹੈ ਤੇ ਬਿਨਾਂ ਕਿਸੇ ਲੋਭ ਲਾਲਚ ਦੇ ਕਰਨਾ ਹੈ। ਉਦੋਂ ਲੜਕੀਆਂ ਨੂੰ ਦੇਖਣ ਦਾ ਰਿਵਾਜ ਨਹੀਂ ਸੀ। ਲੜਕੀ ਨੂੰ ਦਿਖਾਣ ਦੀ ਗੱਲ ਕਰਨਾ, ਸ਼ਰੀਫ਼ਾਨਾ ਤੇ ਖ਼ਾਨਦਾਨੀ ਗੱਲ ਨਹੀਂ ਮੰਨੀ ਜਾਂਦੀ ਸੀ। ਵਿਚੋਲੇ ਦੇ ਕਹੇ ਤੇ ਅਤੇ ਲੜਕੀ ਦੇ ਮਾਤਾ ਪਿਤਾ ਦੀ ਗੱਲ ਤੇ ਹੀ ਇਤਬਾਰ ਕੀਤਾ ਜਾਂਦਾ ਸੀ। ਸੋ 1945 ਵਿਚ, ਜੰਗ ਪਿਛੋਂ ਤਿੰਨ ਮਹੀਨੇ ਦੀ ਛੁੱਟੀ ਤੇ ਆਏ ਜ਼ਮਾਂਦਾਰ ਕਰਤਾਰ ਸਿੰਘ ਧਾਲੀਵਾਲ ਦੀ ਸ਼ਾਦੀ ਹੋ ਗਈ। ਜਮਾਂਦਾਰੀ ਦੀ ਤਰੱਕੀ ਦੇ ਆਰਡਰ ਦੀ ਚਿਠੀ ਭੀ, ਵਿਆਹ ਦੇ ਕੁਝ ਦਿਨ ਬਾਅਦ ਪਿੰਡ ਵਿਚ ਹੀ ਪਹੁੰਚ ਗਈ। ਇਸ ਤਰ੍ਹਾਂ ਸ਼ਾਦੀ



Sri Satguru Jagjit Singh Ji eLibrary NamdhariElibrary@gmail.com

ਤੇ ਤਰੱਕੀ ਦੀ ਦੋਹਰੀ ਖੁਸ਼ੀ ਹੋ ਗਈ। ਨਵੀਂ ਵਿਆਹੀ ਪਤਨੀ ਦੇ ਪੈਰ ਪੈਣ ਦਾ ਵੀ ਇਹ ਸ਼ੁਭ ਸ਼ਗਨ ਸੀ।

ਛੁੱਟੀ ਖ਼ਤਮ ਹੋਣ ਤੇ ਜਮਾਂਦਾਰ ਕਰਤਾਰ ਸਿੰਘ ਵਾਪਸ ਆਪਣੀ ਰਜਮੈਂਟ ਵਿਚ ਨੌਸ਼ਹਿਰੇ ਚਲਾ ਗਿਆ। ਥੋੜ੍ਹੇ ਦਿਨਾਂ ਬਾਅਦ, ਜਮਾਂਦਰ ਹੋਣ ਦੇ ਨਾਤੇ, ਉਸਨੂੰ ਰਹਿਣ ਲਈ ਵਖਰਾ ਛੋਟਾ ਬੰਗਲਾ ਮਿਲ ਗਿਆ। ਉਹ ਆਪਣੀ ਪਤਨੀ ਨੂੰ ਭੀ ਇਥੇ ਲੈ ਆਇਆ। ਕੁਝ ਦਿਨ ਉਥੇ ਰਹਿ ਕੇ ਉਸਦੀ ਪਤਨੀ ਜਸਵੰਤ ਕੌਰ, ਵਾਪਸ ਉਸ ਦੇ ਪਿੰਡ ਰਖੜਾ ਚਲੀ ਗਈ।

ਹੁਣ 1947 ਆ ਗਿਆ ਸੀ। ਦੇਸ਼ ਆਜ਼ਾਦ ਹੋਣ ਦੀ ਕਾਰਵਾਈ ਚਲ ਰਹੀ ਸੀ ਤੇ ਅੰਗ੍ਰੇਜ਼ ਦੀ ਕੁਟਲ ਨੀਤੀ ਦੇ ਕਾਰਨ ਦੇਸ਼ ਦੀ ਵੰਡ ਕਰਕੇ ਦੋ ਟੋਟੇ ਕਰ ਦੇਣ ਦੀ ਤਿਆਰੀ ਹੋ ਰਹੀ ਸੀ। 15 ਅਗਸਰ 1947 ਨੂੰ ਭਾਰਤ ਤੇ ਪਾਕਿਸਤਾਨ, ਦੋ ਵਖਰੇ ਵਖਰੇ ਦੇਸ਼ ਹੋ ਗਏ। ਫ਼ੌਜ ਦੀ ਭੀ ਵੰਡ ਹੋ ਗਈ। ਫ਼ੌਜੀ ਟੁਕੜੀਆਂ ਦੇ ਇਕ ਦੇਸ਼ ਦੀ ਛਾਉਣੀ ਤੋਂ ਦੂਜੇ ਦੇਸ਼ ਦੀ ਛਾਵਣੀ ਵਿਚ ਜਾਣ ਦੇ ਆਰਡਰ ਹੋ ਗਏ। ਨੌਸ਼ਹਿਰੇ ਦੀ ਫ਼ੌਜ, ਜੋ ਸਿਖ ਰੈਜਮੈਂਟ ਸੀ ਨੂੰ ਅੰਬਾਲਾ ਛਾਉਣੀ ਪਹੁੰਚਣ ਦੇ ਆਰਡਰ ਮਿਲ ਗਏ।

ਦੇਸ਼ ਵਿਚ ਭਿਆਨਕ ਫ਼ਿਰਕੂ ਫ਼ਸਾਦ ਸ਼ੁਰੂ ਹੋ ਚੁਕੇ ਸਨ। ਪਾਕਿਸਤਾਨ ਵਿਚੋਂ ਹਿੰਦੂ ਸਿਖ, ਭਾਰਤ ਦੇ ਪੂਰਬੀ ਪੰਜਾਬ ਆ ਰਹੇ ਸਨ ਤੇ ਹਿੰਦੁਸਤਾਨ ਵਿਚੋਂ ਮੁਸਲਮਾਨ ਪੂਰਬੀ ਪੰਜਾਬ ਰਾਹੀਂ, ਪਛਮੀ ਪੰਜਾਬ ਪਾਕਿਸਤਾਨ ਵਲ ਜਾ ਰਹੇ ਸਨ। ਰਾਹ ਵਿਚ ਗੱਡੀਆਂ ਤੇ ਪੈਦਲ ਕਾਫ਼ਲਿਆਂ ਉਤੇ ਵਿਰੋਧੀ ਧਰਮ ਦੇ ਬਲਵਈਆਂ ਵਲੋਂ ਹਮਲੇ ਹੁੰਦੇ ਸਨ। ਹਜ਼ਾਰਾਂ ਬੇਗੁਨਾਹ ਕਤਲ ਕੀਤੇ ਜਾ ਰਹੇ ਸਨ। ਬੱਚੇ ਯਤੀਮ ਤੇ ਔਰਤਾਂ ਵਿਧਵਾ ਕੀਤੀਆਂ ਜਾ ਰਹੀਆਂ ਸਨ। ਜੁਆਨ ਇਸਤ੍ਰੀਆਂ ਤੇ ਲੜਕੀਆਂ ਦੇ ਬਲਾਤਕਾਰ ਤੇ ਅਗਵਾ ਹੋ ਰਹੇ ਸਨ। ਇਨਸਾਨੀਅਤ ਵਹਿਸ਼ਤ ਦਾ ਨੰਗਾ ਨਾਚ ਨਚ ਰਹੀ ਸੀ। ਸ਼ੈਤਾਨੀਅਤ ਦਾ ਬੋਲ ਬਾਲਾ ਸੀ। ਮਨੁੱਖੀ ਏਕਤਾ ਤੇ ਪਿਆਰ ਮੁਹੱਬਤ ਦੀਆਂ ਆਵਾਜ਼ਾਂ, ਨਫ਼ਰਤ ਤੇ ਦੁਸ਼ਮਣੀ ਦੀਆਂ ਉਚੀਆਂ ਮਾਰੂ ਆਵਾਜ਼ਾਂ ਥਲੇ ਦਬ ਗਈਆਂ ਸਨ। ਸ਼ਰੀਫ਼ ਤੇ ਸਿਆਣੇ ਬੰਦੇ, ਆਪਣੀ ਇਜ਼ਤ ਬਚਾ ਕੇ ਘਰ ਬੈਠ ਗਏ ਸਨ ਤੇ ਗੁੰਡਾ ਗਰਦੀ ਤੇ ਬਦਮਾਸ਼ੀ ਦਾ ਹਰ ਪਾਸੇ ਦਬਦਬਾ ਸੀ।

ਇਸ ਖ਼ੂਨੀ ਵਾਤਾਵਰਣ ਵਿਚ ਨੌਸ਼ਹਿਰੇ ਦੀ ਸਿਖ ਰਜਮੈਂਟ ਆਪਣੇ ਅੰਗ੍ਰੇਜ਼ ਕਰਨਲ ਦੀ ਕਮਾਨ ਹੇਠ, ਰੇਲ ਰਾਹੀਂ ਅੰਬਾਲਾ ਛਾਉਣੀ ਲਈ ਰਵਾਨਾ ਹੋਈ। ਜਦੋਂ ਇਹ ਗੱਡੀ ਲਾਹੌਰ ਸਟੇਸ਼ਨ ਤੇ ਪੁਜੀ ਤਾਂ ਜਨੂੰਨੀ ਮੁਸਲਿਮ ਲੀਗੀ ਬਲਵਾਈਆਂ ਨੇ ਇਸ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਕਿਹਾ ਕਿ ਅਸਾਂ ਸਿਖਾਂ ਨੂੰ ਨਹੀਂ ਛੱਡਣਾ। ਸਿਖ ਫ਼ੌਜੀ ਕਰਨਲ ਨੂੰ ਕਹਿਣ ਲਗੇ ਕਿ ਜੇ ਸਾਨੂੰ ਇਜਾਜ਼ਤ ਦਿਓ ਤਾਂ ਅਸੀਂ ਇਨ੍ਹਾਂ ਨਾਲ ਆਪ ਹੀ ਸਿਝ ਲੈਂਦੇ ਹਾਂ, ਪਰ ਅੰਗ੍ਰੇਜ਼ ਕਰਨਲ ਕਹਿਣ ਲਗਾ, "ਇਹ ਜ਼ਿੰਮੇਵਾਰੀ ਮੇਰੀ ਹੈ।" ਉਸਨੇ ਬਲਵਾਈ ਲੀਡਰਾਂ ਨੂੰ ਕਿਹਾ ਕਿ, "ਇਹ ਫ਼ੌਜ ਮੇਰੀ ਕਮਾਨ ਵਿਚ ਹੈ। ਮੈਂ ਇਸ ਨੂੰ ਅੰਬਾਲੇ ਪੁਚਾਣਾ ਹੈ। ਅਸਾਂ ਇਥੇ ਦੋ ਤਿੰਨ ਘੰਟੇ ਪਲੇਟਫਾਰਮ ਤੇ ਆਰਾਮ ਕਰਨਾ ਹੈ ਤੇ ਫਿਰ ਅਗੇ ਤੁਰ ਪੈਣਾ ਹੈ। ਹਥਿਆਰ ਤੇ ਗੋਲਾਬਾਰੂਦ ਸਾਡੇ ਪਾਸ ਪੂਰਾ ਮੌਜੂਦ ਹੈ। ਜੇ ਕਿਸੇ ਮੇਰੇ ਸਿਪਾਹੀਆਂ ਨੂੰ ਨੁਕਸਾਨ ਪੁਚਾਣ ਦਾ ਯਤਨ ਕੀਤਾ



Sri Satguru Jagjit Singh Ji eLibrary NamdhariElibrary@gmail.com

ਤਾਂ ਮੈਂ ਇਥੇ ਲਾਸ਼ਾਂ ਦੇ ਢੇਰ ਲਗਾ ਦੇਵਾਂਗਾ ਅਤੇ ਲਾਹੌਰ ਸ਼ਹਿਰ ਵਿਚ ਵੀ ਤਬਾਹੀ ਮਚਾ ਦਿਆਂਗਾ। ਉਸ ਦੀ ਇਹ ਧਮਕੀ ਸੁਣ ਕੇ ਬਲਵਾਈ ਗੁੰਡੇ ਡਰ ਕੇ ਸਹਿਮ ਗਏ। ਉਹਨਾਂ ਨੂੰ ਪਤਾ ਸੀ ਕਿ ਉਹ ਫ਼ੌਜ ਦਾ ਮੁਕਾਬਲਾ ਨਹੀਂ ਕਰ ਸਕਦੇ। ਉਹ ਉਥੋਂ ਚਲੇ ਗਏ। ਗੱਡੀ ਉਥੋਂ ਚਲ ਕੇ ਅੰਮ੍ਰਿਤਸਰੋਂ ਹੁੰਦੀ ਹੋਈ ਅੰਬਾਲੇ ਵਲ ਤੁਰ ਪਈ। ਅੰਮ੍ਰਿਤਸਰ ਤੋਂ ਅਗੇ ਤਾਂ ਖ਼ਤਰਾ ਹੀ ਕੋਈ ਨਹੀਂ ਸੀ। ਸਿਖ ਫ਼ੌਜੀਆਂ ਨੇ ਖੁਸ਼ੀ ਦੇ ਜੈਕਾਰੇ ਛੱਡੇ। ਗੱਡੀ ਅੰਬਾਲਾ ਛਾਉਣੀ ਪਜ ਗਈ।

ਅੰਬਾਲਾ ਪੁਜ ਕੇ ਫ਼ੌਜ ਨੂੰ ਬੈਰਕਾਂ ਵਿਚ ਭੇਜ ਦਿਤਾ ਗਿਆ। ਸਾਲ੍ਹ ਡੇਢ ਸਾਲ, ਜਮਾਦਾਰ ਕਰਤਾਰ ਸਿੰਘ ਨੇ ਪੂਰੇ ਫ਼ੌਜੀ ਡਿਸਿਪਲਨ ਵਿਚ ਰਹਿੰਦਿਆਂ ਅੰਬਾਲੇ ਹੀ ਗੁਜ਼ਾਰਿਆ। ਇਥੇ ਰਹਿੰਦਿਆਂ ਹੀ ਉਸਦੀ ਤਰੱਕੀ ਦਾ ਆਰਡਰ ਆ ਗਿਆ ਤੇ ਉਸਨੂੰ ਸੂਬੇਦਾਰ ਬਣਾ ਦਿਤਾ ਗਿਆ। ਇਸ ਤਰ੍ਹਾਂ ਉਸਦੀ ਸੂਬੇਦਾਰ ਬਣਨ ਦੀ ਪੁਰਾਣੀ ਦਿਲੀ ਖ਼ਾਹਿਸ਼, ਗੁਰੂ ਨਾਨਕ ਦੀ ਕ੍ਰਿਪਾ, ਉਸ ਦੀ ਭਗਤੀ-ਸ਼ਰਧਾ ਤੇ ਦ੍ਰਿੜ੍ਹ ਵਿਸ਼ਵਾਸ ਸਦਕਾ ਪੂਰੀ ਹੋ ਗਈ। ਗੁਰੂ ਨਾਨਕ ਦੀ ਭਗਤੀ ਤੇ ਸ਼ਰਧਾ ਉਸ ਦੇ ਮਨ ਵਿਚ ਦਿਨੋਂ ਦਿਨ ਹੋਰ ਵੀ ਦ੍ਰਿੜ੍ਹ ਹੋ ਗਈ, ਕਿਉਂਕਿ ਉਹ ਮੰਨਦਾ ਸੀ ਕਿ ਇਹ ਸਭ ਕੁਝ ਉਸ ਲਈ ਗੁਰੂ ਨਾਨਕ ਆਪ ਕਰ ਰਿਹਾ ਹੈ। ਉਸ ਦੀ ਪਤਨੀ ਭੀ ਅੰਬਾਲੇ ਉਸ ਦੇ ਪਾਸ ਸੀ।

ਸੂਬੇਦਾਰ ਕਰਤਾਰ ਸਿੰਘ ਨੂੰ ਮਦਰਾਸ ਵਿਚ ਆਰਮੀ ਟਰਾਂਸਿਟ ਕੈਂਪ ਵਿਚ ਭੇਜਣ ਦੇ ਆਰਡਰ ਹੋ ਗਏ। ਉਸ ਦੀ ਪਤਨੀ ਵਾਪਸ ਪਿੰਡ ਰਖੜੇ ਪਹੁੰਚ ਗਈ। ਮਦਰਾਸ ਵਿਚ ਇਕ ਅੰਗ੍ਰੇਜ਼ ਅਫ਼ਸਰ ਤੇ 6-7 ਹੋਰ JCO (ਜੂਨੀਅਰ ਕਮਿਸ਼ੰਡ ਆਫ਼ੀਸਰ) ਸਨ। ਉਨ੍ਹਾਂ ਦੀ ਡਿਊਟੀ ਇਹ ਸੀ ਕਿ ਉਹ ਬਾਹਰੋਂ ਆਣ ਵਾਲੇ ਤੇ ਬਾਹਰ ਜਾਣ ਵਾਲੇ ਫ਼ੌਜੀਆਂ ਦੀ ਦੇਖ ਭਾਲ ਕਰਨ। ਉਥੇ ਦੋ ਤਿੰਨ ਦਿਨ ਉਨ੍ਹਾਂ ਦੇ ਠਹਿਰਨ ਦਾ ਤੇ ਰਾਸ਼ਨ ਦਾ ਇੰਤਜ਼ਾਮ ਕਰਨ। ਬਾਹਰੋਂ ਆਏ ਫ਼ੌਜੀਆਂ ਨੂੰ ਹਿੰਦੁਸਤਾਨ ਦੀਆਂ ਛਾਉਣੀਆਂ ਵਿਚ ਪਹੁੰਚਾਣ ਲਈ ਉਨ੍ਹਾਂ ਦੇ ਰੇਲ ਗੱਡੀਆਂ ਵਿਚ ਚੜ੍ਹਾਣ ਅਤੇ ਇਥੋਂ ਬਾਹਰ ਜਾਣ ਵਾਲੇ ਫ਼ੌਜੀਆਂ ਨੂੰ ਸਮੁੰਦਰੀ ਜਹਾਜ਼ ਤੇ ਚੜ੍ਹਾਣ ਦਾ ਪ੍ਰਬੰਧ ਕਰਨ। ਅਤੇ ਥਾਂ-ਥਾਂ ਆਪਣੇ ਟਿਕਾਣਿਆਂ ਵਿਚ ਪਹੁੰਚਣ ਲਈ ਉਹਨਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ। ਪਾਕਿਸਤਾਨ ਜਾਣ ਵਾਲੇ ਫ਼ੌਜੀਆਂ ਨੂੰ ਸਮੁੰਦਰੀ ਜਹਾਜ਼ ਰਾਹੀਂ ਕਰਾਚੀ ਭੇਜ ਦਿਤਾ ਜਾਂਦਾ ਸੀ, ਕਿਉਂਕਿ ਉਨ੍ਹਾਂ ਨੂੰ ਖ਼ੁਸ਼ਕੀ ਰਾਹੀਂ ਭੇਜਣਾ ਉਨ੍ਹਾਂ ਲਈ ਖ਼ਤਰੇ ਤੋਂ ਖ਼ਾਲੀ ਨਹੀਂ ਸੀ।

ਫ਼ੌਜੀ ਅਦਲਾ ਬਦਲੀ ਦਾ ਕੰਮ ਖ਼ਤਮ ਹੋਣ ਤੇ ਮਦਰਾਸ ਦੇ ਟਰਾਂਜ਼ਿਟ ਕੈਂਪ ਨੂੰ ਵੀ ਬੰਦ ਕਰ ਦਿਤਾ ਗਿਆ। ਸੂਬੇਦਾਰ ਕਰਤਾਰ ਸਿੰਘ ਵਾਪਸ ਅੰਬਾਲਾ ਛਾਉਣੀ ਪਹੁੰਚ ਗਿਆ। ਇਸ ਤੋਂ ਪਹਿਲਾਂ ਉਸਦੇ ਘਰ ਇਕ ਲੜਕੇ ਦਾ ਜਨਮ ਹੋਇਆ ਸੀ, ਜੋ ਥੋੜ੍ਹੇ ਦਿਨਾਂ ਬਾਅਦ ਮਰ ਗਿਆ ਸੀ। ਉਸ ਦੀ ਰਜਮੈਂਟ ਵੀ ਟੁਟ ਚੁਕੀ ਸੀ, ਤੇ ਫ਼ੌਜੀ ਵਖ ਵਖ ਰਜਮੈਂਟਾਂ ਵਿਚ ਘਲ ਦਿਤੇ ਗਏ ਸਨ। ਆਪਣੀ ਸਿਖ ਰਜਮੈਂਟ ਦੇ ਟੁੱਟਣ ਬਾਅਦ, ਉਹ ਹੋਰ ਕਿਸੇ ਰਜਮੈਂਟ ਵਿਚ ਨਹੀਂ ਸੀ ਜਾਣਾ ਚਾਹੁੰਦਾ। ਇਨ੍ਹਾਂ ਦੋਹਾਂ ਗਲਾਂ ਦਾ ਉਸ ਦੇ ਮਨ ਤੇ ਅਸਰ ਹੋਇਆ ਤੇ ਮਨ ਉਦਾਸ ਹੋ ਗਿਆ। ਉਸ ਸੋਚਿਆ ਕਿ ਫ਼ੌਜੀ ਨੌਕਰੀ ਕਾਫ਼ੀ ਕਰ ਲਈ ਹੈ। ਸਕੂਲੀ ਵਿਦਿਆ ਦਾ ਕੋਈ ਸਰਟੀਫਿਕੇਟ ਨਾ ਹੋਣ ਦੀ ਵਜ੍ਹਾ ਕਰਕੇ, ਉਹ ਆਪਣੀ ਹਿੰਮਤ ਤੇ ਬਹਾਦਰੀ ਨਾਲ ਜਿਥੋਂ ਤਕ ਤਰੱਕੀ



Sri Satguru Jagjit Singh Ji eLibrary NamdhariElibrary@gmail.com

ਕਰ ਸਕਦਾ ਸੀ, ਉਹ ਉਸਨੇ ਕਰ ਲਈ ਸੀ। ਸੂਬੇਦਾਰੀ ਤੋਂ ਅਗੇ ਉਸ ਲਈ ਕੁਝ ਨਹੀਂ ਸੀ। ਇਸ ਲਈ ਉਸਨੇ ਫ਼ੈਸਲਾ ਕੀਤਾ ਕਿ ਹੁਣ ਪੈਨਸ਼ਨ ਲੈ ਲੈਣੀ ਚਾਹੀਦੀ ਹੈ। ਫ਼ੌਜੀ ਜੀਵਨ ਛੱਡ ਕੇ ਹੁਣ ਸਿਵਲੀਅਨ ਜੀਵਨ ਬਤੀਤ ਕਰਨਾ ਚਾਹੀਦਾ ਹੈ। ਖੇਤੀ ਕਰਨੀ ਚਾਹੀਦੀ ਹੈ। ਸੰਤਾਨ ਪੈਦਾ ਕਰਕੇ ਪਰਿਵਾਰਕ ਜੀਵਨ ਬਿਤਾਣਾ ਚਾਹੀਦਾ ਹੈ। ਗ੍ਰਹਿਸਤੀ ਬਣ ਕੇ ਪ੍ਰਭੂ ਭਗਤੀ, ਪਰਿਵਾਰ ਦੀ ਪਾਲਣਾ ਤੇ ਸਾਮਜ ਸੇਵਾ ਵਿਚ ਬਾਕੀ ਦਾ ਜੀਵਨ ਬਿਤਾਣਾ ਚਾਹੀਦਾ ਹੈ। ਗੁਰੂ ਨਾਨਕ ਦੀ ਭੀ ਹੁਣ ਇਹੀ ਰਜ਼ਾ ਹੈ। ਉਸ ਨੇ ਪੈਨਸ਼ਨ ਲੈ ਲਈ ਤੇ ਫ਼ੌਜੀ ਨੌਕਰੀ ਨੂੰ ਆਪਣੀ ਜੁਆਨੀ ਦਾ ਕਾਫ਼ੀ ਹਿਸਾ ਅਰਪਨ ਕਰਨ ਪਿਛੋਂ, ਉਸ ਨੂੰ ਸਦਾ ਲਈ ਅਲਵਿਦਾ ਆਖ ਕੇ ਵਾਪਸ ਆਪਣੇ ਪਿੰਡ ਰਖੜਾ ਪਹੁੰਚ ਗਿਆ।

ਅਪਣਾ ਗੁਰੂ ਧਿਆਇਆ
ਸੁਖ ਸਹਿਜ ਸੇਤੀ ਘਰ ਆਏ॥



Sri Satguru Jagjit Singh Ji eLibrary NamdhariElibrary@gmail.com

# ਅਨੋਖਾ ਪੁਲੀਸ ਅਫ਼ਸਰ

ਉਹਨਾਂ ਦਿਨਾਂ ਵਿਚ ਹੈਦਰਾਬਾਦ ਲਈ ਪੁਲੀਸ ਦੀ ਭਰਤੀ ਹੋ ਰਹੀ ਸੀ। ਸੂਬੇਦਾਰ ਕਰਤਾਰ ਸਿੰਘ ਵੀ ਭਰਤੀ ਹੋ ਗਿਆ। ਉਸਨੂੰ ਪੁਲੀਸ ਇੰਨਸਪੈਕਟਰ ਬਣਾ ਕੇ ਹੈਦਰਾਬਾਦ ਭੇਜ ਦਿਤਾ ਗਿਆ। ਪਰ ਇਕ ਮਹੀਨੇ ਵਿਚ ਹੀ ਉਸ ਦਾ ਦਿਲ ਉਚਾਟ ਹੋ ਗਿਆ। ਉਥੋਂ ਦਾ ਵਾਤਾਵਰਣ ਉਸ ਨੂੰ ਬਿਲਕੁਲ ਪਸੰਦ ਨਾ ਆਇਆ। ਆਪਣੇ ਪਹਿਲੇ ਲੜਕੇ ਦੇ ਮਰਨ ਦਾ ਸਦਮਾ ਉਸ ਦੇ ਦਿਲ ਤੋਂ ਹਟ ਨਹੀਂ ਸੀ ਰਿਹਾ। ਉਹ ਇੰਨਸਪੈਕਟਰੀ ਛੱਡ ਕੇ ਵਾਪਸ ਆਪਣੇ ਪਿੰਡ ਆ ਗਿਆ। ਸੂਬੇਦਾਰ ਨੇ ਆਪਣੀ ਜ਼ਮੀਨ ਨੂੰ ਪੁਟ ਪੁਟਾ ਕੇ ਹਮਵਾਰ ਕੀਤਾ ਤੇ ਮਿਹਨਤ ਨਾਲ ਆਬਾਦ ਕੀਤਾ। ਉਸ ਦਾਂ ਵਿਚਾਰ ਹੁਣ ਪਿੰਡ ਵਿਚ ਰਹਿ ਕੇ ਖੇਤੀ ਕਰਨ ਦਾ ਸੀ। ਉਸ ਨੇ ਕੁਝ ਹਿਸੇ ਵਿਚ ਕਮਾਦ ਬੀਜ ਦਿਤਾ ਤੇ ਕੁਝ ਵਿਚ ਸਰਹੋਂ ਬੀਜ ਦਿਤੀ। ਉਸ ਦੇ ਘਰ 1949 ਵਿਚ ਇਕ ਲੜਕੇ ਨੇ ਜਨਮ ਲਿਆ, ਜਿਸ ਦਾ ਨਾਮ ਉਸਨੇ ਦਰਸ਼ਨ ਸਿੰਘ ਰਖਿਆ। (ਦਰਸ਼ਨ ਸਿੰਘ ਸੂਬੇਦਾਰ ਬਾਪੂ ਕਰਤਾਰ ਸਿੰਘ ਦਾ ਵਡਾ ਲੜਕਾ ਹੈ। ਜੋ ਅਮਰੀਕਾ ਵਿਚ ਹੈ ਤੇ ਅਮਰੀਕਾ ਦੇ ਪ੍ਰਸਿਧ ਬਿਜ਼ਨਸ ਮੈਨ ਦਰਸ਼ਨ ਸਿੰਘ ਧਾਲੀਵਾਲ ਦੇ ਨਾਮ ਨਾਲ ਮਸ਼ਹੂਰ ਹੈ। ਇਸ ਦਾ ਵਿਸਥਾਰ ਸਹਿਤ ਜ਼ਿਕਰ ਅਗੇ ਆਵੇਗਾ।)

ਉਹਨਾਂ ਦਿਨਾਂ ਵਿਚ ਹੀ ਹੋਮ. ਗਾਰਡ ਦੀ ਸੰਸਥਾ ਬਣਾਈ ਗਈ। ਉਹ ਹੋਮ ਗਾਰਡ ਵਿਚ ਭਰਤੀ ਹੋ ਗਿਆ। ਉਸ ਨੂੰ ਕੰਪਨੀ ਕਮਾਂਡਰ ਬਣਾ ਦਿਤਾ ਗਿਆ। ਹੋਮ ਗਾਰਡ ਦੇ ਬੰਦਿਆਂ ਨੂੰ ਰਾਈਫ਼ਲਾਂ ਦੇ ਦਿਤੀਆਂ ਗਈਆਂ। ਉਹ ਇਲਾਕੇ ਵਿਚ ਗਸ਼ਤ ਕਰਕੇ ਫਿਰ ਆਪਣੇ ਘਰਾਂ ਨੂੰ ਪਰਤ ਜਾਂਦੇ ਸਨ। ਸੂਬੇਦਾਰ ਕਰਤਾਰ ਸਿੰਘ ਭੀ ਆਪਣੇ ਮਾਤਹਿਤ ਹੋਮ ਗਾਰਡਾਂ ਨਾਲ ਇਲਾਕੇ ਵਿਚ ਗਸ਼ਤ ਕਰਨ ਜਾਂਦਾ ਸੀ, ਤੇ ਫਿਰ ਘਰ ਪਰਤ ਆਉਂਦਾ ਸੀ। ਉਸ ਦੀ ਰਿਹਾਇਸ਼ ਆਪਣੇ ਪਿੰਡ ਰਖੜੇ ਵਿਚ ਹੀ ਰਹੀ।

ਉਸ ਵੇਲੇ ਜੰਗਾ ਨਾਂ ਦਾ ਇਕ ਬੰਦਾ ਹੋਮ ਗਾਰਡਾਂ ਵਿਚ ਸੀ। ਉਹ ਸੂਬੇਦਾਰ ਕਰਤਾਰ ਸਿੰਘ ਦਾ ਚੰਗਾ ਵਾਕਫ਼ ਤੇ ਮੇਲੀ ਗੇਲੀ ਬਣ ਗਿਆ। ਰਬ ਜਾਣੇ ਉਸ ਦੇ ਮਨ ਵਿਚ ਕੀ ਆਈ, ਕੀ ਉਥਲ ਪੁਥਲ ਹੋਈ ਤੇ ਉਸ ਦੀ ਬੁਧੀ ਨੇ ਕੀ ਪਲਟਾ ਖਾਧਾ ਕਿ ਉਹ ਭਗੌੜਾ ਹੋ ਗਿਆ। ਲੁਟ ਮਾਰ ਸ਼ੁਰੂ ਕਰ ਦਿਤੀ ਤੇ ਡਾਕੂ ਬਣ ਗਿਆ। ਉਸ ਦੇ ਨਾਲ ਕੁਝ ਹੋਰ ਸਾਥੀ ਭੀ ਮਿਲ ਗਏ ਤੇ ਉਸਨੇ ਡਾਕੂਆਂ ਦਾ ਇਕ ਚੰਗਾ ਤਕੜਾ ਟੋਲਾ ਬਣਾ ਲਿਆ। ਸਾਰੇ ਇਲਾਕੇ ਵਿਚ ਉਸ ਦੀ ਧਾਂਕ ਬੈਠ ਗਈ। ਲੋਕਾਂ ਵਿਚ ਦਹਿਸ਼ਤ ਫੈਲ ਗਈ ਤੇ ਪੁਲੀਸ ਭੀ ਉਸ ਤੋਂ ਡਰਨ ਲਗੀ।

ਇਕ ਦਿਨ ਸ਼ਾਮ ਵੇਲੇ ਪਿੰਡ ਦੇ ਕੁਝ ਬੰਦਿਆਂ ਨੂੰ ਪਤਾ ਲਗਾ ਕਿ ਜੰਗਾ ਡਾਕੂ



Sri Satguru Jagjit Singh Ji eLibrary NamdhariElibrary@gmail.com

ਤੇ ਉਸ ਦੇ ਕੁਝ ਸਾਥੀ ਸੂਬੇਦਾਰ ਦੇ ਕਮਾਦ ਦੇ ਖੇਤ ਵਿਚ ਲੁਕੇ ਹੋਏ ਹਨ, ਤੇ ਪਿੰਡ ਦੇ ਕੁਝ ਬੰਦਿਆਂ ਨੇ ਉਸ ਨੂੰ ਲਕ ਛੁਪ ਕੇ ਰੋਟੀ ਟੁਕ ਪੁਚਾਣਾ ਹੈ। ਲੋਕ ਸੂਬੇਦਾਰ ਦੇ ਘਰ ਦੇ ਬਾਹਰ ਇਕੱਠੇ ਹੋ ਗਏ, ਪਰ ਸੂਬੇਦਾਰ ਘਰ ਨਹੀਂ ਸੀ, ਬਾਹਰ ਗਿਆ ਹੋਇਆ ਸੀ। ਜਦ ਉਹ ਕੁਝ ਚਿਰ ਪਿਛੋਂ ਘਰ ਵਾਪਸ ਆਇਆ ਤਾਂ ਉਸ ਵੇਖਿਆ ਕਿ ਪਿੰਡ ਦੇ ਲੋਕ ਉਸ ਦੇ ਘਰ ਦੇ ਬਾਹਰ ਇਕੱਠੇ ਹੋਏ ਖੜੇ ਹਨ। ਉਸ ਨੇ ਉਹਨਾਂ ਦੀ ਗੱਲ ਸੁਣੀ। ਪਿੰਡ ਦੇ ਲੋਕ ਇਸ ਗੱਲ ਦੀ ਜ਼ਿਦ ਕਰ ਰਹੇ ਸਨ ਕਿ ਕਮਾਦ ਨੂੰ ਘੇਰਾ ਪਾ ਕੇ ਜੰਗੇ ਨੂੰ ਮਾਰਨ ਜਾਂ ਫੜਨ ਦੀ ਕੋਸ਼ਿਸ਼ ਕੀਤੀ ਜਾਵੇ। ਸੂਬੇਦਾਰ ਇਸ ਗੱਲ ਦੇ ਹੱਕ ਵਿਚ ਨਹੀਂ ਸੀ। ਉਹ ਜੰਗੇ ਨਾਲ ਖਾਹ-ਮਖਾਹ ਵੈਰ ਨਹੀਂ ਸੀ ਸਹੇੜਨਾ ਚਾਹੁੰਦਾ, ਪਰ ਸਾਰੇ ਪਿੰਡ ਦੇ ਇਕ ਪਾਸੇ ਹੋ ਜਾਣ ਨਾਲ ਉਸ ਨੂੰ ਝੁਕਣਾ ਪਿਆ ਤੇ ਉਹਨਾਂ ਦੀ ਗੱਲ ਮੰਨਣੀ ਪਈ। ਉਸਨੇ ਦੋ ਰਾਈਫਲਾਂ ਵਾਲੇ ਪਿੰਡ ਦੇ ਵਡੇ ਗੇਟ ਤੇ ਖੜੇ ਕਰ ਦਿਤੇ, ਅਤੇ ਚਾਰ ਬੰਦੇ ਬਿਨਾਂ ਰਾਈਫਲਾਂ ਦੇ, ਕੋਠਿਆਂ ਦੀ ਛਤਾਂ ਤੇ ਖੜੇ ਕਰ ਦਿਤੇ, ਤਾਂ ਜੋ ਉਹ ਹਰ ਆਂਦੇ-ਜਾਂਦੇ ਬੰਦੇ ਤੇ ਨਿਗਾਹ ਰਖਣ। ਰਾਈਫਲਾਂ ਵਾਲਿਆਂ ਨੂੰ ਹਦਾਇਤ ਕਰ ਦਿਤੀ ਕਿ ਉਹ ਉਸ ਤੋਂ ਪੁਛੇ ਬਗੈਰ ਕੋਈ ਫਾਇਰ ਨਾ ਕਰਨ। ਸਾਰੇ ਪਿੰਡ ਦੇ ਲੋਕ ਸਾਰੀ ਰਾਤ ਜਾਗਦੇ ਰਹੇ ਤੇ ਚਾਹ ਬਣਾ ਬਣਾ ਕੇ ਇਕ ਦੂਜੇ ਨੂੰ ਪਿਲਾਂਦੇ ਰਹੇ, ਤਾਂ ਜੋ ਕੋਈ ਸੌਂ ਨਾ ਜਾਵੇ। ਸੂਬੇਦਾਰ ਆਪ ਰਾਈਫਲ ਫੜ ਕੇ ਪਿੰਡ ਦਾ ਚੱਕਰ ਲਗਾਂਦਾ ਰਿਹਾ।

ਪਰ ਪਿੰਡ ਦੇ ਜਿਨ੍ਹਾਂ ਬੰਦਿਆਂ ਨੇ ਜੰਗੇ ਡਾਕੂ ਨੂੰ ਰੋਟੀ ਪਾਣੀ ਤੇ ਦਾਰੂ ਆਦਿ ਪੁਚਾਣਾ ਸੀ, ਉਹ ਸਭ ਦੀ ਅੱਖ ਬਚਾ ਕੇ, ਉਸ ਨੂੰ ਇਹ ਚੀਜ਼ਾਂ ਪੁਚਾ ਆਏ ਤੇ ਇਹ ਭੀ ਦਸ ਆਏ ਕਿ ਸੂਬੇਦਾਰ ਵਲੋਂ ਉਸ ਦੇ ਮੁਕਾਬਲੇ ਦੀ ਤਿਆਰੀ ਹੋ ਰਹੀ ਹੈ।"

ਜੰਗਾ ਸੂਬੇਦਾਰ ਨੂੰ ਜਾਣਦਾ ਸੀ। ਉਸਨੂੰ ਪਤਾ ਸੀ ਕਿ ਸੂਬੇਦਾਰ ਇਕ ਸਿਆਣਾ, ਤਜਰਬੇਕਾਰ ਦਲੇਰ ਫੌਜੀ ਹੈ, ਉਸ ਦਾ ਮੁਕਾਬਲਾ ਕਰਨਾ ਸੌਖਾ ਨਹੀਂ। ਜੰਗੇ ਦੇ ਸਿਰ ਤੇ ਪੁਲੀਸ ਵਲੋਂ ਕਾਫ਼ੀ ਇਨਾਮ ਰਖਿਆ ਹੋਇਆ ਸੀ। ਉਸ ਨੂੰ ਖ਼ਿਆਲ ਆਇਆ ਕਿ ਸ਼ਾਇਦ ਸੂਬੇਦਾਰ ਉਸ ਨੂੰ ਫੜਾ ਕੇ ਜਾਂ ਮਾਰ ਕੇ ਉਹ ਇਨਾਮ ਹਾਸਲ ਕਰਨਾ ਚਾਹੁੰਦਾ ਹੈ। ਉਸ ਨੇ ਇਹੀ ਸੋਚਿਆ ਕਿ ਸੂਬੇਦਾਰ ਨਾਲ ਟਕਰ ਨਾ ਲਈ ਜਾਵੇ। ਸੋ ਉਸ ਨੇ ਰਾਤੋ ਰਾਤ, ਚੁਪ ਕਰਕੇ ਉਥੋਂ ਖਿਸਕ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਸੂਬੇਦਾਰ ਨੇ ਆਲੇ ਦੁਆਲੇ ਦੇ ਪਿੰਡਾਂ ਚੋਂ ਭੀ ਰਾਈਫਲਾਂ ਵਾਲੇ ਮੰਗਵਾ ਲਏ। ਸਵੇਰੇ ਜਦ ਕਮਾਦ ਨੂੰ ਘੇਰਾ ਪਾ ਕੇ, ਸਭ ਨੇ ਉਸ ਦੀ ਤਲਾਸ਼ੀ ਲਈ, ਤਾਂ ਪਤਾ ਲਗਾ ਕਿ ਜੰਗਾ ਤੇ ਉਸ ਦੇ ਸਾਥੀ ਉਥੋਂ ਬਚ ਕੇ ਨਿਕਲ ਗਏ ਹਨ। ਉਥੇ ਕੁਝ ਸ਼ਰਾਬ ਦੀਆਂ ਖਾਲੀ ਬੋਤਲਾਂ, ਤੇ ਬਚੀ ਖੁਚੀ ਰੋਟੀ ਪਈ ਸੀ। ਪੈਰਾਂ ਦੀ ਪੈੜ ਨਪਣ ਤੇ ਪਤਾ ਲਗਾ ਕਿ ਉਹ ਸੁਕੀ ਨਹਿਰ ਵਿਚੋਂ ਲੰਘਦਾ ਹੋਇਆ, ਅਗੋਂ ਹੋਰ ਖੇਤਾਂ ਚੋਂ ਲੰਘ ਕੇ ਬਹੁਤ ਦੂਰ ਨਿਕਲ ਗਿਆ ਸੀ। ਪੈਰਾਂ ਦੇ ਨਿਸ਼ਾਨਾਂ ਤੋਂ ਪਤਾ ਲਗਾ ਕਿ ਉਹ ਸਤ ਬੰਦੇ ਸਨ।

ਇਸ ਘਟਨਾ ਤੋਂ ਬਾਅਦ, ਜੰਗੇ ਡਾਕੂ ਦੀ ਸੂਬੇਦਾਰ ਕਰਤਾਰ ਸਿੰਘ ਨਾਲ ਦੁਸ਼ਮਣੀ ਹੋ ਗਈ। ਉਸ ਨੂੰ ਯਕੀਨ ਹੋ ਗਿਆ ਕਿ ਸੂਬੇਦਾਰ ਉਸਨੂੰ ਫੜਵਾ ਕੇ ਇਨਾਮ ਲੈਣਾ ਚਾਹੁੰਦਾ ਹੈ। ਸੂਬੇਦਾਰ ਨੂੰ ਭੀ ਜੰਗੇ ਦੇ ਮਨ ਵਿਚ ਆਈ ਇਸ ਭਾਵਨਾ ਦਾ



Sri Satguru Jagjit Singh Ji eLibrary NamdhariElibrary@gmail.com

ਪਤਾ ਲਗ ਗਿਆ ਤੇ ਉਸਨੇ ਸਮਝ ਲਿਆ ਕਿ ਜੰਗਾ ਉਸ ਤੋਂ ਕਿਸੇ ਵੇਲੇ ਭੀ ਬਦਲਾ ਲੈ ਸਕਦਾ ਹੈ। ਉਸਨੇ ਮਹਿਸੂਸ ਕੀਤਾ ਕਿ ਜਦ ਤਕ ਜੰਗੇ ਦਾ ਖ਼ਤਰਾ ਟਲ ਨਹੀਂ ਜਾਂਦਾ, ਉਸ ਦਾ ਪਿੰਡ ਵਿਚ ਰਹਿਣਾ ਠੀਕ ਨਹੀਂ। ਸੋ ਉਸਨੇ ਫ਼ੈਸਲਾ ਕੀਤਾ ਕਿ ਉਹ ਕੁਝ ਚਿਰ ਲਈ ਪਿੰਡ ਛੱਡ ਦੇਵੇ ਤੇ ਪਟਿਆਲਾ ਸ਼ਹਿਰ ਵਿਚ ਜਾ ਰਹੇ। ਉਹਦਾ ਪੁਤਰ ਦਰਸ਼ਨ ਸਿੰਘ ਅਜੇ ਛੇ ਮਹੀਨੇ ਦਾ ਸੀ। ਸੋ ਉਹ ਬਾਲ ਬੱਚੇ ਸਮੇਤ ਪਿੰਡ ਛੱਡ ਕੇ ਪਟਿਆਲਾ ਸ਼ਹਿਰ ਆ ਗਿਆ। ਖੇਤੀ ਵੀ ਛੱਡ ਦਿਤੀ, ਕਿਉਂਕਿ ਖੇਤਾਂ ਵਿਚ ਘੁੰਮਣਾ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। ਉਹ ਇਹ ਵੀ ਸਮਝਦਾ ਸੀ ਕਿ ਜੇ ਜੰਗਾ ਉਸ ਨੂੰ ਮਾਰ ਲਵੇ, ਤਾਂ ਜੰਗੇ ਦਾ ਰੋਹਬ ਤੇ ਦਬ ਦਬਾ ਉਸ ਇਲਾਕੇ ਵਿਚ ਹੋਰ ਵੀ ਵਧ ਜਾਵੇਗਾ ਜਿਸਦਾ ਜੰਗੇ ਨੂੰ ਬਹੁਤ ਫਾਇਦਾ ਪਹੁੰਚੇ ਗਾ।

ਆਪਣੇ ਬਾਲ-ਬੱਚੇ ਤੇ ਪਰਿਵਾਰ ਦਾ ਗੁਜ਼ਾਰਾ ਕਰਨ ਲਈ, ਤੇ ਸੁਰੱਖਿਆ ਖ਼ਾਤਰ ਵੀ, ਉਸਨੇ ਪੁਲੀਸ ਵਿਚ ਭਰਤੀ ਹੋ ਕੇ ਏ. ਐਸ. ਆਈ. ਦੀ ਨੌਕਰੀ ਲੈ ਲਈ। ਕਿਥੇ ਤਾਂ ਉਹ ਹੈਦਰਾਬਾਦ ਵਿਚ ਪੂਰੀ ਇਨਸਪੈਕਟਰੀ ਛੱਡ ਆਇਆ ਸੀ ਤੇ ਕਿਥੇ ਇਹ ਉਸ ਤੋਂ ਦੋ ਦਰਜੇ ਥਲੇ, ਸਬ ਇਨਸਪੈਕਟਰੀ ਵੀ ਨਾ, ਅਸਿਸਟੈਂਟ ਸਬ ਇਨਸਪੈਕਟਰੀ ਵੀ ਪ੍ਰਵਾਨ ਕਰ ਲਈ। ਉਸ ਨੇ ਸੋਚਿਆ ਕਿ ਇਸ ਵਿਚ ਦੋ ਲਾਭ ਹਨ। ਇਕ ਤਾਂ ਉਸ ਦੇ ਪਾਸ ਅਸਲਾ ਤੇ ਗੋਲਾ ਬਾਰੂਦ ਆ ਜਾਵੇਗਾ, ਤੇ ਦੂਸਰਾ ਪੁਲੀਸ ਵਿਚ ਹੋਣ ਕਰਕੇ ਉਸ ਨੂੰ ਕਾਫ਼ੀ ਸੁਰੱਖਿਆ ਮਿਲ ਜਾਵੇਗੀ। ਉਸ ਨੇ ਮਨ ਬਣਾ ਲਿਆ ਕਿ ਜਦ ਤਕ ਜੰਗਾ ਨਹੀਂ ਮਰਦਾ, ਉਹ ਪਿੰਡ ਵਿਚ ਨਹੀਂ ਜਾਵੇਗਾ, ਤੇ ਉਦੋਂ ਤਕ ਪੁਲੀਸ ਦੀ ਨੌਕਰੀ ਕਰਦਾ ਰਹੇਗਾ।

ਬਹਾਦਰਗੜ੍ਹ ਦੇ ਕਿਲ੍ਹੇ ਵਿਚ ਪੁਲੀਸ ਦਾ ਵਡਾ ਗੜ੍ਹ ਸੀ। ਉਥੋਂ ਰੋਜ਼ਾਨਾ ਇਕ ਟਰੱਕ ਸਿਪਾਹੀਆਂ ਦਾ ਭਰਿਆ ਹੋਇਆ, ਇਲਾਕੇ ਦੀ ਗਸ਼ਤ ਲਈ ਮਲੇਰ ਕੋਟਲਾ ਤਕ ਜਾਂਦਾ ਸੀ। ਇਕ ਸਬ ਇਨਸਪੈਕਟਰ (S.I.) ਜਾਂ ਅਸਿਸਟੈਂਟ ਸਬ ਇਨਸਪੈਕਟਰ (A.S.I.) ਉਸ ਦਾ ਇੰਨਚਾਰਜ ਬਣ ਕੇ ਨਾਲ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਉਸ ਇਲਾਕੇ ਵਿਚ ਡਾਕੂਆਂ ਦੇ ਕਈ ਟੋਲੇ ਸਨ, ਜੋ ਜਦੋਂ ਜਦੋਂ, ਜਿਥੇ ਜਿਥੇ ਦਾਅ ਲਗੇ, ਲੁਟ ਮਾਰ ਕਰ ਲੈਂਦੇ ਸਨ। ਕਾਨੂੰਨ ਤੇ ਅਮਨ ਅਮਾਨ ਦੀ ਹਾਲਤ ਅਛੀ ਨਹੀਂ ਸੀ।

ਇਕ ਦਿਨ ਪਟਿਆਲਾ ਨੇੜੇ ਇਕ ਪਿੰਡ ਆਸਾਮਾਜਰਾ ਦੇ ਕੁਝ ਬੰਦਿਆਂ ਨੇ ਆ ਕੇ ਪੁਲੀਸ ਨੂੰ ਸੂਹ ਦਿਤੀ ਕਿ ਕੁਝ ਡਾਕੂ ਉਸ ਪਿੰਡ ਦੇ ਆਲੇ ਦੁਆਲੇ ਖੇਤਾਂ ਵਿਚ ਲੁਕੇ ਹੋਏ ਹਨ। ਸੂਬੇਦਾਰ ਨੇ ਪੁਲੀਸ ਦੇ ਗਸ਼ਤ ਕਰਨ ਵਾਲੇ ਟਰੱਕ ਤੇ ਆਪਣੀ ਡਿਊਟੀ ਲਗਵਾ ਲਈ ਤੇ ਉਸ ਪਿੰਡ ਜਾ ਪਹੁੰਚਿਆ। ਡਾਕੂਆਂ ਦੇ ਭੀ ਆਪਣੇ ਸ੍ਰੋਤ ਹੁੰਦੇ ਹਨ। ਉਹਨਾਂ ਨੂੰ ਪੁਲੀਸ ਦੇ ਆਣ ਦੀ ਇਤਲਾਅ ਪਹਿਲਾਂ ਹੀ ਪਹੁੰਚ ਗਈ ਤੇ ਉਹ ਉਥੋਂ ਰਫੂ-ਚੱਕਰ ਹੋ ਗਏ। ਏ. ਐਸ. ਆਈ. ਸੂਬੇਦਾਰ ਕਰਤਾਰ ਸਿੰਘ ਆਪਣੇ ਸਿਪਾਹੀਆਂ ਸਮੇਤ ਮਲੇਰ ਕੋਟਲੇ ਜਾ ਪੁੱਜਾ। ਉਥੇ ਉਸ ਨੇ ਆਪਣੇ ਸਾਥੀਆਂ ਨੂੰ ਆਪਣੇ ਖਰਚ ਤੇ ਵਧੀਆ ਚਾਹ ਪਾਣੀ ਪਿਲਾਇਆ। ਸਿਪਾਹੀ ਸਿਨੇਮਾ ਵੇਖਣਾ ਚਾਹੁੰਦੇ ਸਨ। ਉਹਨਾਂ ਦਿਨਾਂ ਵਿਚ ਸਿਨੇਮਾ ਵੇਖਣਾ ਵੀ ਇਕ ਵਡੀ ਅਯਾਸ਼ੀ ਤੇ ਮਨੋਰੰਜਨ ਸੀ। ਸੂਬੇਦਾਰ ਨੇ ਉਨ੍ਹਾਂ ਨੂੰ ਆਪਣੇ ਪਾਸੋਂ ਟਿਕਟਾਂ ਲੈ ਦਿਤੀਆਂ। ਉਥੋਂ ਦੇ ਥਾਣੇਦਾਰ ਜਾਗੀਰ



Sri Satguru Jagjit Singh Ji eLibrary NamdhariElibrary@gmail.com

ਸਿੰਘ ਨੂੰ ਦਸ ਦਿਤਾ ਕਿ ਅਸੀਂ ਸਿਨੇਮਾ ਵਿਚ ਬੈਠੇ ਹਾਂ, ਜੇ ਕਿਧਰੇ ਸਾਡੀ ਲੋੜ ਪਵੇ ਤਾਂ ਬੁਲਾ ਲੈਣਾ।

ਅਜੇ ਉਹ ਸਿਨੇਮਾ ਵਿਚ ਬੈਠੇ ਹੀ ਸਨ ਕਿ ਜਾਗੀਰ ਸਿੰਘ SHO ਦੌੜਦਾ ਹੋਇਆ ਸਿਨੇਮਾ ਆਇਆ ਤੇ ਸੂਬੇਦਾਰ ਕਰਤਾਰ ਸਿੰਘ ਨੂੰ ਦਸਿਆ ਕਿ ਨਾਲ ਦੇ ਇਕ ਪਿੰਡ ਵਿਚ ਹੁਣੇ ਹੁਣੇ ਡਾਕਾ ਪਿਆ ਹੈ ਤੇ ਡਾਕੂ ਲੁਟ ਮਾਰ ਦੇ ਮਾਲ ਦੇ ਨਾਲ ਇਕ ਲੜਕੀ ਨੂੰ ਭੀ ਚੁਕ ਕੇ ਲੈ ਗਏ ਹਨ। ਸੂਬੇਦਾਰ ਤੇ ਉਸ ਦੇ ਸਾਥੀ, ਸਿਨੇਮਾ ਵਿਚੇ ਛਡ ਕੇ, ਫਟਾ-ਫਟ ਟਰੱਕ ਵਿਚ ਸਵਾਰ ਹੋਏ ਤੇ ਮਿੰਟਾਂ ਵਿਚ ਹੀ ਉਸ ਪਿੰਡ ਜਾ ਪਹੁੰਚੇ।

ਉਥੇ ਜਾ ਕੇ ਪਤਾ ਲਗਾ ਕਿ ਡਾਕੂ ਖੇਤਾਂ ਵਿਚ ਛੁਪੇ ਹੋਏ ਹਨ। ਦਿਨ ਛਿਪ ਰਿਹਾ ਸੀ ਤੇ ਹਨੇਰਾ ਹੁੰਦਾ ਜਾਂਦਾ ਸੀ। ਪੁਲੀਸ ਦੇ ਪਹੁੰਚਣ ਤੇ, ਪਿੰਡ ਦੇ ਲੋਕ, ਜੋ ਡਾਕੂਆਂ ਤੋਂ ਡਰਦੇ ਘਰਾਂ ਵਿਚ ਲੁਕੇ ਬੈਠੇ ਸਨ, ਬੂਹੇ ਖੋਲ੍ਹ ਕੇ ਬਾਹਰ ਨਿਕਲ ਆਏ। ਸੂਬੇਦਾਰ ਨੇ ਰਾਤ ਨੂੰ ਰੌਸ਼ਨੀ ਕਰਨ ਵਾਲੀ ਗੋਲੀ ਅਸਮਾਨ ਵਿਚ ਛੱਡੀ, ਜਿਸ ਨਾਲ ਅਸਮਾਨ ਵਿਚ ਰੌਸ਼ਨੀ ਹੋ ਗਈ। ਇਹ ਵੇਖ ਕੇ ਡਾਕੂ ਘਬਰਾ ਗਏ। ਉਹ ਸਮਝ ਗਏ ਕਿ ਪੁਲੀਸ ਦਾ ਕੋਈ ਚੰਗਾ ਤਕੜਾ ਹਥਿਆਰ ਬੰਦ ਦਸਤਾ, ਹਰ ਤਰ੍ਹਾਂ ਦੇ ਸਾਜ਼ੋ-ਸਾਮਾਨ ਨਾਲ ਲੈਸ, ਇਥੇ ਪੁਜ ਗਿਆ ਹੈ, ਜਿਸ ਦਾ ਮੁਕਾਬਲਾ ਕਰਨਾ ਮੁਸ਼ਕਿਲ ਹੋਵੇਗਾ, ਘਬਰਾਹਟ ਤੇ ਜਲਦੀ ਵਿਚ ਉਹ ਲੁਟਿਆ ਹੋਇਆ ਸਾਰਾ ਸਾਮਾਨ ਤੇ ਉਹ ਲੜਕੀ ਉਥੇ ਛਡ ਕੇ ਨਠ ਗਏ। ਪੁਲੀਸ ਵਾਲਿਆਂ ਤੇ ਪਿੰਡ ਦੇ ਲੋਕਾਂ, ਜਿਨ੍ਹਾਂ ਵਿਚ ਉਸ ਲੜਕੀ ਦੇ ਵਾਰਸ ਤੇ ਰਿਸ਼ਤੇਦਾਰ ਭੀ ਸ਼ਾਮਲ ਸਨ, ਨੇ ਉਚੀ ਉਚੀ, ਲੜਕੀ ਦਾ ਨਾਂ ਲੈ ਕੇ ਆਵਾਜ਼ਾਂ ਮਾਰੀਆਂ। ਲੜਕੀ ਨੇ ਜੋ ਬਹੁਤ ਡਰੀ ਹੋਈ ਸੀ, ਆਪਣੇ ਰਿਸ਼ਤੇਦਾਰਾਂ ਦੀਆਂ ਆਵਾਜ਼ਾਂ ਪਛਾਣ ਕੇ, ਅਗੋਂ ਆਵਾਜ਼ ਦਿਤੀ ਕਿ ਉਹ ਜ਼ਿੰਦਾ ਹੈ ਤੇ ਖੇਤਾਂ ਵਿਚ ਮੌਜੂਦ ਹੈ। ਲੜਕੀ ਨੂੰ ਕਿਹਾ ਗਿਆ ਕਿ ਉਹ ਬਾਹਰ ਆ ਜਾਵੇ। ਉਹ ਬਾਹਰ ਆ ਗਈ ਤੇ ਦਸਿਆ ਕਿ ਡਾਕੂ ਲੁਟ ਦਾ ਸਾਰਾ ਸਾਮਾਨ ਭੀ ਖੇਤਾਂ ਵਿਚ ਛੱਡ ਗਏ ਹਨ। ਲੜਕੀ ਨੂੰ ਵਾਰਸਾਂ ਦੇ ਹਵਾਲੇ ਕਰ ਦਿਤਾ ਗਿਆ ਤੇ ਸਾਮਾਨ ਸਥਾਨਕ ਪੁਲਸ ਚੌਕੀ ਦੇ ਸਪੁਰਦ ਕਰ ਦਿਤਾ ਗਿਆ ਤਾਂ ਕਿ ਉਹ ਮਾਲਕਾਂ ਤੋਂ ਨਿਸ਼ਾਨੀ ਲੈ ਕੇ ਪੂਰੀ ਤਸਲੀ ਕਰਕੇ, ਉਨ੍ਹਾਂ ਦੇ ਹਵਾਲੇ ਕਰ ਦੇਣ। ਸੂਬੇਦਾਰ ਟਰੱਕ ਲੈ ਕੇ ਵਾਪਸ ਮਲੇਰ ਕੋਟਲੇ ਆ ਗਿਆ ਤੇ ਉਥੋਂ ਬਹਾਦਰ ਗੜ੍ਹ ਪਰਤ ਗਿਆ। ਇਸ ਵਾਕਿਆ ਤੋਂ ਬਾਅਦ ਇਲਾਕੇ ਵਿਚ ਧਾਂਕ ਪੈ ਗਈ ਕਿ ਇਕ ਫ਼ੌਜੀ ਸੂਬੇਦਾਰ ਟਰੱਕ ਲੈ ਕੇ ਗਸ਼ਤ ਤੇ ਆਉਂਦਾ ਹੈ ਤੇ ਪੂਰੀ ਈਮਾਨਦਾਰੀ ਤੇ ਲਗਨ ਨਾਲ ਆਪਣੀ ਡਿਊਟੀ ਨਿਭਾਂਦਾ ਹੈ। ਡਾਕੂਆਂ ਵਿਚ ਭੀ ਦਹਿਸ਼ਤ ਫੈਲ ਗਈ ਕਿ ਇਹ ਪੁਲੀਸ ਵਾਲਾ ਪਹਿਲੇ ਪੁਲੀਸੀਆਂ ਵਾਂਗੂੰ ਡਰਪੋਕ ਤੇ ਡੰਗ-ਟਪਾਊ ਨਹੀਂ।

ਧੂਰੀ ਦੇ ਇਲਾਕੇ ਵਿਚ ਇਕ ਪਿੰਡ 'ਰੁਲਦਾ ਸਿੰਘ ਵਾਲਾ' ਨਾਮ ਦਾ ਸੀ। ਪੁਰਾਣੇ ਵਕਤਾਂ ਵਿਚ ਉਥੇ ਇਕ ਸਾਧ ਦਾ ਡੇਰਾ ਸੀ। ਉਹ ਮਰ ਚੁੱਕਾ ਸੀ। ਮਗਰੋਂ ਉਸ ਦਾ ਕੋਈ ਵਾਲੀ-ਵਾਰਸ ਨਹੀਂ ਸੀ। ਉਸਦੀ ਡੇਰੇ ਵਾਲੀ ਥਾਂ ਐਵੇਂ ਖਾਲੀ ਤੇ ਲਾਵਾਰਸ ਪਈ ਸੀ। ਪਿੰਡ ਦੇ ਇਕ ਸਰਦਾਰ ਦਾ ਵਿਚਾਰ ਸੀ ਕਿ ਇਥੇ ਬੱਚਿਆਂ ਲਈ ਇਕ ਸਕੂਲ ਖੋਲ੍ਹ ਦਿਤਾ ਜਾਵੇ, ਕਿਉਂਕਿ ਪਿੰਡ ਵਿਚ ਕੋਈ ਸਕੂਲ ਨਹੀਂ ਸੀ। ਪਰ ਪਿੰਡ



Sri Satguru Jagjit Singh Ji eLibrary NamdhariElibrary@gmail.com

ਵਿਚ ਉਸ ਨਾਲ ਈਰਖਾ ਰਖਣ ਵਾਲੇ ਕੁਝ ਬੰਦੇ ਇਹ ਕੰਮ ਨਹੀਂ ਹੋਣ ਦੇਣਾ ਚਾਹੁੰਦੇ ਸਨ। ਉਹਨਾਂ ਦਾ ਖ਼ਿਆਲ ਸੀ ਕਿ ਸਕੂਲ ਖੁਲ੍ਹਣ ਨਾਲ ਇਸ ਦਾ ਸਾਰਾ ਕਰੈਡਿਟ ਉਸ ਸਰਦਾਰ ਨੂੰ ਮਿਲੇਗਾ, ਤੇ ਉਸ ਦੀ ਸ਼ੋਭਾ ਹੋਰ ਵਧ ਜਾਵੇਗੀ, ਤੇ ਉਹ ਇਹ ਨਹੀਂ ਸਨ ਚਾਹੁੰਦੇ। ਉਹਨਾਂ ਢੁਚਰ ਡਾਹਿਆ ਹੋਇਆ ਸੀ ਕਿ "ਇਹ ਸਾਧ ਵਾਲੀ ਥਾਂ, ਉਸ ਸਾਧ ਦੀ ਯਾਦ ਹੈ, ਇਸ ਤੇ ਕੁਝ ਨਹੀਂ ਬਣਾਣਾ ਚਾਹੀਦਾ, ਇਹ ਉਸ ਦੀ ਯਾਦ ਦੇ ਤੌਰ ਤੇ ਇਸੇ ਤਰ੍ਹਾਂ ਪਈ ਰਹਿਣੀ ਚਾਹੀਦੀ ਹੈ, ਜਿਸ ਤਰ੍ਹਾਂ ਉਹ ਸਾਧ ਛੱਡ ਗਿਆ ਸੀ।" ਉਨ੍ਹਾਂ ਦੀ ਮੁਖ਼ਾਲਫ਼ਤ ਦੇ ਬਾਵਜੂਦ, ਇਕ ਦਿਨ ਉਸ ਸਰਦਾਰ ਨੇ ਉਥੇ ਸਕੂਲ ਦੀ ਉਸਾਰੀ ਸ਼ੁਰੂ ਕਰਨ ਲਈ ਇਟਾਂ ਦਾ ਇਕ ਟਰੱਕ ਸੁਟਵਾਇਆ। ਸ਼ਰਾਰਤੀ ਬੰਦਿਆਂ ਨੇ ਟਰੱਕ ਦੇ ਟਾਇਰ ਫਾੜ ਦਿਤੇ ਤੇ ਡਾਗਾਂ ਲੈ ਕੇ ਨਿਕਲ ਆਏ ਕਿ ਅਸਾਂ ਇਥੇ ਕੁਝ ਨਹੀਂ ਬਣਨ ਦੇਣਾ।

ਇਹ ਗੱਲ ਤੁਰਦੀ ਤੁਰਦੀ ਸੂਬੇਦਾਰ ਕਰਤਾਰ ਸਿੰਘ ਏ. ਐਸ. ਆਈ. ਪੁਲੀਸ ਤਕ ਭੀ ਜਾ ਪਹੁੰਚੀ। ਉਸ ਦਾ ਵਿਚਾਰ ਸੀ ਕਿ ਸਾਧ ਕਦੋਂ ਦਾ ਮਰ ਚੁੱਕਾ ਹੈ। ਵਾਲੀ-ਵਾਰਸ ਉਸ ਦਾ ਕੋਈ ਹੈ ਨਹੀਂ, ਥਾਂ ਐਵੇਂ ਖ਼ਾਲੀ ਪਈ ਹੈ। ਜੇ ਉਥੇ ਸਕੂਲ ਬਣ ਜਾਵੇ ਤਾਂ ਪਿੰਡ ਦਾ ਫ਼ਾਇਦਾ ਹੀ ਹੋਵੇਗਾ। ਪਿੰਡ ਵਾਲਿਆਂ ਦੇ ਬੱਚੇ ਪੜ੍ਹਨਗੇ। ਵਿਰੋਧ ਕਰਨ ਵਾਲੇ ਸ਼ਰਾਰਤੀ ਬੰਦਿਆਂ ਦੇ ਬੱਚੇ ਭੀ ਪੜ੍ਹਨਗੇ। ਇਸ ਵਿਚ ਕਿਸੇ ਦਾ ਕੀ ਨੁਕਸਾਨ ਹੈ, ਫ਼ਾਇਦਾ ਹੀ ਫ਼ਾਇਦਾ ਹੈ। ਵਧ ਤੋਂ ਵਧ ਇਉਂ ਕਰ ਦੇਣਾ ਚਾਹੀਦਾ ਹੈ ਕਿ ਸਕੂਲ ਦਾ ਨਾਮ ਉਸ ਸਾਧ ਦੇ ਨਾਮ ਤੇ ਰਖ ਦਿਤਾ ਜਾਵੇ, ਜਿਸ ਨਾਲ ਸਾਧ ਦਾ ਨਾਮ ਲੈ ਕੇ ਢੁਚਰ ਡਾਹਣ ਵਾਲਿਆਂ ਦੀ ਭੀ ਤਸੱਲੀ ਹੋ ਜਾਣੀ ਚਾਹੀਦੀ ਹੈ।

ਉਸਨੇ ਇਸ ਬਾਰੇ ਆਪਣੇ ਵਡੇ ਅਫ਼ਸਰ ਡੀ. ਐਸ. ਪੀ. ਚਿਤਵੰਤ ਸਿੰਘ ਨਾਲ ਸਲਾਹ ਕੀਤੀ ਤੇ ਕਿਹਾ ਕਿ ਜੇ ਉਸ ਨੂੰ ਇਜਾਜ਼ਤ ਦਿਤੀ ਜਾਵੇ ਤਾਂ ਉਹ ਪਿੰਡ ਵਾਲੇ ਬੰਦਿਆਂ ਨੂੰ ਸਮਝਾ ਬੁਝਾ ਕੇ, ਉਥੇ ਸਕੂਲ ਬਣਾਉਣ ਲਈ ਰਾਜ਼ੀ ਕਰ ਸਕਦਾ ਹੈ। ਚਿਤਵੰਤ ਸਿੰਘ ਡੀ. ਐਸ. ਪੀ. ਉਸ ਨੂੰ ਕਹਿਣ ਲਗਾ ਕਿ ਤੇਰੀ ਤਜਵੀਜ਼ ਤਾਂ ਚੰਗੀ ਹੈ ਤੇ ਮੈਂ ਤੈਨੂੰ ਇਹ ਕੰਮ ਕਰਨ ਲਈ ਉਥੇ ਜਾਣ ਦੀ ਇਜਾਜ਼ਤ ਵੀ ਦੇ ਦੇਂਦਾ ਹਾਂ। ਪਰ ਇਸ ਗੱਲ ਦਾ ਖ਼ਿਆਲ ਰਖਣਾ ਕਿ ਕਾਨੂੰਨ ਆਪਣੇ ਹੱਥ ਵਿਚ ਨਹੀਂ ਲੈਣਾ। ਸੂਬੇਦਾਰ ਕਹਿਣ ਲਗਾ ਕਿ ਮੈਂ ਬਹੁਤ ਕਾਨੂੰਨ ਨਹੀਂ ਜਾਣਦਾ, ਪਰ ਇਹ ਕਹਿ ਸਕਦਾ ਹਾਂ ਕਿ ਮੈਂ ਇਹ ਕੰਮ ਕਰਵਾ ਸਕਦਾ ਹਾਂ। ਜੇ ਇਕ ਚੰਗਾ ਕੰਮ ਕਰਦਿਆਂ ਮੇਰੇ ਪਾਸੋਂ ਕੋਈ ਮਾੜੀ ਜਿਹੀ ਗ਼ੈਰ ਕਾਨੂੰਨੀ ਗੱਲ ਭੀ ਹੋ ਜਾਵੇ, ਤਾਂ ਉਸਦੀ ਵਧ ਤੋਂ ਵਧ ਇਹੀ ਸਜ਼ਾ ਹੋਵੇਗੀ ਕਿ ਮੈਨੂੰ ਨੌਕਰੀ ਤੋਂ ਕਢ ਦਿਤਾ ਜਾਵੇਗਾ, ਇਸ ਗੱਲ ਲਈ ਮੈਂ ਹਰ ਵੇਲੇ ਤਿਆਰ ਹਾਂ।" ਇਹ ਗੱਲ ਸੁਣ ਕੇ ਚਿਤਵੰਤ ਸਿੰਘ ਹਸ ਕੇ ਕਹਿਣ ਲਗਾ, "ਚੰਗਾ ਜਿਵੇਂ ਤੇਰੀ ਮਰਜ਼ੀ, ਪਰ ਕੋਈ ਕੰਮ ਕਰਨ ਤੋਂ ਪਹਿਲਾਂ ਆਪਣਾ ਪੜ੍ਹਿਆ ਵਿਚਾਰ ਲਈਂ।"

ਸੂਬੇਦਾਰ ਨੇ ਪੁਲੀਸ ਦਾ ਇਕ ਵਧੀਆ ਘੋੜਾ ਲਿਆ, ਵਰਦੀ ਪਾਈ ਤੇ ਸਾਰੇ ਫ਼ੌਜੀ ਤਗਮੇ ਲਗਾ ਕੇ, ਘੋੜੇ ਤੇ ਚੜ੍ਹ ਕੇ ਉਹ ਪਿੰਡ ਵਲ ਤੁਰ ਪਿਆ। ਆਪਣੇ ਨਾਲ ਦੋ ਹੋਰ ਪੈਦਲ ਸਿਪਾਹੀ ਭੀ ਲੈ ਲਏ ਅਤੇ ਉਸ ਪਿੰਡ ਵਿਚ ਜਾ ਕੇ ਡੇਰਾ ਲਗਾ ਦਿਤਾ। ਉਸ ਪਿੰਡ ਦੇ ਇਕ ਬੰਦੇ ਨੂੰ ਆਪਣਾ ਭੇਤੀ ਬਣਾ ਕੇ, ਸਾਰੀ ਗੱਲ ਸਮਝਾ ਦਿਤੀ ਤੇ



Sri Satguru Jagjit Singh Ji eLibrary NamdhariElibrary@gmail.com

ਆਪਣੇ ਆਣ ਦਾ ਮੰਤਵ ਦਸ ਦਿਤਾ। ਰਾਤ ਨੂੰ ਉਸਨੇ ਉਹ ਸਾਰੇ ਬੰਦੇ, ਜੋ ਸਕੂਲ ਬਣਨ ਵਿਚ ਰੁਕਾਵਟ ਪਾਉਂਦੇ ਸਨ, ਬੁਲਵਾ ਲਏ। ਹਰ ਇਕ ਨੂੰ ਇਕੱਲੇ ਇਕੱਲੇ ਬੁਲਾ ਕੇ ਪੁਛ-ਗਿਛ ਸ਼ੁਰੂ ਕਰ ਦਿਤੀ। ਕਿਸੇ ਨੂੰ ਕਿਹਾ ਕਿ "ਪਤਾ ਲਗਾ ਹੈ ਕਿ ਤੇਰਾ ਅੰਦਰੋਂ ਅੰਦਰੀਂ ਜੰਗੇ ਡਾਕੂ ਨਾਲ ਸਬੰਧ ਹੈ ਤੇ ਤੂੰ ਮੁਖ਼ਬਰੀ ਕਰਕੇ ਉਸ ਨੂੰ ਪੁਲੀਸ ਦੀ ਨਕਲੋ ਹਰਕਤ ਬਾਰੇ ਇਤਲਾਅ ਦੇਂਦਾ ਹੈ।" ਕਿਸੇ ਨੂੰ ਕਿਹਾ ਕਿ "ਪਤਾ ਲਗਾ ਹੈ ਕਿ ਤੂੰ ਜੰਗੇ ਡਾਕੂ ਨੂੰ, ਕਮਾਦਾਂ ਵਿਚ ਲੁਕੇ ਹੋਏ ਨੂੰ, ਚੋਰੀ ਰੋਟੀ ਟੁਕ ਪੁਚਾਂਦਾ ਹੈਂ।" ਕਿਸੇ ਨੂੰ ਕਿਹਾ "ਤੇਰਾ ਪੁਤਰ ਜੰਗੇ ਡਾਕੂ ਨੂੰ ਚੰਗੇ ਪੈਸੇ ਵਾਲਿਆਂ ਤੇ ਗਹਿਣਾ-ਗੱਟਾ ਰਖਣ ਵਾਲੇ ਘਰਾਂ ਦੀ ਨਿਸ਼ਾਨ-ਦੇਹੀ ਕਰਦਾ ਹੈ।" ਕਿਸੇ ਨੂੰ ਕਿਹਾ ਕਿ "ਤੇਰਾ ਭਰਾ ਜੰਗੇ ਦੇ ਲੁਟ ਮਾਰ ਦੇ ਮਾਲ ਵਿਚ ਹਿਸੇਦਾਰ ਹੈ ਤੇ ਮਾਲ ਨੂੰ ਵੇਚ ਵਟ ਕੇ ਉਸ ਨਾਲ ਪੈਸੇ ਵੰਡਦਾ ਹੈ" ਇਤਿਆਦਿ ਇਤਿਆਦ।

ਉਸ ਨੇ ਸਭ ਦੇ ਖ਼ਿਲਾਫ਼ ਰਿਪੋਰਟਾਂ ਲਿਖ ਕੇ ਕਾਗਜ਼ ਤਿਆਰ ਕਰ ਲਏ ਤੇ ਇੰਜ ਜ਼ਾਹਿਰ ਕੀਤਾ ਜਿਵੇਂ ਉਹ ਸੱਚੀਂ ਮੁਚੀਂ ਉਨ੍ਹਾਂ ਦੇ ਖ਼ਿਲਾਫ਼ ਪੁਲਸ ਦਫ਼ਤਰ ਵਿਚ ਰੀਪੋਰਟਾਂ ਦਰਜ ਕਰਵਾ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰੇਗਾ।

ਉਹ ਸਾਰੇ ਡਰ ਗਏ ਤੇ ਆਪੋ ਵਿਚ ਸਲਾਹ ਕਰਨ ਲਗੇ ਕਿ ਇਸ ਫ਼ੌਜੀ ਸੂਬੇਦਾਰ ਪੁਲਸੀਏ ਤੋਂ ਕਿਵੇਂ ਛੁਟਕਾਰਾ ਹਾਸਲ ਕਰੀਏ। ਇਕ ਕਹਿਣ ਲਗਾ, "ਇਸ ਨੂੰ ਚੰਗੀ ਮੋਟੀ ਵੱਢੀ ਦੇਈਏ", ਦੂਜਾ ਕਹਿਣ ਲਗਾ, "ਨਹੀਂ ਭਾਈ ਇਹ ਤਾਂ ਸੁਣਿਆ ਹੈ ਬਹੁਤ ਦਿਆਨਤਦਾਰ ਹੈ, ਇਕ ਪੈਸਾ ਭੀ ਵਢੀ ਨਹੀਂ ਲੈਂਦਾ। ਵਢੀ ਦੇਣ ਦੀ ਕੋਸ਼ਿਸ਼ ਕਰਾਂਗੇ ਤੇ ਹੋਰ ਭੀ ਗੁਸੇ ਵਿਚ ਆਵੇਗਾ ਤੇ ਫਿਰ ਸਾਡੀ ਕੋਈ ਗੱਲ ਨਹੀਂ ਸੁਣੇਗਾ।" ਤੀਜਾ ਬੋਲਿਆ, "ਇਸ ਦਾ ਕੋਈ ਬੇਲੀ ਮਿੱਤਰ ਜਾਂ ਰਿਸ਼ਤੇਦਾਰ ਪਟਿਆਲੇ ਤੋਂ ਲੈ ਆਈਏ ਤੇ ਉਸ ਦੀ ਸਫ਼ਾਰਸ਼ ਕਰਵਾਈਏ।" ਉਹ ਬੰਦਾ ਜੋ ਅੰਦਰੋਂ ਅੰਦਰੀਂ ਸੂਬੇਦਾਰ ਨਾਲ ਮਿਲਿਆ ਹੋਇਆ ਸੀ, ਉਹਨਾਂ ਨੂੰ ਕਹਿਣ ਲਗਾ, "ਇਹ ਪੁਰਾਣਾ ਫ਼ੌਜੀ ਹੈ। ਬੜਾ ਜ਼ਿਦੀ ਤੇ ਅੜਬ ਹੈ। ਆਪਣੀ ਮਨ-ਮਰਜ਼ੀ ਕਰਦਾ ਹੈ, ਕਾਨੂੰਨ ਦੀ ਭੀ ਪ੍ਰਵਾਹ ਨਹੀਂ ਕਰਦਾ। ਫ਼ੌਜੀ ਤਾਂ ਵੈਸੇ ਹੀ ਬੜੇ ਅੜਬ ਹੁੰਦੇ ਹਨ, ਨਾਲੇ ਇਹ ਫਿਟਿਆ ਹੋਇਆ ਅਨਪੜ੍ਹ ਜਟ ਵੀ ਹੈ। ਇਸਨੂੰ ਕਾਬੂ ਕਰਨਾ ਬੜਾ ਮੁਸ਼ਕਿਲ ਹੈ। ਜੇ ਤੁਸੀਂ ਕਹੋ ਤਾਂ ਮੈਂ ਵਖਰੀ ਇਸ ਨਾਲ ਗੱਲ ਕਰਾਂ ਕਿ ਇਹ ਕਿਵੇਂ ਮੰਨ ਸਕਦਾ ਹੈ।" ਉਹਨਾਂ ਸਾਰਿਆਂ ਕਿਹਾ ਕਿ ਤੂੰ ਜ਼ਰੂਰ ਇਸ ਨਾਲ ਗੱਲ ਕਰਕੇ ਸਾਡੀ ਜਾਨ ਛੁੜਵਾ। ਅਸੀਂ ਤੇਰਾ ਭੀ ਇਹਸਾਨ ਮੰਨਾਂਗੇ।

ਉਹ ਸੂਬੇਦਾਰ ਨੂੰ ਵਖਰਾ ਮਿਲ ਕੇ ਵਾਪਸ ਆ ਗਿਆ। ਸੂਬੇਦਾਰ ਤੇ ਉਹ ਤਾਂ ਪਹਿਲਾਂ ਹੀ ਭੇਤੀ ਸਨ ਤੇ ਮਿਲੇ ਹੋਏ ਸਨ, ਉਸ ਦੇ ਵਾਪਸ ਆ ਕੇ ਦਸਿਆ", ਕਿ ਉਹ ਕੋਈ ਗਲ ਮੰਨਣ ਨੂੰ ਤਿਆਰ ਨਹੀਂ। ਨਾ ਹੀ ਵਢੀ ਲੈਂਦਾ ਹੈ ਤੇ ਨਾ ਹੀ ਕੋਈ ਸਫ਼ਾਰਸ਼ ਮੰਨਣ ਨੂੰ ਤਿਆਰ ਹੈ। ਉਹ ਤੇ ਕਹਿੰਦਾ ਹੈ ਕਿ ਮੈਂ ਸਭ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਣਾ ਹੈ। ਹਾਂ ਉਹ ਇਕ ਸ਼ਰਤ ਦੇ ਮੰਨਣ ਨੂੰ ਤਿਆਰ ਹੈ, ਕਿ ਜੇ ਪਿੰਡ ਵਾਲੇ, ਪਿੰਡ ਦੀ ਸਾਂਝੀ ਭਲਾਈ ਦਾ ਕੋਈ ਕੰਮ ਕਰਨ। ਜਿਵੇਂ ਕਿ ਸਕੂਲ ਬਣਾਉਣਾ ਆਦਿ ਮੰਨ ਜਾਣ ਤੇ ਅਗੋਂ ਤੋਂ ਚਾਲ ਚਲਨ ਠੀਕ ਰਖਣ ਦਾ ਭਰੋਸਾ ਦੇਣ, ਤਾਂ ਉਹ ਇਨ੍ਹਾਂ ਨੂੰ ਛੱਡਣ ਲਈ ਤਿਆਰ ਹੈ।



Sri Satguru Jagjit Singh Ji eLibrary NamdhariElibrary@gmail.com

ਮਰਦਾ ਕੀ ਨਾ ਕਰਦਾ। ਉਹ ਸਾਰੇ ਮੰਨ ਗਏ ਕਿ ਚਲੋ ਸਕੂਲ ਬਣਾ ਲਵੋ। ਅਸੀਂ ਕੋਈ ਰੁਕਾਵਟ ਨਹੀਂ ਪਾਵਾਂਗੇ, ਸਗੋਂ ਮਦਦ ਕਰਕੇ ਸਕੂਲ ਬਣਵਾ ਦਿਆਂਗੇ। ਉਸ ਨੇ ਸਕੂਲ ਬਣਾਉਣ ਦੀ ਇਛਾ ਰਖਣ ਵਾਲੇ ਸਰਦਾਰ ਨੂੰ ਬੁਲਾ ਕੇ ਕਿਹਾ "ਸਰਦਾਰ ਜੀ ਤੁਸੀਂ ਸਕੂਲ ਬਣਾਓ, ਇਹ ਸਾਰੇ ਤੁਹਾਡੀ ਮਦਦ ਕਰਨਗੇ। ਪਰ ਇਸ ਦੀ ਬੁਨਿਆਦ ਰਖਣ ਦੀ ਤਾਰੀਖ ਰਖੀ ਜਾਵੇਗੀ ਤੇ ਜ਼ਿਲ੍ਹੇ ਦੇ ਅਫ਼ਸਰ ਇਥੇ ਆਣਗੇ।"

ਉਸ ਨੇ ਵਾਪਸ ਜਾ ਕੇ ਇਸ ਗੱਲ ਦਾ ਸਾਰਾ ਵੇਰਵਾ ਡੀ. ਐਸ. ਪੀ. ਚਿਤਵੰਤ ਸਿੰਘ ਨੂੰ ਦਸਿਆ। ਉਸ ਨੇ ਜਾ ਕੇ ਸਾਰੀ ਕਹਾਣੀ ਡੀ. ਸੀ. ਨੂੰ ਦਸੀ। ਡੀ. ਸੀ. ਸੂਬੇਦਾਰ ਦੀ ਸਿਆਣਪ ਤੇ ਦਲੇਰੀ ਤੇ ਬਹੁਤ ਖੁਸ਼ ਹੋਇਆ। ਨੀਯਤ ਦਿਨ ਤੇ ਸਾਰੇ ਅਫ਼ਸਰ ਉਸ ਪਿੰਡ ਗਏ। ਡਿਪਟੀ ਕਮਿਸ਼ਨਰ ਨੇ ਸਕੂਲ ਦੀ ਬਨਿਆਦ ਆਪਣੇ ਹਥਾਂ ਨਾਲ ਰਖੀ ਤੇ ਸੂਬੇਦਾਰ ਕਰਤਾਰ ਸਿੰਘ ਦੀ ਹਰ ਪਾਸੇ ਸ਼ਲਾਘਾ ਤੇ ਜੈ-ਜੈਕਾਰ ਹੋਈ।

ਇਕ ਦਿਨ ਸਬ ਇੰਨਸਪੈਕਟਰ ਮੋਦਨ ਸਿੰਘ, ਜੋ ਸੂਬੇਦਾਰ ਦਾ ਮਿੱਤਰ ਸੀ, ਨੇ ਆ ਕੇ ਸੂਬੇਦਾਰ ਨੂੰ ਦਸਿਆ ਕਿ ਸੂਬੇਦਾਰ ਨੂੰ ਖੇੜੀ ਪਿੰਡ ਦੀ ਪੁਲੀਸ ਚੌਕੀ ਦਾ ਇੰਚਾਰਜ ਬਣਾ ਕੇ ਭੇਜਿਆ ਜਾ ਰਿਹਾ ਹੈ, ਪਰ ਉਸ ਨੇ ਇਹ ਵੀ ਦਸਿਆ ਕਿ ਉਹ ਇਲਾਕਾ ਬੜਾ ਬਦਨਾਮ ਹੈ। ਉਥੇ ਮੁਨਸ਼ੀ ਵਾਲਾ ਪਿੰਡ ਵਿਚ ਨਾਜਾਇਜ਼ ਸ਼ਰਾਬ ਕੱਢੀ ਤੇ ਵੇਚੀ ਜਾਂਦੀ ਹੈ। ਉਥੇ ਇਕ ਬਦਮਾਸ਼ ਤੇ ਬਦਨਾਮ ਔਰਤ ਕਰਤਾਰੋ ਰਹਿੰਦੀ ਹੈ, ਜੋ ਪਿਛੋਂ ਅਸਲ ਵਿਚ ਪਠਾਣੀ ਹੈ। ਦੇਸ਼ ਦੀ ਵੰਡ ਪਿਛੋਂ ਇਥੇ ਰਹਿ ਗਈ ਤੇ ਹੁਣ ਕਰਤਾਰੋ ਬਣੀ ਬੈਠੀ ਹੈ। ਉਹ ਕਿਸੇ ਈਮਾਨਦਾਰ ਪੁਲਿਸ ਅਫ਼ਸਰ ਨੂੰ ਉਥੇ ਟਿਕਣ ਨਹੀਂ ਦੇਂਦੀ। ਜੇ ਉਹ ਅਫ਼ਸਰ ਉਸ ਦੇ ਨਾਲ ਨਾਜਾਇਜ਼ ਕੰਮ ਧੰਧੇ ਵਿਚ ਸ਼ਾਮਲ ਨਾ ਹੋਵੇ ਤਾਂ ਉਸ ਉਤੇ ਅਖ਼ਲਾਕੀ ਗਿਰਾਵਟ ਤੇ ਬਦਚਲਣੀ ਦਾ ਦਾਗ ਥੋਪ ਕੇ, ਬਦਨਾਮ ਕਰਵਾ ਕੇ ਬਦਲਵਾ ਦੇਂਦੀ ਹੈ। ਉਹ ਨਾਜਾਇਜ਼ ਸ਼ਰਾਬ ਕਢਣ ਤੇ ਵੇਚਣ ਵਿਚ ਵੀ ਪਿੰਡ ਦੇ ਹੋਰ ਬੰਦਿਆਂ ਨਾਲ ਸ਼ਾਮਲ ਹੈ। ਇਸ ਲਈ ਸੂਬੇਦਾਰ ਦਾ ਉਥੇ ਜਾਣਾ ਠੀਕ ਨਹੀਂ। ਉਸਨੂੰ ਕੋਸ਼ਿਸ਼ ਕਰਕੇ ਆਪਣੀ ਬਦਲੀ ਰੁਕਵਾ ਲੈਣੀ ਚਾਹੀਦੀ ਹੈ।

ਸੂਬੇਦਾਰ ਨੇ ਕਿਹਾ, "ਮੋਦਨ ਸਿੰਘ ਜੀ, ਨੌਕਰੀ ਕੀ ਤੇ ਨਖਰਾ ਕੀ। ਪੁਲਸ ਵਾਲਿਆਂ ਨੂੰ ਤਾਂ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਮੈਂ ਫ਼ੌਜ ਵਿਚ ਨੌਕਰੀ ਕੀਤੀ ਹੈ ਤੇ ਇਹੀ ਸਿਖਿਆ ਹੈ ਕਿ ਹਰ ਆਰਡਰ ਦੀ ਤਾਮੀਲ ਕੀਤੀ ਜਾਵੇ, ਚਾਹੇ ਜਾਨ ਜੋਖਮ ਵਿਚ ਹੀ ਪਾਉਣੀ ਪਵੇ। ਸੋ ਮੈਂ ਆਪਣੇ ਅਫ਼ਸਰਾਂ ਨੂੰ ਬਦਲੀ ਰੋਕਣ ਲਈ ਨਹੀਂ ਕਹਾਂਗਾ। ਜਿਥੋਂ ਦੇ ਮਰਜ਼ੀ ਆਰਡਰ ਕਰ ਦੇਣ, ਉਥੇ ਹੀ ਡਿਊਟੀ ਦਿਆਂਗਾ।

ਸੂਬੇਦਾਰ ਨੇ ਖੇੜੀ ਦੀ ਚੌਕੀ ਦਾ ਚਾਰਜ ਲੈ ਲਿਆ ਤੇ ਪਿੰਡ ਦੀ ਗਸ਼ਤ ਕਰਨੀ ਸ਼ੁਰੂ ਕਰ ਦਿਤੀ। ਮੁਨਸ਼ੀ ਵਾਲਾ ਪਿੰਡ ਵਿਚ ਜਾ ਕੇ ਪਤਾ ਲਗਾ ਕਿ ਪਿੰਡ ਵਿਚ ਨਾਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਧੰਧਾ ਜ਼ੋਰਾਂ-ਸ਼ੋਰਾਂ ਨਾਲ ਚਲ ਰਿਹਾ ਹੈ। ਉਸ ਨੇ ਲੋਕਾਂ ਨੂੰ ਸਮਝਾਇਆ ਕਿ "ਇਹ ਕੰਮ ਚੰਗਾ ਨਹੀਂ। ਇਹੋ ਜੇਹੀ ਸ਼ਰਾਬ ਕੱਢਣ ਤੇ ਵੇਚਣ ਨਾਲ ਜਿਥੇ ਗੌਰਮਿੰਟ ਨੂੰ ਮਾਲੀ ਨੁਕਸਾਨ ਹੁੰਦਾ ਹੈ, ਉਥੇ ਪੀਣ ਵਾਲਿਆਂ



Sri Satguru Jagjit Singh Ji eLibrary NamdhariElibrary@gmail.com

ਦੀ ਸੇਹਤ ਵੀ ਬਰਬਾਦ ਹੁੰਦੀ ਹੈ, ਕਿਉਂਕਿ ਇਸ ਦੀ ਡਿਗਰੀ ਜਾਂ ਠੀਕ ਹੋਣ ਦਾ ਪਤਾ ਨਹੀਂ ਲਗਦਾ। ਕਈ ਲੋਕ ਅਜੇਹੀ ਸ਼ਰਾਬ ਪੀ ਕੇ ਮਰ ਭੀ ਜਾਂਦੇ ਹਨ।" ਪਰ ਉਸ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ, ਤੇ ਇਹ ਕੰਮ ਕਰਨ ਵਾਲਿਆਂ ਨੇ ਆਪਣਾ ਧੰਧਾ ਜਾਰੀ ਰਖਿਆ।

ਆਖ਼ਰ ਸੂਬੇਦਾਰ ਨੇ ਇਕ ਦਿਨ, ਗਾਰਦ ਸਮੇਤ, ਉਸ ਪਿੰਡ ਤੇ ਛਾਪਾ ਮਾਰਿਆ। ਮਟਾਂ ਦੇ ਮਟ ਸ਼ਰਾਬ ਦੇ ਫੜੇ ਗਏ, ਜੋ ਸੂਬੇਦਾਰ ਨੇ ਤੁੜਵਾ ਦਿਤੇ, ਸ਼ਰਾਬ ਡੋਲ੍ਹ ਦਿਤੀ ਤੇ ਬੋਤਲਾਂ ਭੰਨ ਦਿਤੀਆਂ। ਇਕ ਸ਼ਰਾਬੀ ਬਹੁਤ ਔਖਾ ਹੋਇਆ ਤੇ ਗੁੱਸੇ ਵਿਚ ਉੱਚੀ-ਉੱਚੀ ਬੋਲਣ ਤੇ ਪੁਲੀਸ ਨੂੰ ਗਾਹਲਾਂ ਕੱਢਣ ਲਗ ਪਿਆ। ਸੂਬੇਦਾਰ ਨੇ ਉਸ ਨੂੰ ਫੜ ਕੇ ਪੰਜ ਸਤ ਟਿਕਾ ਦਿਤੀਆਂ। ਰਾਤ ਨੂੰ ਉਸ ਨੂੰ ਕੁਝ ਹੋਰ ਸ਼ਰਾਬੀਆਂ ਨੇ ਉਕਸਾਇਆ ਕਿ ਪੁਲੀਸ ਨੇ ਬੜੀ ਜ਼ਿਆਦਤੀ ਕੀਤੀ ਹੈ। ਕਿਸੇ ਤਰ੍ਹਾਂ ਸੂਬੇਦਾਰ ਨੂੰ ਇਥੋਂ ਬਦਲਵਾਇਆ ਜਾਵੇ।

ਦੂਜੇ ਦਿਨ ਉਹ ਸ਼ਰਾਬੀ ਚੌਕੀ ਦੇ ਸਾਹਮਣੇ ਚਾਦਰ ਵਿਛਾ ਕੇ ਧਰਨੇ ਤੇ ਬੈਠ ਗਿਆ ਤੇ ਉੱਚੀ-ਉੱਚੀ ਇਹੀ ਬੋਲੇ ਕਿ "ਪੁਲੀਸ ਵਾਲਿਆਂ ਸਾਡੇ ਨਾਲ ਜ਼ਿਆਦਤੀ ਕੀਤੀ ਹੈ। ਮੈਂ ਰੋਸ ਵਜੋਂ ਧਰਨੇ ਤੇ ਬੈਠਾ ਹਾਂ।" ਰਾਤ ਨੂੰ ਜਦ ਸੂਬੇਦਾਰ ਰੋਟੀ ਖਾ ਕੇ ਆਪਣੇ ਕਮਰੇ ਵਿਚ ਸੌਂ ਗਿਆ ਤਾਂ ਅਧੀ ਰਾਤ ਵੇਲੇ ਕਰਤਾਰੋ ਪਠਾਣੀ, ਖੂਬ ਬਣ-ਠਣ ਕੇ ਸਜ ਸਜਾ ਕੇ ਚੌਕੀ ਦੇ ਬਾਹਰ ਆ ਗਈ ਤੇ ਪਹਿਰੇ ਤੇ ਖੜੇ ਸੰਤਰੀ ਨੂੰ ਕਹਿਣ ਲਗੀ ਕਿ ਮੈਂ ਥਾਣੇਦਾਰ ਨਾਲ ਗੱਲ ਕਰਨੀ ਹੈ। ਸੰਤਰੀ ਨੇ ਕਿਹਾ ਕਿ ਥਾਣੇਦਾਰ ਸੌਂ ਚੁਕਾ ਹੈ, ਤੂੰ ਸਵੇਰੇ ਆ ਕੇ ਮਿਲ ਲਵੀਂ। ਕਰਤਾਰੋ ਨੂੰ ਆਪਣੇ ਹੁਸਨ ਤੇ ਜਵਾਨੀ ਤੇ ਭੀ ਮਾਣ ਸੀ। ਵੈਸੇ ਭੀ ਬਦਮਾਸ਼ ਸੀ। ਕਈ ਥਾਣੇਦਾਰਾਂ ਨੂੰ ਬਦਨਾਮ ਕਰਕੇ ਬਦਲਵਾ ਚੁਕੀ ਸੀ। ਉਹ ਸੰਤਰੀ ਨੂੰ ਕਹਿਣ ਲਗੀ ਕਿ "ਜਾਓ, ਥਾਣੇਦਾਰ ਨੂੰ ਜਗਾ ਦਿਓ ਤੇ ਕਹੋ ਕਿ ਕਰਤਾਰੀ ਹੁਣੇ ਉਸ ਨਾਲ ਗੱਲ ਕਰਨਾ ਚਾਹੁੰਦੀ ਹੈ।" ਸੰਤਰੀ ਨੇ ਜਾ ਕੇ ਸੂਬੇਦਾਰ ਨੂੰ ਦਸਿਆ ਕਿ ਮੁਨਸ਼ੀ ਪੁਰ ਪਿੰਡ ਦੀ ਮਸ਼ਹੂਰ ਕਰਤਾਰੋ ਪਠਾਣੀ ਬਣ-ਠਣ ਕੇ ਬਾਹਰ ਆਈ ਖੜੀ ਹੈ ਕਿ ਮੈਂ ਥਾਣੇਦਾਰ ਨੂੰ ਹੁਣੇ ਮਿਲਣਾ ਤੇ ਗੱਲ ਕਰਨੀ ਚਾਹੁੰਦੀ ਹਾਂ।"

ਸੂਬੇਦਾਰ ਨੂੰ ਸਬ-ਇੰਸਪੈਕਟਰ ਮੋਦਨ ਸਿੰਘ ਦੀ ਦੱਸੀ ਗੱਲ ਯਾਦ ਆਈ। ਮੋਦਨ ਸਿੰਘ ਨੇ ਪਹਿਲਾਂ ਹੀ ਸੂਬੇਦਾਰ ਨੂੰ ਇਸ ਬਦਨਾਮ ਔਰਤ ਬਾਰੇ ਚੇਤਾਵਨੀ ਦੇ ਕੇ ਖ਼ਬਰਦਾਰ ਕਰ ਦਿਤਾ ਸੀ। ਸੂਬੇਦਾਰ ਨੂੰ ਪਤਾ ਸੀ ਕਿ ਜੇ ਅਧੀ ਰਾਤ ਵੇਲੇ ਇਸ ਕਿਸਮ ਦੀ ਔਰਤ ਨੂੰ ਅੰਦਰ ਆਣ ਦਿਤਾ, ਤਾਂ ਉਹ ਉਸ ਨੂੰ ਬਦਨਾਮ ਕਰਨ ਲਈ ਕੁਝ ਵੀ ਕਰ ਸਕਦੀ ਹੈ। ਦੂਸਰਾ ਉਸ ਦੇ ਬਣ-ਠਣ ਤੇ ਸਜ-ਧਜ ਨਾਲ ਆਉਣ ਤੇ, ਉਸ ਦੀ ਨੀਯਤ ਦਾ ਸਾਫ਼ ਪਤਾ ਲਗਦਾ ਸੀ। ਉਸ ਨੇ ਸੰਤਰੀ ਨੂੰ ਕਿਹਾ ਕਿ ਉਹ ਜਾ ਕੇ ਕਹਿ ਦੇਵੇ ਕਿ ਥਾਣੇਦਾਰ ਨੂੰ ਉਠਾਣ ਦਾ ਬੜਾ ਯਤਨ ਕੀਤਾ ਹੈ, ਉਹ ਨਹੀਂ ਉਠ ਰਿਹਾ। ਇਸ ਲਈ ਉਹ ਸਵੇਰੇ ਆਵੇ। ਸੰਤਰੀ ਨੇ ਜਾ ਕੇ ਇਸ ਤਰ੍ਹਾਂ ਕਹਿ ਦਿਤਾ। ਪਰ ਉਹ ਆਪਣੀ ਜ਼ਿਦ ਤੇ ਅੜੀ ਰਹੀ ਤੇ ਸੰਤਰੀ ਨੂੰ ਕਿਹਾ ਕਿ ਜਿਵੇਂ ਹੋਵੇ ਥਾਣੇਦਾਰ ਨੂੰ ਜਗਾ ਤੇ ਮੇਰੇ ਨਾਲ ਮਿਲਾ। ਸੰਤਰੀ ਫਿਰ ਅੰਦਰ ਗਿਆ ਤੇ ਕਰਤਾਰੋ ਦੀ ਜ਼ਿਦ ਬਾਰੇ ਦਸਿਆ। ਸੂਬੇਦਾਰ ਨੂੰ ਹੁਣ ਕਰਤਾਰੋ ਦੀ ਨੀਯਤ ਤੇ



Sri Satguru Jagjit Singh Ji eLibrary NamdhariElibrary@gmail.com

ਹੋਰ ਵੀ ਸ਼ੱਕ ਹੋ ਗਿਆ ਤੇ ਉਸ ਨੇ ਸੰਤਰੀ ਨੂੰ ਕਿਹਾ ਉਹ ਉਸ ਨੂੰ ਸਖ਼ਤੀ ਨਾਲ ਕਹਿ ਦੇਵੇ ਕਿ ਥਾਣੇਦਾਰ ਇਸ ਵੇਲੇ ਨਹੀਂ ਮਿਲੇਗਾ। ਨਾਲ ਹੀ ਉਸ ਨੇ ਸੰਤਰੀ ਨੂੰ ਇਸ ਗੱਲ ਦੀ ਤਾਕੀਦ ਵੀ ਕਰ ਦਿਤੀ ਕਿ ਜੇ ਕਰਤਾਰੋ ਉਸ ਦੇ ਬਾਰ-ਬਾਰ ਕਹਿਣ ਤੇ ਵੀ ਵਾਪਸ ਨਾ ਜਾਵੇ, ਤਾਂ ਬੇਸ਼ਕ ਸਵੇਰੇ ਤਕ ਬਾਹਰ ਖੜੀ ਰਹੇ, ਉਹ ਉਸਨੂੰ ਕਿਸੇ ਕੀਮਤ ਤੇ ਵੀ ਅੰਦਰ ਚੌਕੀ ਵਿਚ ਨਾ ਵੜਨ ਦੇਵੇ। ਕਰਤਾਰੋ ਵੀ ਆਪਣੀ ਜ਼ਿਦ ਦੀ ਪੱਕੀ ਸੀ। ਉਹ ਕਾਫ਼ੀ ਦੇਰ ਬਾਹਰ ਖੜੀ ਰਹੀ ਤੇ ਆਖ਼ਰ ਥੱਕ ਕੇ, ਧਰਨੇ ਤੇ ਬੈਠੇ ਉਸ ਆਦਮੀ ਪਾਸ ਚਾਦਰ ਤੇ ਬੈਠ ਗਈ।

ਸੂਬੇਦਾਰ ਸਵੇਰੇ ਉਠਿਆ। ਜੰਗਲ ਪਾਣੀ ਤੋਂ ਵੇਹਲਾ ਹੋ ਕੇ ਇਸ਼ਨਾਨ ਕੀਤਾ, ਵਰਦੀ ਪਾਈ ਤੇ ਬਾਹਰ ਨਿਕਲਿਆ। ਉਹ ਦੋਵੇਂ, ਕਰਤਾਰੋ ਤੇ ਸ਼ਰਾਬੀ ਉਥੇ ਮੌਜੂਦ ਸਨ ਤੇ ਚਾਦਰ ਵਿਛਾਈ ਧਰਨਾ ਦੇ ਰਹੇ ਸਨ। ਸੂਬੇਦਾਰ ਨੇ ਉਹਨਾਂ ਨੂੰ ਬਹੁਤ ਸਮਝਾਇਆ ਕਿ "ਵੇਖੋ ਜ਼ਿਦ ਚੰਗੇ ਕੰਮ ਲਈ ਕਰਨੀ ਚਾਹੀਦੀ ਹੈ, ਮਾੜੇ ਕੰਮ ਲਈ ਨਹੀਂ। ਉਨ੍ਹਾਂ ਨੂੰ ਵਾਪਸ ਪਿੰਡ ਪਰਤ ਜਾਣਾ ਚਾਹੀਦਾ ਹੈ। ਪਰ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ। ਸੂਬੇਦਾਰ ਨੇ ਸਿਪਾਹੀਆਂ ਨੂੰ ਕਿਹਾ ਕਿ ਉਹ ਕਰਤਾਰੋ ਪਠਾਣੀ ਨੂੰ ਖੜਾ ਕਰਕੇ ਉਸ ਦੀ ਗੁਤ ਦਰਖ਼ਤ ਨਾਲ ਬੰਨ੍ਹ ਦੇਣ ਤਾਂ ਜੋ ਉਹ ਬੈਠ ਨਾ ਸਕੇ। ਸਿਪਾਹੀਆਂ ਨੇ ਇੰਵੇਂ ਕੀਤਾ। ਫਿਰ ਉਸ ਨੇ ਠੰਡੇ ਪਾਣੀ ਦੀਆਂ ਦੋ ਬਾਲਟੀਆਂ ਮੰਗਵਾ ਕੇ ਧਰਨੇ ਤੇ ਬੈਠੇ ਸ਼ਰਾਬੀ ਦੇ ਉਤੇ ਪਆ ਦਿਤੀਆਂ। ਪੋਹ ਮਾਘ ਦੀ ਸਰਦੀ ਦਾ ਮੌਸਮ ਸੀ। ਉਹ ਠੰਡ ਨਾਲ ਠਰੂੰ ਠਰੂੰ ਕਰਦਾ ਕੰਬਣ ਲਗ ਪਿਆ ਤੇ ਹਾੜੇ ਕੱਢਣ ਲਗਾ, ਕਿ ਮੈਥੋਂ ਗਲਤੀ ਹੋ ਗਈ ਹੈ, ਮਾਫ਼ ਕਰੋ ਤੇ ਮੈਨੂੰ ਜਾਣ ਦਿਓ। ਕਰਤਾਰੋ ਵੀ ਖੜੀ ਖੜੀ ਥੱਕ ਗਈ ਤੇ ਗੁਤ ਨੂੰ ਹਥ ਪਾ ਕੇ ਮਿੰਨਤਾਂ ਕਰਨ ਲਗ ਪਈ ਕਿ ਮੈਨੂੰ ਖੋਲ੍ਹ ਦਿਓ, ਮੈਂ ਮਾਫ਼ੀ ਮੰਗਦੀ ਹਾਂ। ਸ਼ਰਾਬੀ ਤੇ ਕਰਤਾਰੋ, ਦੋਵੇਂ ਗਿੜਗਿੜਾਨ ਲਗ ਪਏ, ਕਿ ਉਹਨਾਂ ਗ਼ਲਤੀ ਕੀਤੀ ਹੈ, ਉਹਨਾਂ ਨੂੰ ਮਾਫ਼ ਕਰ ਦਿਤਾ ਜਾਵੇ। ਸੂਬੇਦਾਰ ਨੇ ਕਿਹਾ ਕਿ ਪਹਿਲਾਂ ਤੁਸੀਂ ਪਿੰਡ ਵਾਲਿਆਂ ਤੋਂ ਮਾਫ਼ੀ ਮੰਗੋ, ਜੇ ਉਹ ਤੁਹਾਨੂੰ ਮਾਫ਼ ਕਰ ਦੇਣ ਤੇ ਫਿਰ ਮੈਨੂੰ ਮਾਫ਼ ਕਰ ਦੇਣ ਲਈ ਕਹਿਣਾ ਤਾਂ ਮੈਂ ਉਹਨਾਂ ਦੀ ਗੱਲ ਮੰਨ ਕੇ ਤੁਹਾਨੂੰ ਮਾਫ਼ ਕਰ ਦਿਆਂਗਾ।

ਉਹ ਦੋਵੇਂ ਪਿੰਡ ਗਏ। ਸਿਪਾਹੀ ਨਾਲ ਗਏ। ਉਹਨਾਂ ਦੋਹਾਂ ਨੇ ਪਿੰਡ ਵਾਲਿਆਂ ਤੋਂ ਮਾਫ਼ੀ ਮੰਗੀ। ਪਿੰਡ ਦੇ ਮੁਹਤਬਰ ਬੰਦਿਆਂ ਨੂੰ ਨਾਲ ਲੈ ਕੇ ਸੂਬੇਦਾਰ ਪਾਸ ਆਏ ਤੇ ਪਿੰਡ ਵਾਲਿਆਂ ਤੋਂ ਸੂਬੇਦਾਰ ਨੂੰ ਕਹਾਇਆ ਕਿ ਉਹਨਾਂ ਨੂੰ ਉਹਨਾਂ ਦੀ ਗ਼ਲਤੀ ਦੀ ਮਾਫ਼ੀ ਦੇ ਦਿਤੀ ਜਾਵੇ। ਸੂਬੇਦਾਰ ਨੇ ਪਿੰਡ ਵਾਲਿਆਂ ਦੇ ਕਹੇ ਤੇ ਉਹਨਾਂ ਨੂੰ ਮਾਫ਼ ਕਰਕੇ ਛੱਡ ਦਿਤਾ, ਪਰ ਉਹਨਾਂ ਤੋਂ ਪ੍ਰਣ ਲਿਆ ਕਿ ਉਹ ਕਦੇ ਸ਼ਰਾਬ ਕੱਢਣ ਤੇ ਵੇਚਣ ਦਾ ਧੰਦਾ ਨਹੀਂ ਕਰਨਗੇ, ਤੇ ਨਾ ਹੀ ਅਜਿਹਾ ਧੰਦਾ ਕਰਨ ਵਾਲਿਆਂ ਦੀ ਮਦਦ ਜਾਂ ਹਮਾਇਤ ਕਰਨਗੇ। ਇਸ ਤਰ੍ਹਾਂ ਸੂਬੇਦਾਰ ਦੀ ਲਗਨ, ਮਿਹਨਤ, ਸੂਝ ਬੂਝ ਤੇ ਦਿਆਨਤਦਾਰੀ ਸਦਕਾ ਉਸ ਪਿੰਡ ਵਿਚੋਂ ਸ਼ਰਾਬ ਕੱਢਣ ਤੇ ਵੇਚਣ ਦੀ ਲਾਅਨਤ ਖ਼ਤਮ ਹੋ ਗਈ। ਇਸ ਗਲ ਨਾਲ ਸੂਬੇਦਾਰ ਦੀ ਇਜ਼ਤ ਤੇ ਮਾਣ ਵਡਿਆਈ ਵਿਚ ਹੋਰ ਭੀ ਬਹੁਤ ਵਾਧਾ ਹੋਇਆ ਤੇ ਸਾਰੇ ਇਲਾਕੇ ਵਿਚ ਉਸ ਦਾ ਜਸ ਫੈਲ ਗਿਆ।

ਕੁਝ ਅਰਸੇ ਬਾਅਦ, ਸੂਬੇਦਾਰ ਦੀ ਬਦਲੀ ਵਜ਼ੀਦਪੁਰ ਦੀ ਚੌਂਕੀ ਤੇ ਹੋ ਗਈ।



Sri Satguru Jagjit Singh Ji eLibrary NamdhariElibrary@gmail.com

ਸੂਬੇਦਾਰ ਨੇ ਆਪਣਾ ਇਹ ਅਸੂਲ ਬਣਾ ਲਿਆ ਸੀ, ਕਿ ਉਹ ਛੋਟੇ ਮੋਟੇ ਕੇਸ ਆਪਣੇ ਉਪਰਲੇ ਥਾਣੇ ਜਾਂ ਹੋਰ ਵੱਡੇ ਅਫ਼ਸਰਾਂ ਪਾਸ ਨਹੀਂ ਸੀ ਭੇਜਦਾ, ਸਗੋਂ ਪਿੰਡ ਦੀ ਪੰਚਾਇਤ ਬੁਲਾ ਕੇ, ਉਹਨਾਂ ਦੇ ਹਵਾਲੇ ਕਰ ਦੇਂਦਾ ਸੀ, ਪੰਚਾਇਤ ਜਿਵੇਂ ਠੀਕ ਸਮਝੇ, ਫ਼ੈਸਲਾ ਕਰ ਦੇਵੇ। ਇਸ ਤਰ੍ਹਾਂ ਪੰਚਾਇਤ ਦੇ ਅਧਿਕਾਰਾਂ ਤੇ ਇਜ਼ਤ ਵਿਚ ਵੀ ਵਾਧਾ ਹੁੰਦਾ ਤੇ ਲੋਕ ਕਚਹਿਰੀਆਂ ਵਿਚ ਜਾ ਕੇ ਧੱਕੇ ਖਾਣੋਂ, ਫ਼ਜ਼ੂਲ ਬੇਲੋੜਾ ਖ਼ਰਚ ਕਰਨੋਂ ਤੇ ਲੰਮੀਆਂ ਦੁਸ਼ਮਣੀਆਂ ਸਹੇੜਨ ਤੋਂ ਭੀ ਬਚ ਜਾਂਦੇ। ਇਸ ਲਈ ਇਲਾਕੇ ਦੀਆਂ ਪੰਚਾਇਤ੍ਹਾਂ ਸੂਬੇਦਾਰ ਦਾ ਬੜਾ ਸਤਿਕਾਰ ਕਰਨ ਲਗ ਪਈਆਂ।

ਇਕ ਦਿਨ 70 ਸਾਲ ਦਾ ਇਕ ਬੁੱਢਾ ਤੇ ਉਸ ਦੀ ਬੁੱਢੀ ਘਰਵਾਲੀ ਚੌਕੀ ਤੇ ਆਏ ਤੇ ਸੂਬੇਦਾਰ ਨੂੰ ਦਸਿਆ ਕਿ ਉਹਨਾਂ ਦੀ ਕੋਈ ਔਲਾਦ ਨਹੀਂ। ਬਿਰਧ ਹੋ ਜਾਣ ਕਰਕੇ ਉਹ ਹੁਣ ਆਪ ਹਥੀਂ ਵਾਹੀ ਖੇਤੀ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਆਪਣੀ ਜ਼ਮੀਨ ਬਟਾਈ ਤੇ ਪਿੰਡ ਦੇ ਇਕ ਤ੍ਰਿਖਾਣ ਨੂੰ ਵਾਹੀ ਖੇਤੀ ਲਈ ਦੇ ਦਿਤ੍ਹੀ ਸੀ, ਪਰ ਹੁਣ ਉਹ ਬਟਾਈ ਵੀ ਨਹੀਂ ਦੇਂਦਾ ਤੇ ਜ਼ਮੀਨ ਖਾਲੀ ਵੀ ਨਹੀਂ ਕਰਦਾ। ਕਬਜ਼ਾ ਜਮਾਈ ਬੈਠਾ ਹੈ। ਅਸੀਂ ਕਿਸੇ ਹੋਰ ਨੂੰ ਭੀ ਵਟਾਈ ਤੇ ਨਹੀਂ ਦੇ ਸਕਦੇ, ਕਿਉਂਕਿ ਕਬਜ਼ਾ ਉਸ ਦੇ ਪਾਸ ਹੈ। ਸੂਬੇਦਾਰ ਨੇ ਕਿਹਾ ਕਿ ਉਹ ਉਹਨਾਂ ਦੇ ਪਿੰਡ ਆ ਕੇ ਸਰਪੰਚ ਨਾਲ ਗੱਲ ਕਰੇਗਾ, ਪਰ ਉਹ ਕਹਿਣ ਲਗੇ ਕਿ ਸਰਪੰਚ ਵੀ ਉਸਦੇ ਨਾਲ ਮਿਲਿਆ ਹੋਇਆ ਹੈ, ਕਿਉਂਕਿ ਉਹ ਤ੍ਰਿਖਾਣ ਸਰਪੰਚ ਨੂੰ ਲਕੜ ਦੇ ਹਲ ਮੁਫ਼ਤ ਬਣਾ ਕੇ ਦੇ ਦੇਂਦਾ ਹੈ। (ਉਹਨਾਂ ਦਿਨਾਂ ਵਿਚ ਵਾਹੀ ਲਕੜ ਦੇ ਹਲ ਨਾਲ ਹੀ ਹੁੰਦੀ ਸੀ) ਸੂਬੇਦਾਰ ਨੇ ਕਿਹਾ ਕਿ ਉਹ ਫਿਰ ਵੀ ਉਹਨਾਂ ਦੇ ਪਿੰਡ ਆਵੇਗਾ ਤੇ ਸਰਪੰਚ ਤੇ ਤ੍ਰਿਖਾਣ ਦੋਹਾਂ ਨੂੰ ਸਮਝਾ ਕੇ, ਉਹਨਾਂ ਦੀ ਜ਼ਮੀਨ ਉਹਨਾਂ ਨੂੰ ਵਾਪਸ ਕਰਵਾਏਗਾ। ਉਸਨੇ ਸਰਪੰਚ ਨੂੰ ਬੁਲਾ ਕੇ ਕਿਹਾ ਤਾਂ ਉਸਨੇ ਵਾਇਦਾ ਕੀਤਾ ਕਿ ਉਹ ਬੁਢੀ ਬੁਢੇ ਦੀ ਜ਼ਮੀਨ ਇਕ ਮਹੀਨੇ ਵਿਚ ਵਾਪਸ ਕਰਵਾ ਦੇਏਗਾ ਪਰ ਮਹੀਨਾ ਗੁਜ਼ਰ ਜਾਣ ਤੇ ਭੀ ਉਸ ਨੇ ਕੁਝ ਨਾ ਕੀਤਾ, ਕਿਉਂ ਉਹ ਤ੍ਰਿਖਾਣ ਨਾਲ ਮਿਲਿਆ ਹੋਇਆ ਸੀ।

ਕੁਝ ਦਿਨ੍ਹਾਂ ਬਾਅਦ ਸੂਬੇਦਾਰ ਨੇ ਦੋ ਪਿਆਦੇ ਸਿਪਾਹੀ ਨਾਲ ਲਏ ਤੇ ਉਸ ਪਿੰਡ ਜਾਣ ਵਾਲੀ ਬਸ ਤੇ ਚੜ੍ਹ ਪਿਆ। ਪਿੰਡ ਸੜਕ ਤੋਂ ਦੋ ਮੀਲ ਦੂਰ ਸੀ ਤੇ ਬਸ ਤੋਂ ਉਤਰ ਕੇ ਪੈਦਲ ਜਾਣਾ ਪੈਂਦਾ ਸੀ। ਜਦ ਉਹ ਤੇ ਉਸ ਦੇ ਦੋਵੇਂ ਸਾਥੀ ਪਿੰਡ ਵਲ ਤੁਰੇ ਜਾਂਦੇ ਸਨ, ਤਾਂ ਅਗੋਂ ਪਿੰਡ ਦਾ ਸਰਪੰਚ ਆਉਂਦਾ ਮਿਲ ਪਿਆ। ਸੂਬੇਦਾਰ ਨੇ ਉਸ ਨੂੰ ਕਿਹਾ ਕਿ ਉਹ ਉਹਦੇ ਪਿੰਡ ਜਾ ਰਹੇ ਹਨ, ਇਸ ਲਈ ਉਹ ਵੀ ਉਹਨਾਂ ਦੇ ਨਾਲ ਚਲੇ। ਪਿੰਡ ਦੇ ਕਈ ਮਾਮਲਿਆਂ ਵਿਚ ਸਰਪੰਚ ਦੀ ਸਲਾਹ ਲੈਣੀ ਹੁੰਦੀ ਏ। ਉਹ ਕਹਿਣ ਲੱਗਾ ਕਿ, "ਮੈਂ ਤਾਂ ਪਸ਼ੂਆਂ ਦੇ ਮੇਲੇ ਤੇ ਜਾ ਰਿਹਾ ਹਾਂ, ਮੈਂ ਉਥੋਂ ਮਝ ਖਰੀਦਣੀ ਹੈ। ਮੈਂ ਵਾਪਸ ਪਿੰਡ ਨਹੀਂ ਜਾ ਸਕਦਾ। ਤੁਸੀਂ ਜਾਣਾ ਹੈ ਤਾਂ ਜਾਓ" ਸੂਬੇਦਾਰ ਤੇ ਉਸ ਦੇ ਸਾਥੀ ਪਿੰਡ ਵਲ ਤੁਰ ਪਏ। ਪਰ ਸੂਬੇਦਾਰ ਨੂੰ ਖ਼ਿਆਲ ਆਇਆ ਕਿ ਜਿਸ ਬੰਦੇ ਨੇ ਬੁੱਢੇ ਬੁੱਢੀ ਦੀ ਜ਼ਮੀਨ ਕਬਜ਼ੇ ਕੀਤੀ ਹੋਈ ਹੈ, ਉਸ਼ ਨੂੰ ਤਾਂ ਇਸ਼ ਸਰਪੰਚ ਦੀ ਸ਼ਹਿ ਹੈ। ਸਰਪੰਚ ਦੀ ਗ਼ੈਰ ਹਾਜ਼ਰੀ ਵਿਚ ਉਸ ਪਿੰਡ ਜਾਣ ਦਾ ਕੋਈ ਫ਼ਾਇਦ ਨਹੀਂ ਹੋਵੇਗਾ। ਸੂਬੇਦਾਰ ਨੇ ਪਿਛੇ ਮੁੜ ਕੇ ਆਵਾਜ਼ ਮਾਰ ਕੇ ਸਰਪੰਚ ਨੂੰ ਰੋਕ ਲਿਆ ਤੇ ਉਸ ਨੂੰ ਆਪਣੇ ਨਾਲ ਪਿੰਡ ਚਲਣ ਲਈ ਕਿਹਾ। ਪਰ ਸਰਪੰਚ ਨੇ ਜਦ



Sri Satguru Jagjit Singh Ji eLibrary NamdhariElibrary@gmail.com

ਫਿਰ ਟਾਲ ਮਟੋਲ ਕਰਦਿਆਂ ਨਾਂਹ ਨਕਰ ਕੀਤੀ, ਤਾਂ ਸੂਬੇਦਾਰ ਨੂੰ ਗੁੱਸਾ ਆ ਗਿਆ। ਉਸ ਨੇ ਗੁੱਸੇ ਵਿਚ ਸਰਪੰਚ ਨੂੰ ਚਾਰ ਪੰਚ ਥਪੜ ਜੜ੍ਹ ਦਿਤੇ ਤਾਂ ਓਹ ਝਟ ਸਿੱਧਾ ਹੋ ਗਿਆ ਤੇ ਉਹਨਾਂ ਨਾਲ ਪਿੰਡ ਵਲ ਟੁਰ ਪਿਆ।

ਪਿੰਡ ਪਹੁੰਚ ਕੇ ਸਰਪੰਚ ਨੇ ਮੰਜੇ ਡਾਹ ਦਿਤੇ ਤੇ ਸੂਬੇਦਾਰ ਲਈ ਦੁੱਧ ਮੰਗਾਇਆ, ਪਰ ਸੂਬੇਦਾਰ ਨੇ ਦੁੱਧ ਨਾ ਪੀਤਾ। ਉਸ ਨੇ ਸੋਚਿਆ, ਜਿਸ ਬੰਦੇ ਪਾਸੋਂ ਗ਼ਲਤ ਕੰਮ ਠੀਕ ਕਰਾਣਾ ਹੋਵੇ, ਉਸ ਪਾਸੋਂ ਕੁਝ ਖਾਣਾ ਪੀਣਾ ਨਹੀਂ ਚਾਹੀਦਾ, ਨਹੀਂ ਤਾਂ ਬੰਦਾ ਉਸ ਦੇ ਲਿਹਾਜ਼ ਵਿਚ ਆ ਜਾਂਦਾ ਹੈ। ਉਸ ਨੇ ਬੁੱਢੇ ਬੁੱਢੀ ਨੂੰ, ਤ੍ਰਿਖਾਣ ਨੂੰ ਤੇ ਪਿੰਡ ਦੇ ਕੁਝ ਹੋਰ ਲੋਕਾਂ ਨੂੰ ਬੁਲਵਾ ਲਿਆ। ਤ੍ਰਿਖਾਣ ਕਿਉਂਕਿ ਝੂਠਾ ਸੀ, ਕੋਈ ਬਹਾਨਾ-ਬਾਜ਼ੀ ਨਾ ਕਰ ਸਕਿਆ ਤੇ ਜ਼ਮੀਨ ਵਾਪਸ ਕਰਨੀ ਮੰਨ ਗਿਆ। ਸੂਬੇਦਾਰ ਨੇ ਪੰਚਾਇਤ ਤੇ ਲੋਕਾਂ ਦੀ ਹਾਜ਼ਰੀ ਵਿਚ ਸਭ ਦੇ ਸਾਹਮਣੇ ਜ਼ਮੀਨ ਬੁੱਢੇ ਬੁੱਢੀ ਨੂੰ ਵਾਪਸ ਕਰਵਾ ਦਿਤੀ ਤੇ ਕਿਹਾ ਕਿ ਅਜ ਤੋਂ ਇਨ੍ਹਾਂ ਦਾ ਕਬਜ਼ਾ ਹੈ।

ਇਸ ਪਿਛੋਂ ਸਰਪੰਚ ਨੇ ਇਲਾਕੇ ਦੇ ਐਮ. ਐਲ. ਏ. ਪਾਸ ਜਾ ਕੇ ਸ਼ਿਕਾਇਤ ਕੀਤੀ ਕਿ "ਸਾਡੀ ਚੌਕੀ ਦੇ ਇੰਚਾਰਜ ਸੂਬੇਦਾਰ ਕਰਤਾਰ ਸਿੰਘ ਨੇ ਮੇਰੇ ਤੇ ਹੱਥ ਚੁਕਿਆ ਹੈ ਤੇ ਮੇਰੀ ਬੇਇਜ਼ਤੀ ਕੀਤੀ ਹੈ।" ਐਮ. ਐਲ. ਏ. ਨੂੰ ਤਾਂ ਸਰਪੰਚਾਂ ਦੀ ਹਰ ਵੇਲੇ ਲੋੜ ਰਹਿੰਦੀ ਹੈ, ਕਿਉਂਕਿ ਉਹ ਇਨ੍ਹਾਂ ਨੂੰ ਵੋਟਾਂ ਦਿਵਾਂਦੇ ਹਨ। ਐਮ. ਐਲ. ਏ. ਨੇ ਸੂਬੇਦਾਰ ਦੀ ਸ਼ਿਕਾਇਤ ਐਸ. ਪੀ. ਪਾਸ ਕਰ ਦਿਤੀ। ਐਸ. ਪੀ. ਨੇ ਉਸ ਇਲਾਕੇ ਦੇ ਥਾਣਾ ਇੰਚਾਰਜ ਐਸ. ਐਚ. ਓ. ਨੂੰ ਬੁਲਾ ਕੇ ਪੁਛਿਆ ਤਾਂ ਥਾਣੇਦਾਰ ਨੇ ਐਸ. ਪੀ. ਨੂੰ ਦਸਿਆ ਕਿ ਉਸ ਚੌਕੀ ਦਾ ਇੰਚਾਰਜ ਇਕ ਸਾਬਕਾ ਫ਼ੌਜੀ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਹੈ, ਜੋ ਬੜਾ ਦਿਆਨਤਦਾਰ ਤੇ ਮਿਹਨਤੀ ਅਫ਼ਸਰ ਹੈ, ਉਹ ਸਖ਼ਤ ਜ਼ਰੂਰ ਹੈ। ਪਰ ਸਾਰੇ ਮਾਮਲੇ ਪੰਚਾਇਤਾਂ ਰਾਹੀਂ ਹੀ ਨਿਪਟਾ ਦੇਂਦਾ ਹੈ। ਇਕ ਪੈਸਾ ਵੱਢੀ ਨਹੀਂ ਖਾਂਦਾ। ਪਿੰਡਾਂ ਦੇ ਲੋਕ ਤੇ ਪੰਚਾਇਤਾਂ ਉਸ ਦੇ ਕੰਮ ਤੇ ਬਹੁਤ ਖੁਸ਼ ਹਨ ਤੇ ਉਸ ਦੀ ਸ਼ਲਾਘਾ ਕਰਦੇ ਹਨ" ਇਹ ਸੁਣ ਕੇ ਐਸ. ਪੀ. ਦੀ ਤਸੱਲੀ ਹੋ ਗਈ।

ਥਾਣੇਦਾਰ ਨੇ ਇਹ ਸਾਰੀ ਗੱਲ ਪ੍ਰਾਈਵੇਟ ਤੌਰ ਤੇ ਸੂਬੇਦਾਰ ਨੂੰ ਦੱਸੀ। ਸੂਬੇਦਾਰ ਨੇ ਕਿਹਾ ਕਿ ਝੂਠਿਆਂ ਨੂੰ ਸਿੱਧੇ ਰਾਹ ਪਾਣ ਲਈ ਮਾੜਾ ਮੋਟਾ ਦਬਕਾ ਤਾਂ ਮਾਰਨਾ ਹੀ ਪੈਂਦਾ ਏ। ਖਾਸ ਕਰਕੇ ਜਦੋਂ ਕਿਸੇ ਗਰੀਬ ਦੀ ਰਖਿਆ ਕਰਨੀ ਹੋਵੇ, ਉਸ ਦੀ ਮਦਦ ਕਰਨੀ ਹੋਵੇ, ਉਸ ਨੂੰ ਇਨਸਾਫ਼ ਦਿਵਾਣਾ ਹੋਵੇ, ਦਬਕਾ ਜਾਂ ਮਾੜੀ ਮੋਟੀ ਜ਼ਿਆਦਤੀ ਜਾਇਜ਼ ਹੋ ਜਾਂਦੀ ਹੈ, ਕਿਉਂਕਿ ਉਹ ਜਾਇਜ਼ ਤੇ ਚੰਗੇ ਕੰਮ ਲਈ ਕੀਤੀ ਜਾਂਦੀ ਹੈ। ਇਸ ਘਟਨਾ ਪਿਛੋਂ ਸੂਬੇਦਾਰ ਦੀ ਸ਼ੋਭਾ ਤੇ ਜਸ ਵਿਚ ਹੋਰ ਵੀ ਵਾਧਾ ਹੋ ਗਿਆ।

ਇਸ ਦੌਰਾਨ ਪੁਲੀਸ ਨੇ ਜੰਗੇ ਡਾਕੂ ਦੀ ਤਲਾਸ਼ ਹੋਰ ਵੀ ਤੇਜ਼ ਕਰ ਦਿਤੀ ਸੀ। ਉਸ ਦੇ ਆਲੇ ਦੁਆਲੇ ਪੁਲੀਸ ਦਾ ਦਬਾਓ ਤੇ ਘੇਰਾ ਦਿਨੋਂ ਦਿਨ ਵਧ ਰਿਹਾ ਸੀ। ਇਕ ਦਿਨ ਪੁਲੀਸ ਨੂੰ ਇਤਲਾਅ ਮਿਲੀ ਕਿ ਜੰਗਾ ਆਪਣੇ ਸਾਥੀਆਂ ਸਮੇਤ ਇਕ ਜੰਗਲ ਵਿਚ ਲੁਕਿਆ ਹੋਇਆ ਏ। ਪੁਲੀਸ ਨੇ ਭਾਰੀ ਗਿਣਤੀ ਵਿਚ ਜੰਗਲ ਨੂੰ ਘੇਰ ਲਿਆ। ਦੋਹਾਂ ਪਾਸਿਆਂ ਤੋਂ ਗੋਲਾਬਾਰੀ ਹੁੰਦੀ ਰਹੀ। ਕਈ ਘੰਟੇ ਫ਼ਾਇਰਿੰਗ ਹੋਈ। ਪੁਲੀਸ ਪਾਸ ਅਸਲਾ ਤੇ ਗੋਲੀ ਸਿਕਾ ਕਾਫ਼ੀ ਸੀ। ਪਰ ਜੰਗਾ ਡਾਕੂ ਤੇ ਉਸ



Sri Satguru Jagjit Singh Ji eLibrary NamdhariElibrary@gmail.com

ਦੇ ਸਾਥੀਆਂ ਪਾਸ ਤਾਂ ਸਭ ਕੁਝ ਸੀਮਤ ਹੀ ਸੀ, ਕਿੰਨਾਂ ਚਿਰ ਮੁਕਾਬਲਾ ਕਰਦੇ ਰਹਿੰਦੇ। ਉਨ੍ਹਾਂ ਦਾ ਗੋਲੀ ਸਿੱਕਾ ਖ਼ਤਮ ਹੋ ਗਿਆ। ਉਹ ਹਥਿਆਰ ਸੁਟ ਕੇ ਆਤਮ ਸਮਰਪਣ ਲਈ ਬਾਹਰ ਤਾਂ ਨਾ ਆਏ, ਸਗੋਂ ਆਖ਼ਰੀ ਦਮ ਤਕ ਲੜਦੇ ਲੜਦੇ ਜੰਗੇ ਸਮੇਤ ਸਾਰੇ ਮਾਰੇ ਗਏ। ਲੋਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਉਹਨਾਂ ਸੁਖ ਦਾ ਸਾਹ ਲਿਆ। ਪੁਲੀਸ ਨੇ ਉਸ ਦੀ ਲਾਸ਼ ਨੂੰ ਪਟਿਆਲੇ ਲੈ ਆਂਦਾ ਤੇ ਉਸ ਦਾ ਜਲੂਸ ਕਢਿਆ ਤਾਂ ਜੋ ਲੋਕਾਂ ਨੂੰ ਇਹ ਯਕੀਨ ਹੋ ਜਾਏ ਕਿ ਸੱਚੀ ਮੁੱਚੀ ਜੰਗਾ ਮਾਰਿਆ ਗਿਆ ਹੈ। ਲੋਕ ਉਸਦੀ ਲਾਸ਼ ਅਖਾਂ ਨਾਲ ਵੇਖ ਲੈਣ ਤੇ ਇਹ ਵੀ ਸਮਝ ਲੈਣ ਕਿ ਮਾੜੇ ਕੰਮਾਂ ਦਾ ਅੰਤ ਨਤੀਜਾ ਵੀ ਮਾੜਾ ਹੁੰਦਾ ਹੈ "ਮੰਦੇ ਕੰਮੀ ਨਾਨਕਾ, ਜਤ ਕਤ ਮੰਦਾ ਹੋਏ" ਨਾਲੇ ਪੁਲੀਸ ਨੂੰ ਇਹ ਵੀ ਖ਼ਿਆਲ ਸੀ, ਕਿ ਹੁਣ ਤਕ ਜੰਗੇ ਨੂੰ ਕਾਬੂ ਨਾ ਕਰ ਸਕਣ ਕਰਕੇ, ਪੁਲੀਸ ਦੀ ਸ਼ੁਹਰਤ ਨੂੰ ਨੁਕਸਾਨ ਪੁਜਾ ਹੈ। ਲੋਕਾਂ ਵਿਚ ਉਸਦੀ ਸਾਖ ਘਟੀ ਹੈ। ਉਸ ਦੀ ਲਾਸ਼ ਵੇਖ ਕੇ ਲੋਕਾਂ ਨੂੰ ਪੁਲੀਸ ਦੀ ਕਾਰਕਰਦਗੀ ਵਿਚ ਫਿਰ ਵਿਸ਼ਵਾਸ ਬਹਾਲ ਹੋ ਜਾਵੇਗਾ।

ਜੰਗੇ ਡਾਕੂ ਦੀ ਮੌਤ ਦੇ ਇਕ ਹਫ਼ਤੇ ਬਾਅਦ ਹੀ ਸੂਬੇਦਾਰ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿਤਾ ਤੇ ਅਫ਼ਸਰਾਂ ਨੂੰ ਕਿਹਾ ਕਿ ਉਹ ਹੁਣ ਆਪਣੇ ਪਿੰਡ ਰਹਿ ਕੇ ਖੇਤੀ ਦਾ ਕੰਮ ਕਰਨਾ ਚਾਹੁੰਦਾ ਹੈ। ਅਫ਼ਸਰਾਂ ਨੇ ਉਸਨੂੰ ਕਿਹਾ ਕਿ ਉਹ ਨੌਕਰੀ ਨਾ ਛੱਡੇ। ਉਸਨੂੰ ਤਰੱਕੀ ਦੇ ਕੇ ਐਸ. ਆਈ. ਬਣਾ ਦਿਤਾ ਜਾਵੇਗਾ। ਪਰ ਸੂਬੇਦਾਰ ਨਾ ਮੰਨਿਆ। ਉਸ ਨੂੰ ਆਪਣੇ ਪਿੰਡ ਨਾਲ ਬੜਾ ਪਿਆਰ ਸੀ। ਉਹ ਵਾਹੀ ਖੇਤੀ ਦੇ ਕੰਮ ਵਿਚ ਉਨਤੀ ਕਰਕੇ ਸਫਲ ਕਿਸਾਨ ਬਣਨਾ ਚਾਹੁੰਦਾ ਸੀ। ਇਹ 1952-53 ਦੀ ਗੱਲ ਹੈ। ਹੁਣ ਤਕ ਉਸ ਦੇ ਘਰ ਉਸ ਦਾ ਦੂਸਰਾ ਲੜਕਾ ਸੁਰਜੀਤ ਸਿੰਘ ਵੀ ਜਨਮ ਲੈ ਚੁਕਾ ਸੀ। ਉਸ ਨੇ ਅਫ਼ਸਰਾਂ ਦੀ ਗੱਲ ਨਾ ਮੰਨੀ। ਉਹ ਖੇਤੀ ਤੇ ਆਪਣੇ ਪਰਿਵਾਰ ਵੱਲ ਵਧੇਰੇ ਧਿਆਨ ਦੇਣਾ ਚਾਹੁੰਦਾ ਸੀ। ਆਪਣੇ ਪਿੰਡ ਦੇ ਲੋਕਾਂ ਵਿਚ ਰਹਿਣਾ ਚਾਹੁੰਦਾ ਸੀ। ਪਿੰਡ ਤਾਂ ਉਸ ਨੇ ਜੰਗੇ ਦੀ ਵਜਾ ਕਰਕੇ ਛਡਿਆ ਸੀ। ਉਹ ਅਸਤੀਫ਼ਾ ਦੇ ਕੇ ਵਾਪਸ ਆਪਣੇ ਪਿੰਡ ਰਖੜੇ ਪਹੁੰਚ ਗਿਆ।



Sri Satguru Jagjit Singh Ji eLibrary NamdhariElibrary@gmail.com

# ਸਫ਼ਲ ਕਿਸਾਨ

ਪਿੰਡਾਂ ਵਿਚ ਜ਼ਮੀਨਾਂ ਦੀ ਮੁਰੱਬੇ-ਬੰਦੀ ਸ਼ੁਰੂ ਹੋ ਚੁੱਕੀ ਸੀ। ਜ਼ਮੀਂਦਾਰਾਂ ਦੀ ਜ਼ਮੀਨ ਦੇ ਵੱਖ-ਵੱਖ ਖਿਲਰੇ ਟੁਕੜੇ ਇਕ ਥਾਂ ਕੀਤੇ ਜਾ ਰਹੇ ਸਨ, ਤਾਂ ਜੋ ਉਨ੍ਹਾਂ ਨੂੰ ਖੇਤੀ ਦੇ ਕੰਮ ਵਿਚ ਆਸਾਨੀ ਹੋ ਸਕੇ। ਇਸ ਕੰਮ ਨੂੰ ਅੰਗ੍ਰੇਜ਼ੀ ਵਿਚ Land Consolidation ਕਹਿੰਦੇ ਹਨ। ਉਨ੍ਹਾਂ ਨੂੰ ਜ਼ਮੀਨ ਦਾ ਕੋਈ ਟੁਕੜਾ ਕਿਸੇ ਲਈ ਛਡਣਾ ਪੈਂਦਾ ਸੀ, ਤੇ ਨਾਲ ਲਗਦਾ ਕਿਸੇ ਦਾ ਲੈਣਾ ਪੈਂਦਾ ਸੀ। ਕੋਈ ਟੁਕੜਾ ਚੰਗਾ ਹੁੰਦਾ ਸੀ ਤੇ ਕੋਈ ਮਾੜਾ। ਇਸ ਲਈ ਵੱਖ-ਵੱਖ ਕਿਸਮ ਦੀ ਜ਼ਮੀਨ ਦੀ ਵੱਖ-ਵੱਖ ਕੀਮਤ ਪਾਈ ਜਾਂਦੀ ਸੀ। ਆਮ ਲੋਕ ਚੰਗੀ ਤੋਂ ਚੰਗੀ ਜ਼ਮੀਨ, ਭਾਵੇਂ ਉਹ ਮਹਿੰਗੀ ਹੋਵੇ, ਲੈਣਾ ਚਾਹੁੰਦੇ ਸਨ। ਮਾੜੀ ਜ਼ਮੀਨ ਦੀ ਕੀਮਤ ਘਟ ਹੋਣ ਕਰਕੇ ਸਸਤੀ ਮਿਲ ਜਾਂਦੀ ਸੀ। ਸੂਬੇਦਾਰ ਦਾ ਵਿਚਾਰ ਸੀ ਕਿ ਉਹ ਵਧ ਤੋਂ ਵਧ ਜ਼ਮੀਨ ਲਵੇ, ਭਾਵੇਂ ਉਹ ਮਾੜੀ ਤੇ ਬੰਜਰ ਹੋਵੇ। ਉਸ ਦੇ ਵਿਚਾਰ ਵਿਚ ਮਾੜੀ ਤੇ ਬੰਜਰ ਜ਼ਮੀਨ ਵੀ ਮਿਹਨਤ ਕਰਕੇ ਚੰਗੀ ਤੇ ਉਪਜਾਊ ਬਣਾਈ ਜਾ ਸਕਦੀ ਸੀ। ਪਿੰਡ ਵਿਚ ਦੋ ਸੌ ਵਿਘਾ ਜ਼ਮੀਨ ਤਾਂ ਉਸਨੇ ਚੰਗੀ ਲੈ ਲਈ ਤੇ ਦੋ ਸੌ ਵਿਘਾ ਮਾੜੀ ਲੈ ਲਈ।

ਪਰ ਹੁਣ ਤਕ ਉਸ ਨੂੰ ਖੇਤੀ ਦਾ ਤਜਰਬਾ ਨਹੀਂ ਸੀ। ਉਸ ਨੇ ਆਪਣੇ ਹਥੀਂ ਕਦੇ ਪੂਰੀ ਤਰ੍ਹਾਂ ਖੇਤੀ ਕੀਤੀ ਨਹੀਂ ਸੀ ਤੇ ਜ਼ਮੀਨ ਐਵੇਂ ਖਾਲੀ ਰਖੀ ਹੋਈ ਸੀ। ਸੂਬੇਦਾਰ ਦਾ ਸਹੁਰਾ ਬਸੰਤ ਸਿੰਘ ਚੰਗਾ ਤਕੜਾ ਜ਼ਮੀਂਦਾਰ ਸੀ। ਉਸ ਦੇ ਪਾਸ ਅਠ ਸੌ ਵਿਘਾ ਜ਼ਮੀਨ ਸੀ। ਉਦੋਂ ਟਰੈਕਟਰ ਅਜੇ ਆਏ ਨਹੀਂ ਸਨ। ਵਾਹੀ ਬੈਲਾਂ ਤੇ ਹਲਾਂ ਨਾਲ ਹੁੰਦੀ ਸੀ। ਬਸੰਤ ਸਿੰਘ ਪਾਸ ਚਾਰ ਹਲ ਸਨ। ਉਸਨੇ ਸੂਬੇਦਾਰ ਦੀ ਮਾੜੀ ਜ਼ਮੀਨ ਲਈ ਦੋ ਹਲ ਬਲਦਾਂ ਸਮੇਤ ਘਲ ਦਿਤੇ। ਖੂਹ ਗੇੜਨ ਲਈ ਇਕ ਬੋਤਾ ਭੀ ਭੇਜ ਦਿਤਾ। ਅਤੇ ਉਸ ਦੇ ਨਾਲ ਦੋ ਸੀਰੀ ਮਿਲਾ ਕੇ ਨਰਮਾ ਬਿਜਵਾ ਦਿਤਾ।

ਨਰਮੇਂ ਦੀ ਫ਼ਸਲ ਬਹੁਤ ਚੰਗੀ ਹੋਈ, ਜਿਸ ਕਰਕੇ ਸੂਬੇਦਾਰ ਦੇ ਮਨ ਵਿਚ ਉਤਸ਼ਾਹ ਪੈਦਾ ਹੋਇਆ, ਤੇ ਲਗਨ ਜਾਗੀ ਕਿ ਖੇਤੀ ਬਾਰੇ ਹੋਰ ਗਿਆਨ ਤੇ ਜਾਣਕਾਰੀ ਹਾਸਲ ਕਰਕੇ ਉਹ ਮਿਹਨਤ ਨਾਲ ਹਥੀਂ ਖੇਤੀ ਕਰੇ, ਕਿਉਂਕਿ ਖੇਤੀ ਦਾ ਅਸਲ ਗਿਆਨ ਹਥੀਂ ਕੰਮ ਕਰਕੇ ਹੀ ਆਉਂਦਾ ਹੈ। ਉਸਨੇ ਆਪ ਬਲਦਾਂ ਨਾਲ ਖੇਤੀ ਸ਼ੁਰੂ ਕਰ ਦਿਤੀ। ਇਕ ਬੋਤਾ ਆਪ ਖਰੀਦ ਲਿਆ, ਜੋ ਖੂਹ ਗੇੜਨ ਤੋਂ ਇਲਾਵਾ ਹਲ ਵਾਹੁਣ ਦੇ ਕੰਮ ਵੀ ਆਉਂਦਾ ਸੀ। ਉਸ ਨੇ ਇਕ ਬੰਦਾ ਭੀ ਰਖ ਲਿਆ, ਜੋ ਬੋਤੇ ਦੀ ਦੇਖ ਭਾਲ ਕਰਦਾ ਸੀ। ਇਸ ਤਰ੍ਹਾਂ ਉਸ ਦੇ ਮਨ ਵਿਚ ਖੇਤੀ ਦਾ ਸ਼ੌਕ ਪੈਦਾ ਹੋਇਆ ਤੇ ਇਸ ਪਾਸੇ ਉਸ ਦੀ ਰੁਚੀ ਦਿਨੋਂ ਦਿਨ ਵਧਦੀ ਗਈ।



Sri Satguru Jagjit Singh Ji eLibrary NamdhariElibrary@gmail.com

ਸੂਬੇਦਾਰ ਨੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਵੀ ਆਣਾ ਜਾਣਾ ਸ਼ੁਰੂ ਕਰ ਦਿਤਾ, ਤਾਂ ਜੋ ਉਹ ਉਥੇ ਹੋ ਰਹੀ ਨਵੀਂ ਖੋਜ ਤੋਂ ਜਾਣੂ ਹੋਵੇ। ਉਹ ਕਿਸਾਨ ਮੇਲਿਆਂ ਵਿਚ ਭੀ ਜਾਣ ਲਗ ਪਿਆ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰ. ਅਮਰੀਕ ਸਿੰਘ ਚੀਮਾ ਨਾਲ ਭੀ ਉਸ ਦੀ ਚੰਗੀ ਵਾਕਫ਼ੀਅਤ ਅਤੇ ਮੇਲ ਜੋਲ ਬਣ ਗਿਆ। ਚੀਮਾ ਸਾਹਿਬ ਨੇ ਉਸ ਨੂੰ ਸਲਾਹ ਦਿਤੀ ਕਿ ਉਹ ਖੇਤੀ ਲਈ ਟਰੈਕਟਰ ਖਰੀਦ ਲਵੇ। ਟਰੈਕਟਰ ਉਦੋਂ ਸਿਰਫ਼ ਸਤ ਹਜ਼ਾਰ ਰੁਪਏ ਦਾ ਆਉਂਦਾ ਸੀ। ਪਰ ਸੂਬੇਦਾਰ ਪਾਸ ਸਤ ਹਜ਼ਾਰ ਰੁਪਏ ਖਰਚਣ ਦੀ ਵੀ ਹਿੰਮਤ ਤੇ ਹੌਂਸਲਾ ਨਹੀਂ ਸੀ। ਉਹ ਬਲਦਾਂ ਤੇ ਬੋਤੇ ਨਾਲ ਹੀ ਖੇਤੀ ਕਰਦਾ ਰਿਹਾ।

ਕੁਝ ਦਿਨਾਂ ਬਾਅਦ ਉਸ ਨੂੰ ਪਤਾ ਲਗਾ ਕਿ ਕਿਸੇ ਪਿੰਡ ਦੀ ਇਕ ਵਿਧਵਾ ਔਰਤ ਆਪਣਾ ਥੋੜ੍ਹਾ ਵਰਤਿਆ ਹੋਇਆ ਫ਼ਰਗੂਸਨ ਟਰੈਕਟਰ ਪੰਜ ਹਜ਼ਾਰ ਰੁਪਏ ਵਿਚ ਵੇਚਣਾ ਚਾਹੁੰਦੀ ਹੈ। ਸੂਬੇਦਾਰ ਨੇ ਹਿੰਮਤ ਕਰਕੇ ਉਹ ਟਰੈਕਟਰ ਪੰਜ ਹਜ਼ਾਰ ਰੁਪਏ ਵਿਚ ਖਰੀਦ ਲਿਆ। ਹੌਲੀ ਹੌਲੀ ਨਵੇਂ ਢੰਗ, ਨਵੇਂ ਬੀਜ, ਨਵੇਂ ਸੰਦ, ਖਾਦਾਂ ਤੇ ਦਵਾਈਆਂ ਦੀ ਵਰਤੋਂ ਨਾਲ ਸੂਬੇਦਾਰ ਦੀ ਖੇਤੀ ਵਿਚ ਵਾਧਾ ਹੁੰਦਾ ਗਿਆ, ਉਸਦਾ ਹੌਂਸਲਾ ਤੇ ਆਮਦਨ ਭੀ ਵਧਦੀ ਗਈ। ਉਸ ਨੇ ਦੂਸਰਾ ਟਰੈਕਟਰ ਫੋਰਡ ਦਾ ਖਰੀਦ ਲਿਆ।

ਉਸ ਨੇ ਕੁਝ ਹੋਰ ਜ਼ਮੀਨ ਭੀ ਖਰੀਦ ਲਈ। ਜ਼ਮੀਨ ਤਾਂ ਉਹ ਹੋਰ ਵੀ ਜ਼ਿਆਦਾ ਖਰੀਦਣਾ ਚਾਹੁੰਦਾ ਸੀ, ਪਰ ਜ਼ਮੀਨ ਦੀ ਹੱਦ ਬੰਦੀ Land Cieling ਦਾ ਕਾਨੂੰਨ ਬਣ ਗਿਆ ਤੇ ਉਸ ਨੇ ਵਧੇਰੇ ਜ਼ਮੀਨ ਖਰੀਦਣ ਦਾ ਇਰਾਦਾ ਛੱਡ ਦਿਤਾ। ਪਟਿਆਲਾ ਰਿਆਸਤ ਦੇ ਫ਼ੌਜੀ ਜਰਨੈਲ ਬਲਵੰਤ ਸਿੰਘ ਦੀ ਜ਼ਮੀਨ ਭਾਵੇਂ ਲਗਦੀ ਤਾਂ ਖੇੜੀ ਪਿੰਡ ਵਿਚ ਸੀ, ਪਰ ਹੈ ਸੀ ਰਖੜਾ ਪਿੰਡ ਦੇ ਪਾਸ। ਜਰਨੈਲ ਉਥੇ ਜ਼ਮੀਨ ਵਿਚ ਹੀ ਕੋਠੀ ਪਾ ਕੇ ਰਹਿੰਦਾ ਸੀ। ਉਸ ਨੇ ਫ਼ਾਰਮ ਬਣਾਇਆਂ ਹੋਇਆ ਸੀ। ਨਾਲ ਹੀ ਫ਼ਾਰਮ ਵਿਚ ਉਸਨੇ ਕੁਝ ਸੂਰ ਭੀ ਪਾਲੇ ਹੋਏ ਸਨ। ਸੂਰਾਂ ਵਿਚ ਬੜੀ ਤੇਜ਼ੀ ਨਾਲ ਵਾਧਾ ਹੁੰਦਾ ਹੈ, ਇਸ ਲਈ ਕਈ ਕਿਸਾਨ ਖੇਤੀ ਦੇ ਨਾਲ ਪਿਗਰੀ (ਸੂਰ ਪਾਲਣ) ਦੇ ਕੰਮ ਨੂੰ ਭੀ ਲਾਹੇਵੰਦ ਧੰਧਾ ਜਾਣ ਕੇ ਸ਼ੁਰੂ ਕਰ ਲੈਂਦੇ ਸਨ। ਸੂਬੇਦਾਰ ਨੇ, ਰਖੜੇ ਦੀ ਇਕ ਛਪੜ ਵਾਲੀ ਜ਼ਮੀਨ ਵੀ ਬਟਾਈ ਤੇ ਲੈ ਲਈ ਤੇ ਉਸ ਵਿਚ ਖੇੜੀ ਪਿੰਡ ਦੇ ਨੰਬਰਦਾਰ ਜਾਗੀਰ ਸਿੰਘ ਨੂੰ ਭੀ ਅਧ ਦਾ ਭਾਈਵਾਲ ਬਣਾ ਲਿਆ। ਉਸ ਜ਼ਮੀਨ ਵਿਚ ਉਨ੍ਹਾਂ ਜੀਰੀ ਬੀਜ ਦਿਤੀ।

ਜੀਰੀ ਦੀ ਫ਼ਸਲ ਚੰਗੀ ਨਿਸਰੀ ਹੋਈ ਸੀ। ਇਕ ਦਿਨ ਜਰਨੈਲ ਬਲਵੰਤ ਸਿੰਘ ਦੇ ਸੂਰ ਉਸ ਜੀਰੀ ਵਾਲੀ ਖੇਤੀ ਵਿਚ ਵੜ ਗਏ। ਚੰਗੀ ਤਬਾਹੀ ਮਚਾਈ। ਜੀਰੀ ਦੀ ਅੱਧੀ ਫ਼ਸਲ ਖ਼ਰਾਬ ਹੋ ਗਈ। ਨੰਬਰਦਾਰ ਜਾਗੀਰ ਸਿੰਘ ਸੂਬੇਦਾਰ ਨੂੰ ਕਹਿਣ ਲੱਗਾ, "ਚਲੋ ਜਰਨੈਲ ਪਾਸ ਚਲੀਏ, ਉਸ ਪਾਸ ਸ਼ਿਕਾਇਤ ਕਰੀਏ ਕਿ ਕਿਸ ਤਰ੍ਹਾਂ ਉਸ ਦੇ ਸੂਰਾਂ ਨੇ ਅੱਧੀ ਫ਼ਸਲ ਬਰਬਾਦ ਕਰ ਦਿਤੀ ਹੈ। ਉਹ ਸਾਡਾ ਨੁਕਸਾਨ ਪੂਰਾ ਕਰੇ।" ਸੂਬੇਦਾਰ ਫ਼ੌਜੀ ਹੋਣ ਕਰਕੇ, ਜਰਨੈਲ ਦੀ ਇਜ਼ਤ ਕਰਦਾ ਸੀ, ਤੇ ਉਸ ਪਾਸ ਗਿਲਾ ਸ਼ਿਕਵਾ ਲੈ ਕੇ ਨਹੀਂ ਸੀ ਜਾਣਾ ਚਾਹੁੰਦਾ। ਉਹ ਨੰਬਰਦਾਰ ਨੂੰ ਕਹਿਣ ਲਗਾ, "ਮੈਂ ਜਰਨੈਲ ਪਾਸ ਸੂਰਾਂ ਦੀ ਸ਼ਿਕਾਇਤ ਲੈ ਕੇ ਨਹੀਂ ਜਾਣਾ ਚਾਹੁੰਦਾ। ਜੋ ਅੱਧੀ



Sri Satguru Jagjit Singh Ji eLibrary NamdhariElibrary@gmail.com

ਫ਼ਸਲ ਖ਼ਰਾਬ ਹੋਈ ਹੈ, ਉਹ ਨੂੰ ਮੇਰੇ ਹਿਸੇ ਦੀ ਸਮਝ ਲੈ, ਤੇ ਜੋ ਅਧੀ ਠੀਕ ਬਚ ਗਈ ਹੈ, ਉਹ ਤੇਰੇ ਹਿਸੇ ਦੀ ਹੋ ਗਈ।" ਨੰਬਰਦਾਰ ਨੂੰ ਇਹ ਗੱਲ ਪਸੰਦ ਆ ਗਈ ਤੇ ਉਸ ਦੀ ਤਸੱਲੀ ਹੋ ਗਈ।

ਗੱਲ ਤਾਂ ਹਵਾ ਦੇ ਖੰਭਾਂ ਤੇ ਉਡਦੀ ਹੈ। ਉਡਦੀ ਉਡਦੀ ਇਹ ਗੱਲ ਜਰਨੈਲ ਬਲਵੰਤ ਸਿੰਘ ਦੇ ਕੰਨਾਂ ਤਕ ਭੀ ਜਾ ਪਹੁੰਚੀ। ਉਸ ਨੇ ਸੂਬੇਦਾਰ ਨੂੰ ਬੁਲਾ ਕੇ ਕਿਹਾ ਕਿ ਉਹ ਉਸਦੇ ਸੂਰਾਂ ਵਲੋਂ ਕੀਤੇ ਗਏ ਜੀਰੀ ਦਾ ਨੁਕਸਾਨ ਭਰਨ ਨੂੰ ਤਿਆਰ ਹੈ, ਤੇ ਸੂਬੇਦਾਰ ਜਿੰਨੇ ਪੈਸੇ ਕਹੇ, ਉਹ ਦੇਵੇਗਾ। ਸੂਬੇਦਾਰ ਨੇ ਜਰਨੈਲ ਨੂੰ ਕਿਹਾ, "ਤੁਸੀਂ ਤਾਂ ਆਪਣੇ ਸੂਰਾਂ ਦੇ ਕੀਤੇ ਨੁਕਸਾਨ ਨੂੰ ਪੂਰਾ ਕਰ ਦੇਵੋਗੇ, ਪਰ ਮੇਰੇ ਪਾਸ ਦਸ ਬਾਰਾਂ ਮਝਾਂ ਹਨ, ਜੇ ਕਦੇ ਉਹ ਤੁਹਾਡੇ ਖੇਤਾਂ ਵਿਚ ਆ ਵੜੀਆਂ, ਤਾਂ ਮੈਂ ਉਹਨਾਂ ਦਾ ਕੀਤਾ ਨੁਕਸਾਨ ਪੂਰਾ ਨਹੀਂ ਕਰ ਸਕਾਂਗਾ। ਇਸ ਲਈ ਇਹ ਨੁਕਸਾਨ ਪੂਰਾ ਕਰਨ ਵਾਲਾ ਸੌਦਾ ਮੈਨੂੰ ਮਨਜ਼ੂਰ ਨਹੀਂ। ਨਾਲੇ ਇਹ ਨੁਕਸਾਨ ਜਾਨਵਰਾਂ ਨੇ ਕੀਤਾ ਹੈ, ਜਰਨੈਲ ਸਾਹਿਬ, ਤੁਸੀਂ ਜਾਣ ਬੁਝ ਕੇ ਨਹੀਂ ਕਰਵਾਇਆ।"

ਇਹ ਗੱਲ ਸੁਣ ਕੇ ਜਰਨੈਲ ਬਲਵੰਤ ਸਿੰਘ ਹੱਸ ਪਿਆ। ਉਸਨੇ ਸੂਬੇਦਾਰ ਨੂੰ ਪਿਆਰ ਨਾਲ ਘੁਟ ਕੇ ਜੱਫੀ ਪਾ ਲਈ। ਇਸ ਪਿਛੋਂ ਦੋਹਾਂ ਦਾ ਮੇਲ ਮਿਲਾਪ ਤੇ ਆਣਾ ਜਾਣਾ ਵਧ ਗਿਆ ਅਤੇ ਮਿਤਰਤਾ ਦੀ ਭਾਵਨਾ ਪੈਦਾ ਹੋ ਗਈ। ਜਰਨੈਲ ਦੀ ਘਰ ਵਾਲੀ ਜਾਗੀਰਦਾਰੀ ਰਿਆਸਤ ਰਜਵਾੜਾ ਸ਼ਾਹੀ ਮਾਹੌਲ ਦੀ ਜੰਮਪਲ ਸੀ। ਵੈਸੇ ਭੀ ਉਸ ਦਾ ਘਰਵਾਲਾ ਜਰਨੈਲ ਰੀਟਾਇਰ ਹੋਇਆ ਸੀ, ਇਸ ਲਈ ਉਹਦੇ ਵਿਚ ਵੱਡੇਪਨ ਦਾ ਮਾਣ ਤੇ ਕੁਝ ਹੈਂਕੜ ਹੰਕਾਰ ਵੀ ਸੀ। ਉਹ ਆਪਣੇ ਜਰਨੈਲ ਪਤੀ ਦਾ ਸੂਬੇਦਾਰ ਨਾਲ ਇਕ ਮੇਜ਼ ਤੇ ਇਕੱਠੇ ਬੈਠ ਕੇ ਖਾਣਾ ਪੀਣਾ ਪਸੰਦ ਨਹੀਂ ਸੀ ਕਰਦੀ। ਪਰ ਜਰਨੈਲ ਆਪ ਖੁਲ੍ਹੇ ਸੁਭਾਅ ਦਾ ਫ਼ਰਾਖ਼ਦਿਲ ਤੇ ਹੱਸਮੁਖ ਬੰਦਾ ਸੀ। ਉਹ ਸੂਬੇਦਾਰ ਨੂੰ ਆਪਣੇ ਬਰਾਬਰ ਦਾ ਮਿਤਰ ਹੀ ਸਮਝਦਾ ਸੀ।

ਇਕ ਵਾਰ ਜਰਨੈਲ ਨੇ ਸੂਬੇਦਾਰ ਨੂੰ ਕਿਹਾ ਕਿ ਉਹ ਆਪਣੀ ਜ਼ਮੀਨ ਵਾਹੀ ਲਈ ਕਿਸੇ ਹੋਰ ਨੂੰ ਦੇਣਾ ਚਾਹੁੰਦਾ ਹੈ, ਪਰ ਉਸ ਨੂੰ ਕੋਈ ਯੋਗ ਇਤਬਾਰੀ ਆਦਮੀ ਨਹੀਂ ਮਿਲ ਰਿਹਾ। ਉਸ ਦੇ ਆਪਣੇ ਪਾਸ ਵਾਹੀ ਖੇਤੀ ਲਈ ਵਕਤ ਨਹੀਂ, ਤੇ ਉਸ ਦੇ ਲੜਕਿਆਂ ਵਿਚੋਂ ਕੋਈ ਭੀ ਇਸ ਪਾਸੇ ਨਹੀਂ ਪੈਣਾ ਚਾਹੁੰਦਾ। ਸੋ ਜੇ ਸੂਬੇਦਾਰ ਉਸ ਦੀ ਜ਼ਮੀਨ ਵਾਹੀ ਲਈ ਲੈ ਲਵੇ, ਤੇ ਭਾਵੇਂ ਉਸ ਨੂੰ ਕੁਝ ਭੀ ਨਾ ਦੇਵੇ, ਤਾਂ ਉਹ ਸੂਬੇਦਾਰ ਨੂੰ ਜ਼ਮੀਨ ਦੇਣ ਲਈ ਤਿਆਰ ਹੈ, ਕਿਉਂਕਿ ਉਸ ਦੇ ਤੇ ਉਸਦੇ ਪਰਿਵਾਰ ਦੇ ਕਿਸੇ ਜੀਅ ਪਾਸ ਖੇਤੀ ਵਲ ਧਿਆਨ ਦੇਣ ਦਾ ਸਮਾਂ ਨਹੀਂ।" ਸੂਬੇਦਾਰ ਨੇ ਕਿਹਾ, ਕਿ ਉਸ ਦੇ ਪਾਸ ਭੀ ਆਪਣੀ ਖੇਤੀ ਵਲ ਪੂਰਾ ਧਿਆਨ ਦੇਣ ਦੀ ਵਿਹਲ ਨਹੀਂ। ਉਸ ਦੇ ਦੋਵੇਂ ਬੱਚੇ ਦਰਸ਼ਨ ਸਿੰਘ ਤੇ ਸੁਰਜੀਤ ਸਿੰਘ ਅਜੇ ਛੋਟੇ ਹਨ, ਤੇ ਉਹ ਇਕੱਲਾ ਆਪਣੀ ਅਤੇ ਜਰਨੈਲ ਦੀ ਜ਼ਮੀਨ ਚੰਗੀ ਤਰ੍ਹਾਂ ਨਹੀਂ ਸਾਂਭ ਸਕੇਗਾ। ਪਰ ਜਰਨੈਲ ਨੇ ਉਹ ਨੂੰ ਬਹੁਤ ਮਜਬੂਰ ਕੀਤਾ, ਤੇ ਇਕ ਤਰ੍ਹਾਂ ਨਾਲ ਮਿਨਤ ਸਮਾਜਤ ਕੀਤੀ। ਸੂਬੇਦਾਰ ਨੂੰ ਆਖ਼ਰ ਮੰਨਣਾ ਹੀ ਪਿਆ।

ਹੁਣ ਸੂਬੇਦਾਰ ਆਪਣੀ ਜ਼ਿੰਮੇਵਾਰੀ ਸਮਝ ਕੇ, ਆਪਣੀ ਜ਼ਮੀਨ ਨਾਲੋਂ ਭੀ ਵਧੇਰੇ ਧਿਆਨ ਜਰਨੈਲ ਦੀ ਜ਼ਮੀਨ ਵਲ ਦੇਣ ਲਗਾ। ਉਸ ਦਾ ਸਕੂਲ ਪੜ੍ਹਦਾ ਬੱਚਾ



Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਸਿੰਘ ਵੀ ਉਸ ਦੀ ਮਦਦ ਕਰਨ ਲਗ ਪਿਆ ਤੇ ਟਰੈਕਟਰ ਚਲਾਣ ਲੱਗਾ। ਜਰਨੈਲ ਭੀ ਦਰਸ਼ਨ ਸਿੰਘ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਨ ਲਗਾ ਤੇ ਉਸਦੀ ਪੜ੍ਹਾਈ ਵਿਚ ਭੀ ਦਿਲਚਸਪੀ ਲੈਣ ਲਗਾ।

ਸੂਬੇਦਾਰ ਨੇ ਉਸ ਦੀ ਜ਼ਮੀਨ ਵਿਚ ਕਣਕ ਬੀਜ ਦਿਤੀ। ਉਦੋਂ ਕਣਕ ਦੀ ਇਕ ਨਵੀਂ ਕਿਸਮ, ਜਿਸਦਾ ਨਾਮ ਕਲਿਆਣ ਸੀ, ਪ੍ਰਚਲਤ ਹੋਈ ਸੀ, ਤੇ ਖੇਤੀ ਯੂਨੀਵਰਸਿਟੀ ਉਸ ਦਾ ਬੀਜ ਵੇਚਦੀ ਤੇ ਪ੍ਰਚਾਰ ਕਰਦੀ ਸੀ। ਸੂਬੇਦਾਰ ਨੇ, ਜਰਨੈਲ ਦੀ ਜ਼ਮੀਨ ਵਿਚ ਕਲਿਆਣ ਕਣਕ ਬੀਜ ਦਿਤੀ। ਜਦੋਂ ਫ਼ਸਲ ਜੁਆਨ ਹੋਈ ਤਾਂ ਜਰਨੈਲ ਆਪਣੀ ਕੋਠੀ ਦੀ ਛੱਤ ਤੇ ਚੜ੍ਹ ਕੇ, ਖੇਤਾਂ ਵਿਚ ਨਜ਼ਰ ਮਾਰ ਕੇ ਲਹਿਲਹਾਂਦੀ ਫ਼ਸਲ ਵੇਖਦਾ ਤਾਂ ਬਾਗੋ-ਬਾਗ ਹੋ ਜਾਂਦਾ। ਫ਼ਸਲ ਪਕਣ ਤੇ ਕਾਫ਼ੀ ਝਾੜ ਨਿਕਲਿਆ। ਸੂਬੇਦਾਰ ਨੇ ਗਹਾਈ ਕਰਕੇ, ਜਰਨੈਲ ਦੇ ਹਿਸੇ ਦੀ ਕਣਕ, ਉਸ ਦੀ ਕੋਠੀ ਵਿਚ ਬਣੇ, ਗੁਦਾਮ ਵਿਚ ਭੇਜ ਦਿਤੀ। ਜਰਨੈਲ ਬਹੁਤ ਪ੍ਰਸੰਨ ਹੋਇਆ ਤੇ ਸਦਾ ਲਈ ਸੂਬੇਦਾਰ ਦਾ ਰਿਣੀ ਹੋ ਗਿਆ। ਕੁਝ ਅਰਸੇ ਪਿਛੋਂ ਸੂਬੇਦਾਰ ਨੇ ਜ਼ਮੀਨ ਜਰਨੈਲ ਨੂੰ ਵਾਪਸ ਮੋੜ ਦਿਤੀ।

ਉਹਨਾਂ ਦਿਨਾਂ ਵਿਚ ਕਮਿਊਨਿਸਟ ਲਹਿਰ ਭੀ ਚਲੀ ਹੋਈ ਸੀ ਤੇ ਕਮਿਊਨਿਸਟ ਥਾਂ ਥਾਂ ਤੇ ਯੂਨੀਅਨਾਂ ਬਣਵਾ ਬਣਵਾ ਕੇ, ਜ਼ਮੀਂਦਾਰਾਂ ਤੇ ਕਾਮਿਆਂ ਦੇ ਝਗੜੇ ਕਰਵਾ ਦੇਂਦੇ ਸਨ। ਵੱਡੇ ਜ਼ਮੀਂਦਾਰਾਂ ਨੂੰ ਖ਼ਾਹਮਖ਼ਾਹ ਪਰੇਸ਼ਾਨ ਕੀਤਾ ਜਾਂਦਾ ਸੀ। ਮਜ਼ਦੂਰਾਂ ਦੀ ਨਾਜਾਇਜ਼ ਮਦਦ ਕੀਤੀ ਜਾਂਦੀ ਸੀ ਤੇ ਹੜਤਾਲਾਂ, ਜਲੂਸ ਆਦਿ ਕਢ ਕੇ ਸ਼ੋਰ-ਸ਼ਰਾਬਾ ਪੈਦਾ ਕੀਤਾ ਜਾਂਦਾ ਸੀ। ਉਹਨਾਂ ਦੇ ਵਿਚਾਰ ਵਿਚ ਇਹ ਸਭ ਗੱਲਾਂ ਕਮਿਊਨਿਸਟ ਲਹਿਰ ਨੂੰ ਤਾਕਤ ਦੇਂਦੀਆਂ ਹਨ।

ਕੁਝ ਅਰਸੇ ਪਿਛੋਂ ਜਰਨੈਲ ਬਲਵੰਤ ਸਿੰਘ ਨੂੰ ਕਿਸੇ ਨੇ ਕਤਲ ਕਰ ਦਿਤਾ। ਸ਼ੱਕ ਇਹੀ ਸੀ ਕਿ ਇਸ ਪਿਛੇ ਕਮਿਊਨਿਸਟਾਂ ਦਾ ਹੀ ਹੱਥ ਹੈ। ਉਹਨਾਂ ਦਾ ਜਰਨੈਲ ਨਾਲ ਜ਼ਮੀਨ ਬਾਰੇ ਤੇ ਕਾਮਿਆਂ ਦੇ ਹਿੱਸੇ ਬਾਰੇ ਝਗੜਾ ਚਲ ਰਿਹਾ ਸੀ। ਜਰਨੈਲ ਦੇ ਦੁਸ਼ਮਣਾਂ ਨੂੰ ਪਤਾ ਸੀ ਕਿ ਜਰਨੈਲ ਦੀ ਸੂਬੇਦਾਰ ਨਾਲ ਦੋਸਤੀ ਸੀ, ਦੋਹਾਂ ਵਿਚ ਬੜਾ ਪਿਆਰ ਸੀ। ਇਸ ਲਈ ਉਹਨਾਂ ਨੂੰ ਸ਼ੱਕ ਸੀ ਕਿ ਸੂਬੇਦਾਰ ਉਹਨਾਂ ਦੇ ਖ਼ਿਲਾਫ਼, ਜਰਨੈਲ ਦੇ ਕਤਲ ਕੇਸ ਵਿਚ ਜ਼ਰੂਰ ਗਵਾਹੀ ਦੇਵੇਗਾ। ਉਹ ਇਹ ਵੀ ਜਾਣਦੇ ਸਨ ਕਿ ਸੂਬੇਦਾਰ ਦੀ ਗਵਾਹੀ ਬੜੀ ਮਹਾਨਤਾ ਰਖਦੀ ਹੈ, ਕਿਉਂਕਿ ਸੂਬੇਦਾਰ ਦਾ ਫ਼ੌਜ ਤੇ ਪਲੀਸ ਦੀ ਨੌਕਰੀ ਦਾ ਰਿਕਾਰਡ ਬੜਾ ਸ਼ਾਨਦਾਰ ਸੀ।

ਉਹਨਾਂ ਨੇ ਰਖੜੇ ਦੇ ਬਸ ਅਡੇ ਤੇ ਇਕ ਇਸ਼ਤਿਹਾਰ ਲਿਖ ਕੇ ਲਗਾ ਦਿਤਾ ਕਿ ਜੇ ਉਹਨਾਂ ਦਾ ਕੋਈ ਬੰਦਾ ਇਸ ਕੇਸ ਵਿਚ ਫਾਂਸੀ ਲਗਾ ਤਾਂ ਉਹ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣਗੇ ਤੇ ਇਸਦੇ ਜ਼ਿਮੇਵਾਰ ਬੰਦਿਆਂ ਨੂੰ ਜ਼ਿੰਦਾ ਨਹੀਂ ਛੱਡਣਗੇ। ਇਹ ਇਸ਼ਤਿਹਾਰ ਇਕ ਤਰ੍ਹਾਂ ਨਾਲ ਸੂਬੇਦਾਰ ਨੂੰ ਜਾਨੋਂ ਮਾਰ ਦੇਣ ਦੀ ਧਮਕੀ ਸੀ, ਤਾਂ ਜੋ ਉਹ ਗਵਾਹੀ ਦੇਣ ਦਾ ਖ਼ਿਆਲ ਦਿਲ ਵਿਚੋਂ ਕੱਢ ਦੇਵੇ। ਇਕ ਕਮਿਊਨਿਸਟ ਨੇਤਾ ਲਾਲ ਸਿੰਘ ਨੇ (ਜਿਸ ਦਾ ਵਿਸਥਾਰ ਸਹਿਤ ਵਰਨਣ ਅਗੇ ਆਵੇਗਾ) ਸੂਬੇਦਾਰ ਨੂੰ ਕਿਹਾ ਕਿ ਉਹ ਫ਼ਿਕਰ ਨਾ ਕਰੇ। ਤੇ ਉਹ ਚਾਹੇ ਤਾਂ ਉਹ ਉਸ ਨੂੰ ਕੁਝ ਕਮਿਊਨਿਸਟ ਬਾਡੀ ਗਾਰਡ ਭੀ ਦੇ ਸਕਦਾ ਹੈ, ਤੇ ਉਸ ਦੇ ਵਾਸਤੇ ਅਸਲਾ ਤੇ ਗੋਲਾ ਬਾਰੂਦ ਭੀ



Sri Satguru Jagjit Singh Ji eLibrary NamdhariElibrary@gmail.com

ਲਿਆ ਸਕਦਾ ਹੈ। ਪਰ ਸੂਬੇਦਾਰ ਬਾਪੂ ਨੇ ਕਿਹਾ ਕਿ ਉਸ ਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਉਸ ਦਾ ਰਾਖਾ ਗੁਰੂ ਨਾਨਕ ਉਸ ਦੇ ਸਦਾ ਨਾਲ ਹੈ ਤੇ ਜਦ ਤਕ ਉਹ ਉਹਦੇ ਨਾਲ ਹੈ, ਉਸ ਦਾ ਕੋਈ ਵਾਲ ਭੀ ਵਿੰਗਾ ਨਹੀਂ ਕਰ ਸਕਦਾ।

ਜਿਸ ਦਾ ਸਾਹਿਬ ਡਾਢਾ ਹੋਇ॥
ਉਸ ਨੂੰ ਮਾਰ ਨਾ ਸਾਕੇ ਕੋਇ॥

ਹੁਣ ਬਾਪੂ ਆਪਣੀ ਖੇਤੀ ਵਿਚ ਇਕ ਸਫ਼ਲ, ਅਗਾਂਹ ਵਧੂ ਤੇ ਸ਼ਿਰਕੱਢ ਕਿਸਾਨ ਬਣ ਚੁੱਕਾ ਸੀ ਤੇ ਇਲਾਕੇ ਵਿਚ ਉਸ ਦਾ ਨਾਮ ਸੀ। ਹੁੰਦਾ ਵੀ ਕਿਉਂ ਨਾ, ਜਿਥੇ ਉਸ ਨੂੰ ਗੁਰੂ ਨਾਨਕ ਦੀ ਕ੍ਰਿਪਾ ਤੇ ਰਹਿਮਤ ਤੇ ਪੂਰਾ ਭਰੋਸਾ ਸੀ, ਉਥੇ ਉਸ ਨੇ ਆਪਣੀ ਮੇਹਨਤ, ਲਗਨ ਤੇ ਈਮਾਨਦਾਰੀ ਨਾਲ ਕੰਮ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਉਸ ਨੂੰ ਪਤਾ ਸੀ ਕਿ ਪ੍ਰਮਾਤਮਾ ਭੀ ਉਸਦੀ ਮਦਦ ਕਰਦਾ ਹੈ, ਜੋ ਆਪਣੀ ਮਦਦ ਆਪ ਹੀ ਕਰਦੇ ਹਨ।

ਉਦਮ ਕਰੇਂਦਿਆਂ ਜੀਓ ਤੂੰ
ਕਮਾਂਵਦਿਆਂ ਸੁਖ ਭੁੰਚ।

ਤਥਾ

ਆਪਣੇ ਹਥੀਂ ਆਪਣਾ
ਆਪੇ ਹੀ ਕਾਜ ਸਵਾਰੀਆ।



Sri Satguru Jagjit Singh Ji eLibrary NamdhariElibrary@gmail.com



ਸੂਬੇਦਾਰ ਕਰਤਾਰ ਸਿੰਘ ਧਾਲੀਵਾਲ, ਆਪਣੀ ਪਤਨੀ ਸ੍ਰੀਮਤੀ ਜਸਵੰਤ ਕੌਰ ਨਾਲ

Sri Satguru Jagjit Singh Ji eLibrary NamdhariElibrary@gmail.com



ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਆਪਣੇ ਪ੍ਰਵਾਰ ਨਾਲ। ਉਨ੍ਹਾਂ ਦੀ ਪਤਨੀ, ਤਿੰਨੇ ਸਪੁਤਰ, ਨੂੰਹਾਂ ਤੇ ਪੋਤਰੀਆਂ-ਪੋਤਰੇ



ਸੂਬੇਦਾਰ ਬਾਪੂ, ਆਪਣੇ ਵਡੇ ਪੁਤਰ ਦਰਸ਼ਨ ਸਿੰਘ ਧਾਲੀਵਾਲ ਨਾਲ ਪ੍ਰਸੰਨ ਮੁਦਰਾ ਵਿਚ

Sri Satguru Jagjit Singh Ji eLibrary NamdhariElibrary@gmail.com



ਸੂਬੇਦਾਰ ਬਾਪੂ ਆਪਣੀ ਪਤਨੀ, ਪੁਤਰਾਂ, ਨੂੰਹਾਂ ਤੇ ਪੋਤੀਆਂ-ਪੋਤਿਆਂ ਵਿਚ
ਆਪਣੀ ਕੋਠੀ ਕਰਤਾਰ ਨਿਵਾਸ ਰਖੜਾ ਵਿਚ



ਸੂਬੇਦਾਰ ਬਾਪੂ ਬਡਵਾਲ ਵਿਚ ਕਾਲਜ ਦਾ ਨੀਂਹ ਪਥਰ ਰਖਦੇ ਹੋਏ

Sri Satguru Jagjit Singh Ji eLibrary NamdhariElibrary@gmail.com



ਸਿਖ ਐਜੂਕੇਸ਼ਨਲ ਕਾਨਫ੍ਰੰਸ ਪਟਿਆਲਾ ਦੀ ਸਟੇਜ ਤੇ ਨਾਲ ਬੈਠੇ ਹਨ
ਸੰਤ ਤੀਰਥ ਸਿੰਘ ਗੁਨਿਆਨਾ ਮੰਡੀ ਵਾਲੇ, ਪ੍ਰਿੰਸੀਪਲ ਸਤਿਬੀਰ ਸਿੰਘ,
ਉਨ੍ਹਾਂ ਦਾ ਸਪੁਤ੍ਰ ਦਰਸ਼ਨ ਸਿੰਘ ਧਾਲੀਵਾਲ ਤੇ ਹਰਭਜਨ ਸਿੰਘ ਰਤਨ



ਮਹੰਤ ਤੀਰਥ ਸਿੰਘ, ਸੂਬੇਦਾਰ ਬਾਪੂ ਦਾ ਸਨਮਾਨ ਕਰ ਰਹੇ ਹਨ

Sri Satguru Jagjit Singh Ji eLibrary NamdhariElibrary@gmail.com



ਸੂਬੇਦਾਰ ਬਾਪੂ, ਜਥੇਦਾਰ ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ੍ਰੋ. ਗੁ. ਪ੍ਰ. ਕਮੇਟੀ ਨਾਲ



ਸੂਬੇਦਾਰ ਬਾਪੂ ਲੋੜਵੰਦਾਂ ਵਿਚ ਮਾਇਆ ਤੇ ਮਿਠਾਈ ਵੰਡ ਰਹੇ ਹਨ

Sri Satguru Jagjit Singh Ji eLibrary NamdhariElibrary@gmail.com



ਕਰਤਾਰ ਸਿੰਘ ਧਾਲੀਵਾਲ ਤੇ ਉਨ੍ਹਾਂ ਦਾ ਸਪੁਤ੍ਰ ਦਰਸ਼ਨ ਸਿੰਘ ਧਾਲੀਵਾਲ, ਪ੍ਰਧਾਨ, ਸ਼੍ਰੋਮਣੀ ਕਮੇਟੀ ਜਥੇਦਾਰ ਟੌਹੜਾ ਜੀ ਤੋਂ ਸਿਰੋਪਾ ਲੈਣ ਸਮੇਂ



ਜਥੇਦਾਰ ਟੌਹੜਾ, ਸੂਬੇਦਾਰ ਬਾਪੂ, ਤੇ ਉਨ੍ਹਾਂ ਦੇ ਸਪੁਤ੍ਰ ਦਰਸ਼ਨ ਸਿੰਘ ਧਾਲੀਵਾਲ ਨੂੰ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਿਤ੍ਰ ਪ੍ਰਦਾਨ ਕਰ ਰਹੇ ਹਨ। ਨਾਲ ਪ੍ਰਿੰ: ਸਤਿਬੀਰ ਸਿੰਘ ਖੜੇ ਹਨ

Sri Satguru Jagjit Singh Ji eLibrary NamdhariElibrary@gmail.com



ਪੰਜਾਬੀ ਸਾਹਿਤ ਕਲਾ ਸੰਗਮ ਦਿਲੀ ਦੇ ਧਾਲੀਵਾਲ ਐਵਾਰਡ ਵੰਡ ਸਮਾਰੋਹ ਸਮੇਂ 31 ਮਾਰਚ 1996 ਨੂੰ, ਸੂਬੇਦਾਰ ਬਾਪੂ, ਭਾਰਤ ਦੇ ਉਸ ਵੇਲੇ ਦੇ ਉਪਰਾਸ਼ਟਰਪਤੀ, ਤੇ ਅਜ ਦੇ ਰਾਸ਼ਟਰਪਤੀ ਸ਼੍ਰੀ ਕੇ. ਆਰ. ਨਾਰਾਇਨਨ ਦੇ ਨਾਲ। ਉਨ੍ਹਾਂ ਦੇ ਸਪੁਤ੍ਰ ਸੁਰਜੀਤ ਸਿੰਘ ਧਾਲੀਵਾਲ ਤੇ ਸੰਗਮ ਦੇ ਪ੍ਰਧਾਨ ਹਰਭਜਨ ਸਿੰਘ ਰਤਨ ਵੀ ਨਾਲ ਖੜੇ ਹਨ।



ਸ੍ਰ. ਬਲਵੰਤ ਸਿੰਘ ਰਾਮੂਵਾਲੀਆ ਸੂਬੇਦਾਰ ਬਾਪੂ ਦਾ ਸਵਾਗਤ ਕਰ ਰਹੇ ਹਨ

Sri Satguru Jagjit Singh Ji eLibrary NamdhariElibrary@gmail.com



ਸੂਬੇਦਾਰ ਬਾਪੂ ਮੰਚ ਤੇ। ਨਾਲ ਬੈਠੇ ਹਨ, ਦਿਲੀ ਦੇ ਉਦਯੋਗ ਮੰਤਰੀ ਗੁਰਸ਼ਰਨ ਸਿੰਘ ਬਲੀ, ਜਸਟਿਸ ਰਣਜੀਤ ਸਿੰਘ ਨਰੂਲਾ, ਬਲਵੰਤ ਸਿੰਘ ਰਾਮੂਵਾਲੀਆ, ਹਰਭਜਨ ਸਿੰਘ ਰਤਨ, ਡਾ: ਅਜੀਤ ਸਿੰਘ। ਉਪ ਰਾਸ਼ਟਰਪਤੀ ਕੇ. ਆਰ. ਨਾਰਾਇਨਨ ਭਾਸ਼ਨ ਦੇ ਰਹੇ ਹਨ।



ਸੂਬੇਦਾਰ ਬਾਪੂ ਦੇ ਸੁਯੋਗ ਸਪੁਤ੍ਰ ਸ੍ਰ. ਦਰਸ਼ਨ ਸਿੰਘ ਧਾਲੀਵਾਲ, (ਅਮਰੀਕਾ) ਜਿਨ੍ਹਾਂ ਦੇਸਾਂ-ਪ੍ਰਦੇਸਾਂ ਵਿਚ ਆਪਣਾ ਤੇ ਆਪਣੇ ਪਿਤਾ ਦਾ ਨਾਮ ਰੋਸ਼ਨ ਕੀਤਾ ਹੈ, ਤੇ ਪਿਤਾ ਦੇ ਪੂਰਨਿਆਂ ਤੇ ਚਲ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

# ਬੱਚਿਆਂ ਦੀ ਪਰਵਰਿਸ਼ ਤੇ ਪੜ੍ਹਾਈ

ਸੂਬੇਦਾਰ ਕਰਤਾਰ ਸਿੰਘ ਧਾਲੀਵਾਲ, ਉਰਫ਼ ਬਾਪੂ ਦੇ ਪਰਿਵਾਰ ਵਿਚ ਹੁਣ ਤਕ ਤਿੰਨ ਬੰਦੇ ਸਨ। ਇਕ ਉਸ ਦੀ ਪਤਨੀ, ਦੂਸਰਾ ਵੱਡਾ ਲੜਕਾ ਦਰਸ਼ਨ ਸਿੰਘ ਤੇ ਤੀਸਰਾ, ਦੂਜਾ ਲੜਕਾ—ਸਰਜੀਤ ਸਿੰਘ। ਮਗਰੋਂ ਉਸ ਦੇ ਘਰ ਤੀਸਰਾ ਲੜਕਾ ਚਰਨਜੀਤ ਸਿੰਘ ਹੋਇਆ। ਇਨ੍ਹਾਂ ਤਿੰਨਾਂ ਪੁਤਰਾਂ ਦੇ ਜਨਮ-ਸਾਲ ਇਸ ਤਰ੍ਹਾਂ ਹਨ : ਦਰਸ਼ਨ ਸਿੰਘ 1949, ਸੁਰਜੀਤ ਸਿੰਘ 1952 ਤੇ ਚਰਨਜੀਤ ਸਿੰਘ 1962 ਸੂਬੇਦਾਰ ਨੂੰ ਸ਼ੁਰੂ ਤੋਂ ਹੀ ਇਨ੍ਹਾਂ ਦੀ ਪਰਵਰਿਸ਼ ਤੇ ਪੜ੍ਹਾਈ ਦੀ ਚਿੰਤਾ ਸੀ। ਉਹ ਆਪ ਕਿਸੇ ਸਕੂਲ ਵਿਚ ਨਾ ਪੜ੍ਹਨ ਕਰਕੇ, ਵਿਦਿਆ ਤੋਂ ਵਾਂਝਾ ਰਿਹਾ ਸੀ। ਭਾਵੇਂ ਉਸ ਦੀ ਸੂਝ-ਬੂਝ ਤੇ ਸਿਆਣਪ ਪੜ੍ਹੇ ਲਿਖਿਆਂ ਤੋਂ ਕਈ ਗੁਣਾਂ ਵਧ ਸੀ ਤੇ ਪੜ੍ਹੇ ਲਿਖੇ ਭੀ ਉਸ ਦੀ ਸਲਾਹ ਲੈਂਦੇ ਸਨ, ਪਰ ਉਹ ਚਾਹੁੰਦਾ ਸੀ ਕਿ ਉਸ ਦੇ ਲੜਕੇ ਚੰਗੇ ਸਕੂਲ, ਕਾਲਜਾਂ ਵਿਚ ਪੜ੍ਹ ਕੇ ਉਚੀ ਵਿਦਿਆ ਪ੍ਰਾਪਤ ਕਰਨ। ਇਸ ਲਈ ਸਭ ਤੋਂ ਪਹਿਲਾਂ ਆਪਣੇ ਵੱਡੇ ਲੜਕੇ ਦਰਸ਼ਨ ਸਿੰਘ ਦੀ ਵਿਦਿਆ ਦੀ ਚਿੰਤਾ ਕਰ ਰਿਹਾ ਸੀ।

ਰਖੜਾ ਪਿੰਡ ਵਿਚ ਕੋਈ ਸਕੂਲ ਨਹੀਂ ਸੀ। ਨਜ਼ਦੀਕ ਦਾ ਸਕੂਲ ਪਿੰਡ ਕਲਿਆਣ ਵਿਚ ਸੀ, ਜੋ ਪਟਿਆਲੇ ਤੇ ਰਖੜੇ ਦੇ ਦਰਮਿਆਨ ਸੀ, ਤੇ ਰਖੜੇ ਤੋਂ ਚਾਰ ਕਿਲੋਮੀਟਰ ਦੂਰ ਸੀ। ਦਰਸ਼ਨ ਸਿੰਘ ਦੀ ਉਮਰ ਅਜੇ ਚਾਰ ਸਾਲ ਦੀ ਸੀ ਅਤੇ ਉਹ ਆਪੇ ਬਸ ਤੇ ਚੜ੍ਹ ਕੇ ਉਥੇ ਨਹੀਂ ਸੀ ਆ ਜਾ ਸਕਦਾ। ਸੋ ਸੂਬੇਦਾਰ ਨੇ ਇਕ ਮਾਸਟਰ ਨੂੰ ਕਿਹਾ, ਕਿ ਉਹ ਪਿੰਡ ਆ ਕੇ, ਪਿੰਡ ਦੇ ਬੱਚਿਆਂ ਨੂੰ ਪੜ੍ਹਾ ਜਾਇਆ ਕਰੇ, ਉਸ ਨੂੰ ਪੈਸੇ ਮਿਲ ਜਾਇਆ ਕਰਨਗੇ। ਪਰ ਜਦ ਉਹ ਮਾਸਟਰ ਅਗਲੇ ਦਿਨ ਪਿੰਡ ਗਿਆ ਤਾਂ ਸੂਬੇਦਾਰ ਘਰ ਨਹੀਂ ਸੀ। ਪਿੰਡ ਦੇ ਬੰਦਿਆਂ ਨੇ ਉਸ ਨੂੰ ਕਹਿ ਦਿਤਾ ਕਿ ਇਥੇ ਕਿਸੇ ਨਹੀਂ ਪੜ੍ਹਨਾ, ਨਾ ਹੀ ਉਹ ਆਪਣੇ ਬੱਚੇ ਪੜ੍ਹਾਣ ਲਈ ਉਸ ਨੂੰ ਪੈਸੇ ਦੇਣਗੇ। ਉਹ ਵਾਪਸ ਮੁੜ ਗਿਆ। ਜਦ ਸੂਬੇਦਾਰ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਸਭ ਨੂੰ ਸਮਝਾਇਆ ਕਿ ਓਹ ਮਾਸਟਰ ਪਾਸੋਂ ਆਪਣੇ ਬੱਚੇ ਪੜ੍ਹਾਣ, ਉਸ ਨੂੰ ਬੇਸ਼ਕ ਕੋਈ ਪੈਸਾ ਨਾ ਦੇਣ। ਉਸ ਦੀ ਤਨਖ਼ਾਹ ਓਹ ਆਪ ਇਕੱਲਾ ਹੀ ਦੇ ਦੇਵੇਗਾ। ਸੂਬੇਦਾਰ ਦੂਸਰੇ ਦਿਨ ਮਾਸਟਰ ਨੂੰ ਫਿਰ ਬੁਲਾ ਕੇ ਲੈ ਆਇਆ ਤੇ ਉਸ ਨੇ ਸੂਬੇਦਾਰ ਦੇ ਪੁਤਰ ਦਰਸ਼ਨ ਸਿੰਘ ਸਮੇਤ ਕੁਝ ਹੋਰ ਮੁੰਡਿਆਂ ਨੂੰ ਇਕੱਠਾ ਬਿਠਾ ਕੇ ਪੜ੍ਹਾਣਾ ਸ਼ੁਰੂ ਕਰ ਦਿਤਾ। ਹੌਲੀ ਹੌਲੀ ਬੱਚੇ ਵਧਦੇ ਗਏ ਤੇ ਉਥੇ ਪੰਜਵੀਂ ਜਮਾਤ ਤਕ ਦਾ ਸਕੂਲ ਬਣ ਗਿਆ, ਜੋ ਅਜ ਵੀ ਚਲ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਸੂਬੇਦਾਰ ਦਾ ਪੁਤਰ ਦਰਸ਼ਨ ਸਿੰਘ ਹੁਣ ਬਸ ਤੇ ਚੜ੍ਹਨ ਉਤਰਨ ਦੇ ਕਾਬਲ ਹੋ ਗਿਆ ਸੀ। ਉਸ ਨੂੰ ਪਟਿਆਲਾ ਤੇ ਰਖੜਾ ਦੇ ਦਰਮਿਆਨ ਕਲਿਆਣ ਪਿੰਡ ਦੇ ਸਰਕਾਰੀ ਸਕੂਲ ਵਿਚ ਦਾਖ਼ਲ ਕਰਵਾ ਦਿਤਾ ਗਿਆ। ਦਰਸ਼ਨ ਸਿੰਘ ਰੋਜ਼ ਚੰਗੇ ਸਾਫ਼ ਸੁਥਰੇ ਕਪੜੇ ਪਾ ਕੇ ਤੇ ਪੱਗ ਬੰਨ੍ਹ ਕੇ ਸਕੂਲ ਜਾਂਦਾ ਸੀ। ਉਸ ਦੀ ਮਾਂ ਉਸ ਨੂੰ ਧਿਆਨ ਨਾਲ ਚੰਗੀ ਤਰ੍ਹਾਂ ਤਿਆਰ ਕਰਕੇ ਘਲਦੀ ਸੀ। ਮਾਸਟਰ ਉਸ ਤੇ ਖ਼ੁਸ਼ ਹੋ ਕੇ ਦੂਜੇ ਮੁੰਡਿਆਂ ਨੂੰ ਉਸ ਦੀ ਮਿਸਾਲ ਦੇਂਦੇ ਸਨ, ਕਿ ਉਹ ਵੀ ਦਰਸ਼ਨ ਸਿੰਘ ਵਾਂਗ ਤਿਆਰ ਹੋ ਕੇ ਸਾਫ਼ ਸੁਥਰੇ ਕਪੜੇ ਪਾ ਕੇ ਆਇਆ ਕਰਨ।

ਸਰਕਾਰ ਨੇ ਸੈਨਿਕ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ। ਸੈਨਿਕ ਸਕੂਲਾਂ ਵਿਚ ਫ਼ੌਜੀਆਂ ਦੇ ਬੱਚਿਆਂ ਨੂੰ ਦਾਖ਼ਲ ਕੀਤਾ ਜਾਂਦਾ ਸੀ, ਤੇ ਫ਼ੌਜੀ ਬਣਨ ਲਈ ਸਿਖਿਆ ਦੇ ਕੇ ਤਿਆਰ ਕੀਤਾ ਜਾਂਦਾ ਸੀ, ਤਾਂ ਜੋ ਅਗੋਂ ਫ਼ੌਜ ਵਿਚ ਭਰਤੀ ਹੋ ਜਾਣ। ਅਜੇਹਾ ਇਕ ਸਕੂਲ ਨਾਭਾ ਵਿਚ ਵੀ ਖੁਲ੍ਹ ਗਿਆ। (ਬਾਅਦ ਵਿਚ ਇਹੋ ਸਕੂਲ ਨਾਭਾ ਪਬਲਿਕ ਸਕੂਲ ਬਣਿਆ, ਜੋ ਹੁਣ ਤਕ ਬੜੀ ਸ਼ਾਨ ਨਾਲ ਚਲ ਰਿਹਾ ਹੈ) ਜਨਰਲ ਬਲਵੰਤ ਸਿੰਘ ਨੇ ਸੂਬੇਦਾਰ ਨੂੰ ਸਲਾਹ ਦਿਤੀ ਕਿ ਉਹ ਦਰਸ਼ਨ ਸਿੰਘ ਨੂੰ ਇਸ ਸਕੂਲ ਵਿਚ ਦਾਖ਼ਲ ਕਰਵਾਏ, ਕਿਉਂਕਿ ਉਹ ਰੀਟਾਇਰਡ ਫ਼ੌਜੀ ਹੈ, ਤੇ ਉਸ ਦੇ ਬੱਚੇ ਨੂੰ ਜ਼ਰੂਰ ਦਾਖ਼ਲਾ ਮਿਲ ਜਾਵੇਗਾ। ਸੂਬੇਦਾਰ ਨੇ ਕਿਹਾ ਕਿ ਇਸ ਸਕੂਲ ਵਿਚ ਸੌ ਡੇਢ ਸੌ ਰੁਪਏ ਮਹੀਨੇ ਦਾ ਖ਼ਰਚ ਹੈ (ਜੋ ਉਦੋਂ ਬਹੁਤ ਵੱਡੀ ਰਕਮ ਸੀ), ਜੋ ਉਹ ਬਰਦਾਸ਼ਤ ਨਹੀਂ ਕਰ ਸਕੇਗਾ। ਜਨਰਲ ਨੇ ਉਸ ਨੂੰ ਕਿਹਾ ਕਿ ਉਹ ਦਾਖ਼ਲੇ ਲਈ ਦਰਖ਼ਾਸਤ ਜ਼ਰੂਰ ਦੇ ਦੇਵੇ। ਉਹ ਉਸ ਦੇ ਬੱਚੇ ਲਈ ਵਜ਼ੀਫ਼ੇ ਦੀ ਕੋਸ਼ਿਸ਼ ਕਰੇਗਾ। ਸੂਬੇਦਾਰ ਨੇ ਦਰਖ਼ਾਸਤ ਦੇ ਦਿਤੀ।

ਇਨ੍ਹਾਂ ਸਕੂਲਾਂ ਵਿਚ ਦਾਖ਼ਲੇ ਲਈ ਇਕ ਬੋਰਡ ਬਣਾਇਆ ਗਿਆ ਸੀ, ਜਿਸ ਦਾ ਦਫ਼ਤਰ ਚੰਡੀਗੜ੍ਹ ਵਿਚ ਸੀ। ਇਸ ਬੋਰਡ ਵਿਚ ਤਿੰਨ ਫ਼ੌਜੀ ਅਫ਼ਸਰ ਤੇ ਦੋ ਸਿਵਲੀਅਨ ਅਧਿਕਾਰੀ ਹੁੰਦੇ ਸਨ। ਸੂਬੇਦਾਰ ਉਸ ਬੋਰਡ ਸਾਹਮਣੇ ਪੇਸ਼ ਹੋਇਆ। ਉਹ ਆਪਣੀ ਫ਼ੌਜੀ ਸੇਵਾ ਦੇ ਸਾਰੇ ਕਾਗ਼ਜ਼ ਸਰਟੀਫ਼ਿਕੇਟ, ਤਗਮੇ ਆਦਿ ਪੂਰਾ ਰੀਕਾਰਡ ਨਾਲ ਲੈ ਕੇ ਗਿਆ ਤੇ ਫ਼ੌਜੀ ਅਫ਼ਸਰਾਂ ਸਾਹਮਣੇ ਸਾਰੇ ਕਾਗ਼ਜ਼ ਰੱਖ ਦਿਤੇ। ਫ਼ੌਜੀ ਅਫ਼ਸਰਾਂ ਨੇ ਉਹ ਸਾਰਾ ਰੀਕਾਰਡ ਬੜੀ ਗਹੁ ਨਾਲ ਚੰਗੀ ਤਰ੍ਹਾਂ ਘੋਖ ਦੇ ਪੜ੍ਹਿਆ, ਅਤੇ ਉਸ ਦੀ ਸ਼ਾਨਦਾਰ ਫ਼ੌਜੀ ਸੇਵਾ ਤੇ ਬਹਾਦਰੀ ਦਾ ਵੇਰਵਾ ਪੜ੍ਹ ਕੇ ਬੜੇ ਖ਼ੁਸ਼ ਅਤੇ ਪ੍ਰਭਾਵਤ ਹੋਏ। ਉਹਨਾਂ ਨਾ ਕੇਵਲ ਸੂਬੇਦਾਰ ਦੇ ਲੜਕੇ ਦਰਸ਼ਨ ਸਿੰਘ ਨੂੰ ਦਾਖ਼ਲਾ ਹੀ ਦੇ ਦਿਤਾ, ਸਗੋਂ ਵਜ਼ੀਫ਼ਾ ਲਗਾ ਕੇ ਉਸਦੀ ਪੜ੍ਹਾਈ ਦਾ ਸਾਰਾ ਖ਼ਰਚਾ ਭੀ ਸਰਕਾਰ ਵਲੋਂ ਦੇਣਾ ਕਰ ਦਿਤਾ।

ਸੂਬੇਦਾਰ ਦੇ ਪਰਿਵਾਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ, ਕਿਉਂਕਿ ਇਸ ਸਕੂਲ ਵਿਚ ਦਾਖ਼ਲੇ ਨੂੰ ਵਿਦਿਆਰਥੀ ਦੀ ਚੰਗੀ ਕਿਸਮਤ ਅਤੇ ਉਜਲ ਭਵਿਖ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਸਕੂਲ ਦੇ ਪ੍ਰਿੰਸੀਪਲ ਦੀ ਇਕ ਚਿਠੀ ਸੂਬੇਦਾਰ ਨੂੰ ਮਿਲੀ, ਜਿਸ ਵਿਚ ਲਿਖਿਆ ਸੀ ਕਿ, "ਬੜੀ ਖ਼ੁਸ਼ੀ ਦੀ ਗੱਲ ਹੈ ਕਿ ਤੁਹਾਡੇ ਲੜਕੇ ਨੂੰ ਦਾਖ਼ਲ ਕਰ ਲਿਆ ਗਿਆ ਹੈ। ਪਰ ਤੁਹਾਡਾ ਲੜਕਾ ਕਲਿਆਣ ਦੇ ਸਕੂਲ ਚੋਂ ਪੰਜਵੀਂ ਪਾਸ ਕਰਕੇ ਆਇਆ ਹੈ ਤੇ ਇਥੇ ਛੇਵੀਂ ਵਿਚ ਦਾਖ਼ਲ ਹੋਣਾ ਹੈ। ਸਾਡੇ ਸਕੂਲ



Sri Satguru Jagjit Singh Ji eLibrary NamdhariElibrary@gmail.com

ਦੀ ਪੜ੍ਹਾਈ ਦਾ ਸਟੈਂਡਰਡ, ਕਲਿਆਣ ਦੇ ਸਰਕਾਰੀ ਸਕੂਲ ਦੀ ਪੜ੍ਹਾਈ ਦੇ ਸਟੈਂਡਰਡ ਤੋਂ ਬਹੁਤ ਉਚਾ ਹੈ। ਇਥੇ ਸ਼ੁਰੂ ਤੋਂ ਹੀ ਅੰਗ੍ਰੇਜ਼ੀ ਪੜ੍ਹਾਈ ਜਾਂਦੀ ਹੈ। ਤੁਹਾਡੇ ਬੱਚੇ ਦੀ ਅੰਗ੍ਰੇਜ਼ੀ ਬਾਕੀ ਬੱਚਿਆਂ ਦੇ ਬਰਾਬਰ ਨਹੀਂ। ਇਸ ਲਈ ਤਿੰਨ ਮਹੀਨੇ ਦੀਆਂ ਛੁਟੀਆਂ ਵਿਚ, ਇਸ ਦੀ ਪ੍ਰਾਈਵੇਟ ਟਿਊਸ਼ਨ ਰਖਾ ਕੇ, ਅੰਗ੍ਰੇਜ਼ੀ ਦੀ ਕਮੀ ਪੂਰੀ ਕਰੋ। ਨਹੀਂ ਤਾਂ ਇਹ ਕਲਾਸ ਵਿਚ ਨਹੀਂ ਚਲ ਸਕੇਗਾ।"

ਸੂਬੇਦਾਰ ਆਪਣੇ ਬੱਚੇ ਦੀ ਅੰਗ੍ਰੇਜ਼ੀ ਦੀ ਟਿਊਸ਼ਨ ਦਾ ਪ੍ਰਬੰਧ ਕਰਨ ਲਈ ਕਲਿਆਣ ਦੇ ਮਿਡਲ ਸਕੂਲ ਵਿਚ ਮਾਸਟਰ ਲਭਣ ਲਈ ਗਿਆ। ਉਥੇ ਕਾਫ਼ੀ ਟੀਚਰ ਉਸ ਦੇ ਵਾਕਫ਼ ਸਨ, ਪਰ ਕਿਸੇ ਨੇ ਇਸ ਕੰਮ ਲਈ ਹਾਮੀ ਨਾ ਭਰੀ। ਉਹ ਕਹਿਣ ਲਗੇ ਕਿ ਇਹ ਕੰਮ ਕਰਨ ਦੀ ਯੋਗਤਾ ਸਿਰਫ਼ ਉਸ ਸਕੂਲ ਦੇ ਹੈਡਮਾਸਟਰ ਸਤਿਨਾਮ ਸਿੰਘ ਵਿਚ ਹੀ ਹੈ। ਸੂਬੇਦਾਰ ਹੈਡਮਾਸਟਰ ਸਤਿਨਾਮ ਸਿੰਘ ਪਾਸ ਗਿਆ ਤੇ ਆਪਣੀ ਸਮੱਸਿਆ ਦਸੀ। ਸਤਿਨਾਮ ਸਿੰਘ ਸਾਰੀ ਗੱਲ ਸੁਣ ਕੇ ਇਸ ਕੰਮ ਲਈ ਖਿੜੇ ਮਥੇ ਤਿਆਰ ਹੋ ਗਿਆ। ਉਹ ਕਹਿਣ ਲਗਾ ਕਿ ਉਹ ਦਰਸ਼ਨ ਸਿੰਘ ਨੂੰ ਛੁੱਟੀਆਂ ਦੇ ਤਿੰਨ ਮਹੀਨੇ ਆਪਣੇ ਪਾਸ ਰਖ ਕੇ ਚੰਗੀ ਤਰ੍ਹਾਂ ਅੰਗ੍ਰੇਜ਼ੀ ਪੜ੍ਹਾ ਕੇ, ਮਿਹਨਤ ਕਰਵਾ ਕੇ, ਸਾਰੀ ਕਮੀ ਪੂਰੀ ਕਰਵਾ ਦੇਵੇਗਾ, ਪਰ ਉਹ ਇਸ ਕੰਮ ਲਈ ਸੂਬੇਦਾਰ ਤੋਂ ਕੋਈ ਪੈਸਾ ਨਹੀਂ ਲਵੇਗਾ, ਬਿਲਕੁਲ ਮੁਫ਼ਤ ਪੜ੍ਹਾਵੇਗਾ।

ਸੋ ਇਸੇ ਤਰ੍ਹਾਂ ਹੋਇਆ। ਸਤਿਨਾਮ ਸਿੰਘ ਤੇ ਉਸਦੀ ਪਤਨੀ ਦੋਹਾਂ ਨੇ ਹੀ ਦਰਸ਼ਨ ਸਿੰਘ ਨੂੰ ਪੜ੍ਹਾਣਾ ਸ਼ੁਰੂ ਕਰ ਦਿਤਾ। ਸਤਿਨਾਮ ਸਿੰਘ ਦੀ ਪਤਨੀ ਚੰਗੀ ਪੜ੍ਹੀ ਲਿਖੀ ਤੇ ਲੈਕਚਰਾਰ ਲਗੀ ਹੋਈ ਸੀ। ਸੂਬੇਦਾਰ ਉਨ੍ਹਾਂ ਦੇ ਘਰ ਚੱਕਰ ਲਗਾਂਦਾ ਰਹਿੰਦਾ ਤੇ ਕਦੇ ਖ਼ਾਲੀ ਹੱਥ ਨਾ ਜਾਂਦਾ। ਕਦੀ ਆਟਾ, ਕਦੀ ਚਾਵਲ, ਕਦੀ ਘਿਓ, ਕਦੀ ਸਾਗ ਅਤੇ ਕਦੀ ਗੰਨੇ ਆਦਿ ਲਿਜਾਂਦਾ ਰਹਿੰਦਾ। ਤਿੰਨ ਮਹੀਨੇ ਉਨ੍ਹਾਂ ਪਾਸ ਰਹਿ ਕੇ ਪੜ੍ਹਾਈ ਕਰਨ ਨਾਲ, ਦਰਸ਼ਨ ਸਿੰਘ ਦੀ ਅੰਗ੍ਰੇਜ਼ੀ ਅਛੀ-ਖ਼ਾਸੀ ਹੋ ਗਈ ਤੇ ਉਹ ਆਪਣੇ ਜਮਾਤੀ ਵਿਦਿਆਰਥੀਆਂ ਦੀ ਪਧਰ ਤੋਂ ਵੀ ਉਚਾ ਹੋ ਗਿਆ।

ਇਸੇ ਤਰ੍ਹਾਂ ਕਈ ਸਾਲ ਬੀਤ ਗਏ। ਦਰਸ਼ਨ ਸਿੰਘ ਹੁਣ ਸਕੂਲ ਦੀਆਂ ਸਭ ਤੋਂ ਉਪਰਲੀਆਂ ਕਲਾਸਾਂ ਵਿਚ ਸੀ। ਉਹ ਜੁਆਨੀ ਵਲ ਪੈਰ ਵਧਾ ਰਿਹਾ ਸੀ ਤੇ ਖ਼ੂਬਸੂਰਤ ਜੁਆਨ ਬਣ ਰਿਹਾ ਸੀ। ਦਰਸ਼ਨ ਸਿੰਘ ਤੇ ਉਸਦੇ ਭਰਾ, ਸੂਬੇਦਾਰ ਪਿਤਾ ਨੂੰ ਬਾਪੂ ਜੀ ਕਹਿ ਕੇ ਬੁਲਾਂਦੇ ਸਨ। ਲੋਕਾਂ ਵਿਚ ਵੀ ਸੂਬੇਦਾਰ ਦਾ ਮਾਣ ਸਤਿਕਾਰ ਵਧ ਰਿਹਾ ਸੀ, ਉਨ੍ਹਾਂ ਵੀ ਉਸ ਨੂੰ ਬਾਪੂ ਕਹਿ ਕੇ ਬੁਲਾਣਾ ਸ਼ੁਰੂ ਕਰ ਦਿਤਾ। ਹੌਲੀ ਹੌਲੀ ਉਹ ਸਾਰੇ ਇਲਾਕੇ ਵਿਚ ਸੂਬੇਦਾਰ ਬਾਪੂ ਕਰਤਾਰ ਸਿੰਘ ਧਾਲੀਵਾਲ ਦੇ ਨਾਂ ਨਾਲ ਪ੍ਰਸਿਧ ਹੋ ਗਿਆ।

ਇਕ ਦਿਨ ਦਰਸ਼ਨ ਸਿੰਘ ਆਪਣਾ ਟਰੈਕਟਰ ਠੀਕ ਕਰਾਣ ਲਈ ਪਟਿਆਲਾ ਸ਼ਹਿਰ ਦੀ ਇਕ ਵਰਕਸ਼ਾਪ ਵਿਚ ਗਿਆ। ਉਥੇ ਜ਼ਿਲ੍ਹਾ ਬੋਰਡ ਦੇ ਚੇਅਰਮੈਨ ਸ੍ਰ. ਲਾਲ ਸਿੰਘ ਦਾ ਭਰਾ ਵੀ ਆਪਣੀ ਜੀਪ ਠੀਕ ਕਰਾਣ ਆਇਆ ਹੋਇਆ ਸੀ। ਉਸ ਨੇ ਦਰਸ਼ਨ ਸਿੰਘ ਨੂੰ ਵੇਖਿਆ ਤਾਂ ਗੱਲਬਾਤ ਕਰਨ ਲਗ ਪਿਆ। ਉਸ ਨੇ ਦਰਸ਼ਨ ਸਿੰਘ ਤੋਂ ਉਸਦਾ ਨਾਂ, ਮਾਤਾ ਪਿਤਾ ਦਾ ਨਾਂ, ਪਿੰਡ, ਜ਼ਮੀਨ ਜਾਇਦਾਦ, ਪੜ੍ਹਾਈ, ਜ਼ਾਤ-ਗੋਤ ਬਾਰੇ ਪੁਛ ਗਿਛ ਕੀਤੀ ਤੇ ਪੂਰੀ ਜਾਣਕਾਰੀ ਲੈ ਲਈ। ਫਿਰ ਉਹ ਦਰਸ਼ਨ ਸਿੰਘ



Sri Satguru Jagjit Singh Ji eLibrary NamdhariElibrary@gmail.com

ਦੇ ਨਾਲ ਹੀ ਰਖੜੇ ਆ ਗਿਆ ਤੇ ਸਾਰੀ ਗੱਲ ਬਾਤ ਅਖੀਂ ਦੇਖ ਦੇ ਤਸੱਲੀ ਕਰਕੇ ਮਨ ਬਣਾ ਲਿਆ ਕਿ ਇਸ ਮੁੰਡੇ ਨਾਲ ਰਿਸ਼ਤਾ ਕਰਨਾ ਹੈ।

ਉਸ ਨੇ ਆਪਣੇ ਭਰਾ ਲਾਲ ਸਿੰਘ ਨਾਲ ਭੀ ਗੱਲ ਕੀਤੀ। ਉਨ੍ਹਾਂ ਭਰਾਵਾਂ ਦੇ ਘਰ ਚਾਰ ਪੰਜ ਲੜਕੀਆਂ ਸਨ ਤੇ ਉਨ੍ਹਾਂ ਨੂੰ ਯੋਗ ਵਰਾਂ ਦੀ ਤਲਾਸ਼ ਸੀ। ਉਹ ਦੋਵੇਂ ਭਰਾ ਰਖੜੇ ਚੱਕਰ ਲਾਣ ਆਏ। ਉਨ੍ਹਾਂ ਨੇ ਰਖੜਾ ਬਲਾਕ ਵਿਚ ਰਹਿ ਚੁਕੇ ਬੀ. ਡੀ. ਓ. ਨੂੰ ਭੀ ਪੁਛਿਆ, ਜਿਸ ਨੇ ਕਿਹਾ ਕਿ ਉਹ ਸੂਬੇਦਾਰ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਸੂਬੇਦਾਰ ਵਧੀਆ ਬੰਦਾ ਹੈ। ਉਸ ਨੇ ਕਿਹਾ ਕਿ ਉਹ ਉਨ੍ਹਾਂ ਭਰਾਵਾਂ ਦੇ ਨਾਲ ਮਿਲ ਕੇ, ਇਹ ਰਿਸ਼ਤਾ ਕਰਾਣ ਵਿਚ ਪੂਰੀ ਮਦਦ ਕਰੇਗਾ।

ਸੋ ਇਕ ਦਿਨ, ਲਾਲ ਸਿੰਘ, ਉਸ ਦਾ ਭਰਾ ਤੇ ਉਹ ਬੀ. ਡੀ. ਓ. ਜੀਪ ਤੇ ਸਵਾਰ ਹੋ ਕੇ ਰਖੜੇ ਪਹੁੰਚ ਗਏ ਤੇ ਸੂਬੇਦਾਰ ਨੂੰ ਮਿਲ ਕੇ ਆਪਣੇ ਆਣ ਦਾ ਮਨੋਰਥ ਦਸਿਆ। ਬੀ. ਡੀ. ਓ. ਨੇ ਸੂ. ਲਾਲ ਸਿੰਘ, ਉਹਦੇ ਭਰਾ ਤੇ ਉਨ੍ਹਾਂ ਦੇ ਪਰਿਵਾਰ ਦੀ ਬੜੀ ਸਿਫਤ ਕੀਤੀ ਤੇ ਬਾਪੂ ਨੂੰ ਕਿਹਾ ਕਿ ਉਹ ਇਹ ਰਿਸ਼ਤਾ ਮੰਨ ਲਵੇ। ਲਾਲ ਸਿੰਘ ਕਮਿਊਨਿਸਟ ਪਾਰਟੀ ਦਾ ਸੈਕ੍ਰੇਟਰੀ ਭੀ ਸੀ, ਤੇ ਇਸ ਕਰਕੇ ਭੀ ਇਲਾਕੇ ਵਿਚ ਜ਼ੋਰ ਰਖਦਾ ਸੀ।

ਬਾਪੂ ਦਾ ਵਿਚਾਰ ਅਜੇ ਦਰਸ਼ਨ ਸਿੰਘ ਦਾ ਰਿਸ਼ਤਾ ਕਰਨ ਦਾ ਨਹੀਂ ਸੀ। ਉਹ ਸੋਚਦਾ ਸੀ ਏਨੀ ਜਲਦੀ ਨਹੀਂ ਕਰਨੀ ਚਾਹੀਦੀ, ਉਹ ਚਾਹੁੰਦਾ ਸੀ ਕਿ ਦਰਸ਼ਨ ਸਿੰਘ ਨੂੰ ਖੂਬ ਪੜ੍ਹਾਇਆ ਜਾਏ। ਸਗੋਂ ਹੋ ਸਕੇ ਤਾਂ ਉਚੀ ਵਿਦਿਆ ਲਈ ਕਿਸੇ ਬਾਹਰਲੇ ਦੇਸ਼ ਵਿਚ ਵੀ ਘਲਿਆ ਜਾਵੇ। ਸੋ ਉਸ ਨੇ ਟਾਲ ਮਟੋਲ ਕੀਤੀ। ਲਾਲ ਸਿੰਘ ਨੇ ਸੋਚਿਆ ਕਿ ਸੂਬੇਦਾਰ ਸ਼ਾਇਦ ਉਸ ਦੇ ਕਮਿਊਨਿਸਟ ਹੋਣ ਕਰਕੇ ਟਾਲ ਮਟੋਲ ਕਰ ਰਿਹਾ ਹੈ। ਉਹ ਕਹਿਣ ਲੱਗਾ, "ਮੈਂ ਕੇਹੜਾ, ਜਮਾਂਦਰੂ ਪੱਕਾ ਕਮਿਊਨਿਸਟ ਹਾਂ। ਕਮਿਊਨਿਸਟ ਤਾਂ ਮੈਨੂੰ ਪਾਰਟੀ ਵਾਲਿਆਂ ਧੱਕੇ ਨਾਲ ਬਣਾ ਦਿਤਾ ਹੈ।" ਉਹ ਕਹਿਣ ਲੱਗਾ ਕਿ "ਤੁਹਾਨੂੰ ਪਤਾ ਹੈ ਕਿ ਸਾਡੇ ਪਿੰਡਾਂ ਵਿਚ ਕਮਿਊਨਿਸਟਾਂ ਦਾ ਜ਼ੋਰ ਹੈ। ਰੋਜ਼ ਦਿਹਾੜੀ ਹੜਤਾਲਾਂ ਤੇ ਮੁਜ਼ਾਹਰੇ ਹੁੰਦੇ ਰਹਿੰਦੇ ਹਨ। ਇਕ ਵਾਰ ਕਿਸੇ ਝਗੜੇ ਦੇ ਸਬੰਧ ਵਿਚ ਕਮਿਊਨਿਸਟਾਂ ਦੀ ਇਕ ਟੋਲੀ ਸਾਡੇ ਪਿੰਡ ਆਈ ਸੀ। ਮੈਂ ਆਪਣੇ ਘਰ ਉਨ੍ਹਾਂ ਦੀ ਰੋਟੀ ਪਾਣੀ ਦਾ ਇੰਤਜ਼ਾਮ ਕਰ ਦਿਤਾ। ਉਹ ਖੁਸ਼ ਹੋ ਗਏ। ਸਾਡੇ ਪਿੰਡ ਦੇ ਕਮਿਊਨਿਸਟ ਵਰਕਰ ਭੀ ਖੁਸ਼ ਹੋ ਗਏ। ਉਹ ਮੈਨੂੰ ਆਪਣਾ ਲੀਡਰ ਮੰਨਣ ਲਗ ਪਏ। ਹੁਣ ਮੇਰੇ ਕਾਮੇ ਭੀ ਕਦੇ ਮੇਰੇ ਨਾਲ ਕੋਈ ਜ਼ਿਦ ਜਾਂ ਝਗੜਾ ਨਹੀਂ ਕਰਦੇ, ਸਗੋਂ ਮੇਰੇ ਕਹੇ ਤੇ ਚਲਦੇ ਹਨ। ਮੈਂ ਕਮਿਊਨਿਸਟ ਲੀਡਰਾਂ ਦੀ ਸੇਵਾ ਰੋਟੀ ਪਾਣੀ ਨਾਲ ਕਰ ਦੇਂਦਾ ਹਾਂ, ਤੇ ਉਨ੍ਹਾਂ ਇਸੇ ਗੱਲੇ ਮੈਨੂੰ ਸੈਕ੍ਰੇਟਰੀ ਬਣਾ ਦਿਤਾ ਹੈ, ਵੈਸੇ ਮੈਂ ਕੋਈ ਸਿਰੇ ਬੰਦ ਕਮਿਊਨਿਸਟ ਨਹੀਂ ਹਾਂ।"

ਸੂਬੇਦਾਰ ਬਾਪੂ ਨੇ ਕਿਹਾ, "ਨਹੀਂ ਲਾਲ ਸਿੰਘ ਜੀ, ਮੈਨੂੰ ਤੁਹਾਡੇ ਕਮਿਊਨਿਸਟ ਹੋਣ ਤੇ ਕੋਈ ਇਤਰਾਜ਼ ਨਹੀਂ। ਹਰ ਕੋਈ ਆਪਣੇ ਵਿਚਾਰਾਂ ਦਾ ਆਪ ਮਾਲਕ ਹੈ। ਮੈਂ ਤਾਂ ਵੈਸੇ ਅਜੇ ਦਰਸ਼ਨ ਸਿੰਘ ਦੀ ਸ਼ਾਦੀ ਨਹੀਂ ਕਰਨਾ ਚਾਹੁੰਦਾ। ਐਨੀ ਜਲਦੀ ਉਸਨੂੰ ਗ੍ਰਿਹਸਤ ਦੇ ਝਮੇਲੇ ਵਿਚ ਨਹੀਂ ਪਾਣਾ ਚਾਹੰਦਾ। ਮੈਂ ਅਜੇ ਉਸ ਨੂੰ ਹੋਰ ਪੜ੍ਹਾ ਲਿਖਾ ਕੇ ਆਪਣੇ ਪੈਰਾਂ ਤੇ ਖੜਾ ਕਰਨਾ ਚਾਹੁੰਦਾ ਹਾਂ।"



Sri Satguru Jagjit Singh Ji eLibrary NamdhariElibrary@gmail.com

ਲਾਲ ਸਿੰਘ ਫਿਰ ਬੋਲਿਆ, "ਬਾਪੂ ਤੂੰ ਸਾਡੇ ਨਾਲ ਸਾਡੇ ਪਿੰਡ ਚਲ ਕੇ ਅਖੀਂ ਵੇਖ। ਸਾਡੀਆਂ ਚਾਰ-ਪੰਜ ਕੁੜੀਆਂ ਬੈਠੀਆਂ ਹਨ, ਇਕ ਤੋਂ ਇਕ ਵੱਧ ਕੇ ਗੁਣਾਂ ਵਾਲੀ। ਤੂੰ ਚਲ ਕੇ ਉਨ੍ਹਾਂ ਦਾ ਇਮਤਿਹਾਨ ਲੈ। ਜਿਸ ਨੂੰ ਕਹੇਂਗਾ ਟਰੈਕਟਰ ਚਲਾ, ਉਹ ਟਰੈਕਟਰ ਚਲਾਵੇਗੀ। ਜਿਸ ਨੂੰ ਕਹੇਂਗਾ ਸੁਹਾਗਾ ਫੇਰ, ਉਹ ਸੁਹਾਗਾ ਫੇਰੇਗੀ। ਜਿਸਨੂੰ ਕਹੇਂਗਾ ਟਿਊਬਵੈਲ ਚਲਾ, ਉਹ ਟਿਊਬਵੈਲ ਚਲਾਵੇਗੀ। ਸਾਡੀ ਆਪਣੀ ਆਟੇ ਦੀ ਚੱਕੀ ਹੈ, ਜਿਸ ਨੂੰ ਕਹੇਂਗਾ ਚੱਕੀ ਵਿਚ ਆਟਾ ਪੀਸ ਲਿਆ, ਉਹ ਚੱਕੀ ਸਟਾਰਟ ਕਰਕੇ ਤੇ ਆਟਾ ਪੀਸ ਲਿਆਵੇਗੀ। ਸਾਡੀ ਹਰ ਕੁੜੀ ਖੇਤੀ ਤੇ ਘਰ ਦੇ ਕੰਮ ਵਿਚ ਮਾਹਰ ਹੈ। ਚੋਣ ਤੇਰੀ। ਕਿਸੇ ਤੇ ਹਥ ਰਖ ਕੇ ਦਰਸ਼ਨ ਸਿੰਘ ਲਈ ਪਸੰਦ ਕਰ ਲੈ।" ਪਰ ਬਾਪੂ ਦਾ ਦਿਲ ਨਹੀਂ ਸੀ ਮੰਨ ਰਿਹਾ। ਉਸ ਦੇ ਦਿਲੋਂ ਆਵਾਜ਼ ਆਉਂਦੀ ਸੀ ਕਿ ਗੁਰੂ ਨਾਨਕ ਨੇ ਉਸ ਦੇ ਲੜਕੇ ਤੇ ਅਜੇ ਹੋਰ ਕ੍ਰਿਪਾ ਕਰਨੀ ਹੈ, ਉਸ ਨੇ ਬਹੁਤ ਵੱਡੇ ਕੰਮ ਕਰਨੇ ਹਨ ਤੇ ਗੁਰੂ ਨੇ ਕਰਾਣੇ ਹਨ। ਉਸ ਨੂੰ ਹੁਣੇ ਸ਼ਾਦੀ ਦੇ ਚੱਕਰ ਵਿਚ ਨਹੀਂ ਪਾਉਣਾ ਚਾਹੀਦਾ। ਆਖ਼ਰ ਲਾਲ ਸਿੰਘ ਤੇ ਉਸਦੇ ਸਾਥੀ ਮਾਯੂਸ ਹੋ ਕੇ ਵਾਪਸ ਮੁੜ ਗਏ।

ਦਰਸ਼ਨ ਸਿੰਘ ਲਈ ਕਈ ਘਰਾਂ ਤੋਂ ਰਿਸ਼ਤੇ ਆ ਰਹੇ ਸਨ ਤੇ ਹਰ ਤਰ੍ਹਾਂ ਦੀਆਂ ਪੇਸ਼ਕਸ਼ਾਂ ਕਰ ਰਹੇ ਸਨ। ਇਕ ਪਰਿਵਾਰ ਨੇ ਤਾਂ ਇਥੋਂ ਤਕ ਕਿਹਾ ਕਿ ਉਹਨਾਂ ਦਾ ਲੜਕਾ ਅਮਰੀਕਾ ਜਾ ਰਿਹਾ ਹੈ, ਉਥੇ ਉਸ ਦੀ ਪੱਕੀ ਚੰਗੀ ਨੌਕਰੀ ਲਗ ਗਈ ਹੈ ਤੇ ਉਥੋਂ ਦਾ ਪੱਕਾ ਵਸਨੀਕ ਬਣ ਰਿਹਾ ਹੈ। ਜੇ ਉਨ੍ਹਾਂ ਦੀ ਕੁੜੀ ਦਾ ਰਿਸ਼ਤਾ ਲੈ ਲਿਆ ਜਾਵੇ ਤਾਂ ਓਹ ਦਰਸ਼ਨ ਸਿੰਘ ਨੂੰ ਉਥੇ ਬੁਲਾਵਾ ਕੇ ਉਸ ਦੀ ਅਗਲੀ ਪੜ੍ਹਾਈ ਵੀ ਉਥੇ ਕਰਵਾ ਦੇਣਗੇ ਤੇ ਸਾਰਾ ਖਰਚਾ ਕਰਨਗੇ। ਪਰ ਦਰਸ਼ਨ ਸਿੰਘ ਕਹਿੰਦਾ ਸੀ ਕਿ "ਜੇਹੜਾ ਪਰਿਵਾਰ ਮੈਨੂੰ ਆਪਣੇ ਖਰਚ ਤੇ ਉਥੇ ਲੈ ਜਾਵੇਗਾ ਤੇ ਉਥੇ ਮੇਰੀ ਪੜ੍ਹਾਈ ਵੀ ਕਰਵਾਏਗਾ ਤਾਂ ਉਥੇ ਹੀ ਘਰ ਜਵਾਈ ਬਣਾ ਕੇ ਰਖੇਗਾ। ਉਹ ਤਾਂ ਇਕ ਤਰ੍ਹਾਂ ਨਾਲ ਸਦਾ ਲਈ ਉਸ ਦੇ ਮਾਲਕ ਬਣ ਜਾਣਗੇ, ਮੈਨੂੰ ਆਪਣੇ ਅਧੀਨ ਰਖਣਗੇ, ਉਨ੍ਹਾਂ ਦੀ ਲੜਕੀ ਵੀ ਮੇਰੇ ਉਤੇ ਆਪਣਾ ਰੋਹਬ ਤੇ ਦਬ-ਦਬਾ ਰਖੇਗੀ ਅਤੇ ਆਪਣੇ ਪੇਕਿਆਂ ਦਾ ਮਾਣ ਹੰਕਾਰ ਕਰੇਗੀ। ਇਹ ਗੱਲ ਮੈਨੂੰ ਮਨਜ਼ੂਰ ਨਹੀਂ। ਮੈਂ ਆਪਣੀ ਹਿੰਮਤ ਤੇ ਮੇਹਨਤ ਨਾਲ ਹੀ ਅਮਰੀਕਾ ਜਾਵਾਂਗਾ, ਹੋਰ ਪੜ੍ਹਾਈ ਕਰਾਂਗਾ, ਆਪਣੇ ਪੈਰਾਂ ਤੇ ਖੜ੍ਹਾ ਹੋਵਾਂਗਾ, ਤੇ ਆਪਣਾ ਭਵਿਖ ਆਪ ਬਣਾਵਾਂਗਾ।"

ਹੈਡਮਾਸਟਰ ਸਤਿਨਾਮ ਸਿੰਘ, ਪਟਿਆਲੇ ਤੋਂ ਬਾਅਦ ਚੰਡੀਗੜ੍ਹ ਤੇ ਫਿਰ ਉਥੋਂ ਪ੍ਰੋਫੈਸਰ ਬਣ ਕੇ ਅਮਰੀਕਾ ਪਹੁੰਚ ਗਿਆ। ਉਸਦੀ ਪਤਨੀ ਤੇ ਬੱਚੇ, ਉਸ ਦੇ ਮਾਤਾ ਪਿਤਾ ਪਾਸ ਪਟਿਆਲੇ ਹੀ ਟਿਕੇ ਰਹੇ। ਸੂਬੇਦਾਰ ਬਾਪੂ ਉਨ੍ਹਾਂ ਪਾਸ ਜਾਂਦਾ ਰਹਿੰਦਾ, ਤੇ ਗੰਨੇ, ਸਾਗ, ਮੱਕੀ, ਆਟਾ, ਘਿਓ, ਫੱਲ ਆਦਿ ਉਨ੍ਹਾਂ ਦੇ ਘਰ ਪੁਚਾਂਦਾ ਰਹਿੰਦਾ। ਪ੍ਰੋ. ਸਤਿਨਾਮ ਸਿੰਘ ਦੀ ਪਤਨੀ, ਆਪਣੇ ਪਤੀ ਵਲ ਅਮਰੀਕਾ ਚਿੱਠੀ ਪਾਂਦੀ ਰਹਿੰਦੀ ਤੇ ਲਿਖਦੀ ਰਹਿੰਦੀ ਕਿ ਸੂਬੇਦਾਰ ਬਾਪੂ ਕਿਵੇਂ ਉਨ੍ਹਾਂ ਦੀ ਦੇਖ ਭਾਲ ਕਰਦਾ ਰਹਿੰਦਾ ਹੈ। ਪ੍ਰੋ. ਸਤਿਨਾਮ ਸਿੰਘ ਦੇ ਮਨ ਤੇ ਇਸ ਗੱਲ ਦਾ ਬੜਾ ਪ੍ਰਭਾਵ ਪਿਆ ਕਿ ਸੂਬੇਦਾਰ ਬਾਪੂ, ਉਸ ਦੀ ਗ਼ੈਰ ਹਾਜ਼ਰੀ ਵਿਚ ਭੀ ਉਸਦੇ ਮਾਤਾ ਪਿਤਾ ਤੇ ਬੱਚਿਆਂ ਦੀ ਸੇਵਾ ਸੰਭਾਲ ਤੇ ਦੇਖ ਭਾਲ ਕਰਦਾ ਰਹਿੰਦਾ ਹੈ। ਉਸਨੇ ਮਹਿਸੂਸ ਕੀਤਾ ਕਿ ਭਾਵੇਂ ਸੂਬੇਦਾਰ ਦੇ ਪਰਿਵਾਰ ਨੂੰ ਹੁਣ ਉਸ ਨਾਲ ਕੋਈ ਗਰਜ਼ ਨਹੀਂ, ਫਿਰ ਵੀ ਉਹ



Sri Satguru Jagjit Singh Ji eLibrary NamdhariElibrary@gmail.com

ਕੀੜੇ ਦੀ ਕਿੰਨੀ ਕਦਰ ਕਰਦੇ ਹਨ, ਥੋੜ੍ਹੇ ਇਹਸਾਨ ਦਾ ਕਿੰਨਾ ਵੱਡਾ ਇਹਸਾਨ ਮੰਨਦੇ ਹਨ। ਉਸ ਦੇ ਮਨ ਵਿਚ ਖ਼ਿਆਲ ਆਇਆ ਕਿ ਇਥੇ ਅਮਰੀਕਾ ਬੈਠਿਆਂ, ਮੈਂ ਭੀ ਉਸ ਪਰਿਵਾਰ ਦਾ ਜੇ ਕੁਝ ਸੰਵਾਰ ਸਕਦਾ ਹੋਵਾਂ, ਤਾਂ ਜ਼ਰੂਰ ਸੰਵਾਰਾਂ।

ਪਟਿਆਲੇ ਵਿਚ ਪ੍ਰੋ. ਸਤਿਨਾਮ ਸਿੰਘ ਦੇ ਪੂਜਯ ਪਿਤਾ ਜੀ ਸੁਰਗਵਾਸ ਹੋ ਗਏ। ਉਹ ਫ਼ੌਰਨ ਪਟਿਆਲੇ ਪੁੱਜਾ। ਅੰਤਮ ਸੰਸਕਾਰ, ਅਖੰਡ ਪਾਠ, ਭੋਗ, ਅੰਤਮ ਅਰਦਾਸ ਆਦਿ ਸਾਰੀਆਂ ਰਸਮਾਂ ਵਿਚ ਸੂਬੇਦਾਰ ਬਾਪੂ ਨੇ, ਤਨ ਮਨ ਤੇ ਧੰਨ ਨਾਲ ਹਿਸਾ ਪਾਇਆ। ਸਤਿਨਾਮ ਸਿੰਘ ਸੂਬੇਦਾਰ ਦੀ ਇਸ ਮਿਲਵਰਤਣ ਤੇ ਸਹਾਇਤਾ ਨਾਲ ਹੋਰ ਵੀ ਪ੍ਰਭਾਵਿਤ ਹੋਇਆ। ਉਸ ਨੇ ਮਨ ਵਿਚ ਹੋਰ ਵੀ ਪੱਕਾ ਇਰਾਦਾ ਕਰ ਲਿਆ ਕਿ ਉਹ ਭੀ ਬਾਪੂ ਦੇ ਪਰਿਵਾਰ ਲਈ ਕੁਝ ਕਰ ਕੇ ਰਿਣ ਚੁਕਾਵੇ। ਇਕ ਵਾਰੀ ਉਸਨੇ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿਚੋਂ ਡਾਕਟਰੀ (ਮੈਡੀਕਲ) ਦੇ ਦਾਖ਼ਲੇ ਦਾ ਇਕ ਫ਼ਾਰਮ ਦਰਸ਼ਨ ਸਿੰਘ ਲਈ ਭੇਜਿਆ। ਉਹ ਭਰ ਕੇ ਅਮਰੀਕਾ ਘਲਿਆ ਗਿਆ, ਪਰ ਉਹ ਲੇਟ ਪਹੁੰਚਿਆ। ਯੂਨੀਵਰਸਿਟੀ ਨੇ ਲਿਖਿਆ ਕਿ ਦਾਖ਼ਲਾ ਮੁਕੰਮਲ ਹੋ ਗਿਆ ਹੈ। ਸਭ ਸੀਟਾਂ ਭਰ ਗਈਆਂ ਹਨ ਤੇ ਹੁਣ ਹੋਰ ਕੋਈ ਸੀਟ ਨਹੀਂ ਮਿਲ ਸਕਦੀ।

ਦਰਸ਼ਨ ਸਿੰਘ ਨੇ ਆਪਣੇ ਸਾਰੇ ਸਰਟੀਫ਼ਿਕੇਟ ਆਦਿ ਪ੍ਰੋ. ਸਤਿਨਾਮ ਸਿੰਘ ਨੂੰ ਘਲ ਦਿਤੇ, ਜੋ ਉਸ ਨੇ ਆਪਣੀ ਯੂਨੀਵਰਸਿਟੀ ਦੇ ਇਕ ਵੱਡੇ ਅਧਿਕਾਰੀ ਨੂੰ ਦਿਖਾਏ ਤੇ ਕਿਹਾ ਕਿ ਇਸ ਲੜਕੇ ਦੀ ਮਦਦ ਕਰਨੀ ਹੈ। ਉਸ ਉਚ ਅਧਿਕਾਰੀ ਨੇ ਉਨ੍ਹਾਂ ਕਾਗਜ਼ਾਂ ਨਾਲ ਆਪਣੀ ਸਫ਼ਾਰਸ਼ ਦੀ ਚਿੱਠੀ ਲਗਾ ਕੇ ਆਪਣੀ ਸਰਕਾਰ ਨੂੰ ਘਲ ਦਿਤੀ। ਸਰਕਾਰ ਨੇ ਉਸ ਦੀ ਸਫ਼ਾਰਸ਼ ਪ੍ਰਵਾਨ ਕਰ ਲਈ ਤੇ ਦਰਸ਼ਨ ਸਿੰਘ ਨੂੰ ਸਰਕਾਰੀ ਵਜ਼ੀਫ਼ੇ ਤੇ ਇੰਜੀਨੀਅਰਿੰਗ ਵਿਚ ਦਾਖ਼ਲਾ ਦੇਣਾ ਮੰਨ ਲਿਆ।

ਇਕ ਦਿਨ ਸੂਬੇਦਾਰ ਬਾਪੂ ਨੂੰ ਅਮਰੀਕਾ ਤੋਂ ਇਕ ਚਿਠੀ ਆਈ, ਜਿਸ ਵਿਚ ਦਰਸ਼ਨ ਸਿੰਘ ਲਈ ਯੂਨੀਵਰਸਿਟੀ ਵਿਚ ਇੰਜੀਨੀਅਰਿੰਗ ਦੇ ਦਾਖ਼ਲੇ ਦਾ ਇਕ ਫਾਰਮ ਸੀ ਤੇ ਇਹ ਵੀ ਲਿਖਿਆ ਹੋਇਆ ਸੀ ਕਿ ਉਸਦੀ ਪੜ੍ਹਾਈ ਲਈ 54 ਹਜ਼ਾਰ ਅਮਰੀਕਨ ਡਾਲਰਾਂ ਦਾ ਭੀ ਪ੍ਰਬੰਧ ਕੀਤਾ ਗਿਆ ਹੈ। ਚਿਠੀ ਵੇਖ ਕੇ ਬਾਪੂ ਨੂੰ ਤੇ ਦਰਸ਼ਨ ਸਿੰਘ ਨੂੰ ਚਾਅ ਚੜ੍ਹ ਗਿਆ। ਪਰਿਵਾਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਪਰ ਉਹਨਾਂ ਨੂੰ ਇਹ ਸਮਝ ਨਾ ਆਵੇ ਕਿ 54 ਹਜ਼ਾਰ ਡਾਲਰ ਦੇ ਵਜ਼ੀਫ਼ੇ ਦਾ ਕੀ ਅਰਥ ਹੈ। ਉਹਨਾਂ ਨੇ ਕਈ ਬੰਦਿਆਂ ਤੋਂ ਚਿਠੀ ਪੜ੍ਹਾਈ। ਕੋਈ ਕੁਝ ਕਹੇ ਕੋਈ ਕੁਝ। ਇਹ ਤਾਂ ਕਿਸੇ ਨੂੰ ਆਸ ਹੀ ਨਹੀਂ ਸੀ ਕਿ 54 ਹਜ਼ਾਰ ਡਾਲਰ ਦਰਸ਼ਨ ਸਿੰਘ ਦੀ ਪੜ੍ਹਾਈ ਤੇ ਅਮਰੀਕਨ ਸਰਕਾਰ ਨੇ ਖਰਚ ਕਰਨਾ ਹੈ। ਬਹੁਤਿਆਂ ਨੇ ਚਿਠੀ ਦਾ ਅਰਥ ਇਹੀ ਕਢਿਆ ਕਿ ਦਰਸ਼ਨ ਸਿੰਘ ਨੂੰ ਤਿੰਨ ਚਾਰ ਸਾਲ ਦੀ ਪੜ੍ਹਾਈ ਵਿਚ 54 ਹਜ਼ਾਰ ਡਾਲਰ ਦੇਣੇ ਪੈਣਗੇ। ਏਨੀ ਵੱਡੀ ਰਕਮ ਸੂਬੇਦਾਰ ਦੀ ਪਹੁੰਚ ਤੋਂ ਬਾਹਰ ਸੀ, ਇਸ ਲਈ ਉਸ ਨੂੰ ਮਾਯੂਸੀ ਹੋਣ ਲਗ ਪਈ। ਉਹ ਚਿਠੀ ਲੈ ਕੇ ਪਟਿਆਲੇ ਇਕ ਪ੍ਰੋਫ਼ੈਸਰ ਪਾਸ ਗਏ। ਉਸ ਨੇ ਚਿਠੀ ਪੜ੍ਹ ਕੇ ਦਸਿਆ ਕਿ ਦਰਸ਼ਨ ਸਿੰਘ ਦੀ ਚਾਰ ਸਾਲ ਦੀ ਪੜ੍ਹਾਈ ਤੇ ਯੂਨੀਵਰਸਿਟੀ 54 ਹਜ਼ਾਰ ਡਾਲਰ ਖ਼ਰਚ ਕਰੇਗੀ। ਦਰਸ਼ਨ ਸਿੰਘ ਬੜਾ ਖ਼ੁਸ਼ ਕਿਸਮਤ ਹੈ ਕਿ ਉਸ ਨੂੰ ਏਨਾ ਵਡਾ ਚਾਂਸ ਮਿਲ ਰਿਹਾ ਹੈ।

ਵੀਜ਼ਾ ਲੈਣ ਲਈ ਦਿੱਲੀ ਜਾਣਾ ਪੈਣਾ ਸੀ। ਅਮਰੀਕਾ ਜਾਣ ਲਈ ਹਵਾਈ



Sri Satguru Jagjit Singh Ji eLibrary NamdhariElibrary@gmail.com

ਜਹਾਜ਼ ਵੀ ਤਾਂ ਦਿੱਲੀ ਤੋਂ ਮਿਲਣਾ ਸੀ। ਇਸ ਲਈ ਦਰਸ਼ਨ ਸਿੰਘ ਦਿੱਲੀ ਜਾਣ ਦੀ ਤਿਆਰੀ ਕਰਨ ਲਗਾ। ਉਸਨੇ ਬਾਪੂ ਨੂੰ ਕਿਹਾ ਕਿ ਉਹ ਉਸਦੇ ਨਾਲ ਦਿੱਲੀ ਚਲੇ। ਪਰ ਬਾਪੂ ਕਹਿਣ ਲਗਾ ਕਿ "ਮੈਂ ਅਨਪੜ੍ਹ ਹਾਂ। ਮੈਂ ਐਮਬੈਸੀ ਵਿਚ ਜਾ ਕੇ ਕੀ ਕਰਾਂਗਾ। ਮੈਂ ਦਿੱਲੀ ਵਿਚ ਤੇਰੀ ਕੋਈ ਮਦਦ ਨਹੀਂ ਕਰ ਸਕਾਂਗਾ। ਤੂੰ ਇਥੋਂ ਕਿਸੇ ਪ੍ਰੋਫ਼ੈਸਰ ਨੂੰ ਨਾਲ ਲੈ ਜਾ।"

ਪਰ ਦਰਸ਼ਨ ਸਿੰਘ ਕਹਿਣ ਲਗਾ, "ਬਾਪੂ ਸਾਡੀ ਕਿਸੇ ਮਦਦ ਨਹੀਂ ਕਰਨੀ। ਸਾਡੀ ਮਦਦ ਤਾਂ ਗੁਰੂ ਨਾਨਕ ਨੇ ਕਰਨੀ ਹੈ, ਜਿਸ ਦਾ ਤੂੰ ਹਰ ਵੇਲੇ ਨਾਮ ਜਪਦਾ ਰਹਿੰਦਾ ਹੈਂ। ਤੂੰ ਮੇਰੇ ਨਾਲ ਹੋਵੇਂਗਾ ਤੇ ਗੁਰੂ ਨਾਨਕ ਦਾ ਨਾਂ ਲੈ ਕੇ ਅਰਦਾਸ ਕਰਦਾ ਰਹੇਂਗਾ। ਤੇਰੀ ਅਰਦਾਸ ਸੁਣੀ ਜਾਵੇਗੀ ਤੇ ਗੁਰੂ ਨਾਨਕ ਜ਼ਰੂਰ ਮੇਰੀ ਮਦਦ ਕਰੇਗਾ।" ਦੋਵੇਂ ਪਿਓ ਪੁਤ ਬਸ ਤੇ ਚੜ੍ਹ ਕੇ ਦਿੱਲੀ ਪਹੁੰਚ ਗਏ। ਸੂਬੇਦਾਰ, ਦਰਸ਼ਨ ਸਿੰਘ ਨੂੰ ਨਾਲ ਲੈ ਕੇ, ਸਿੱਧਾ ਅਮਰੀਕ ਸਿੰਘ ਚੀਮਾ ਦੀ ਕੋਠੀ ਜਾ ਪੁਜਾ, ਜੋ ਉਸਦਾ ਪੁਰਾਣਾ ਮਿੱਤਰ ਸੀ, ਤੇ ਉਦੋਂ ਭਾਰਤ ਸਰਕਾਰ ਵਿਚ ਐਗ੍ਰੀਕਲਚਰ ਕਮਿਸ਼ਨਰ ਲਗਾ ਹੋਇਆ ਸੀ।

ਚੀਮਾ ਸਾਹਿਬ ਦੀ ਕੋਠੀ ਪੁਜੇ ਤਾਂ ਉਨ੍ਹਾਂ ਦਾ ਨੌਕਰ ਬਾਹਰ ਖੜਾ ਸੀ, ਉਸ ਨੇ ਦਸਿਆ ਕਿ ਚੀਮਾ ਸਾਹਿਬ ਅੰਦਰ ਹਨ, ਪਰ ਕਿਸੇ ਕੰਮ ਵਿਚ ਰੁਝੇ ਹੋਏ ਹਨ। ਸੂਬੇਦਾਰ ਬਾਪੂ ਨੇ ਉਸ ਨੂੰ ਕਿਹਾ ਕਿ ਉਹ ਅੰਦਰ ਜਾ ਕੇ ਚੀਮਾ ਸਾਹਿਬ ਨੂੰ ਦਸੇ ਕਿ ਰਖੜਾ ਪਿੰਡ ਤੋਂ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ, ਉਨ੍ਹਾਂ ਨੂੰ ਮਿਲਣ ਆਇਆ ਹੈ। ਸੂਬੇਦਾਰ ਦਾ ਨਾਂ ਸੁਣ ਕੇ, ਚੀਮਾ ਸਾਹਿਬ ਆਪ ਅੰਦਰੋਂ ਬਾਹਰ ਆਏ ਤੇ ਸੂਬੇਦਾਰ ਨੂੰ ਜਫੀ ਪਾ ਕੇ ਪਿਓ ਪੁਤਰ ਦੋਹਾਂ ਨੂੰ ਅੰਦਰ ਲੈ ਗਏ। ਚਾਹ-ਪਾਣੀ ਤੋਂ ਬਾਅਦ ਸੂਬੇਦਾਰ ਨੇ ਆਪਣੇ ਆਣ ਦਾ ਮਨੋਰਥ ਦਸਿਆ ਤੇ ਅਮਰੀਕਾ ਤੋਂ ਆਈ ਯੂਨੀਵਰਸਿਟੀ ਦੀ ਚਿਠੀ ਚੀਮਾ ਸਾਹਿਬ ਨੂੰ ਪੜ੍ਹਾਈ।

ਚੀਮਾ ਜੀ ਨੇ ਚਿਠੀ ਪੜ੍ਹਦਿਆਂ ਹੀ ਕਿਹਾ, "ਸੂਬੇਦਾਰਾ, ਤੇਰਾ ਪੁਤਰ ਤਾਂ ਅਮਰੀਕਾ ਦਾ ਜਵਾਈ ਬਣ ਕੇ ਜਾ ਰਿਹਾ ਹੈ। ਇਹ ਬੜਾ ਖੁਸ਼ਨਸੀਬ ਹੈ ਕਿ ਅਮਰੀਕਾ ਵਾਲੇ ਇਸ ਨੂੰ ਪੜ੍ਹਾਈ ਕਰਾਉਣ ਲਈ 54 ਹਜ਼ਾਰ ਡਾਲਰ ਦਾ ਵਜ਼ੀਫ਼ਾ ਦੇ ਰਹੇ ਹਨ। ਤੂੰ ਚਿੰਤਾ ਨਾ ਕਰੇ, ਸਗੋਂ ਖ਼ੁਸ਼ ਹੋ। ਇਹ 54 ਹਜ਼ਾਰ ਇਸ ਨੇ ਦੇਣੇ ਨਹੀਂ, ਲੈਣੇ ਹਨ। ਏਨੀ ਵਡੀ ਰਕਮ ਉਹ ਇਸ ਦੀ ਪੜ੍ਹਾਈ ਤੇ ਖਰਚ ਕਰਨਗੇ। ਇਹੋ ਜੇਹਾ ਸੁਨਿਹਰੀ ਮੌਕਾ ਕਿਸੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ। ਸੋ ਤੂੰ ਇਸ ਨੂੰ ਨਾਲ ਲੈ ਕੇ ਅਮਰੀਕਨ ਐਮਬੈਸੀ ਵਿਚ ਜਾ। ਉਨ੍ਹਾਂ ਨੂੰ ਇਹ ਕਾਗਜ਼ ਦਿਖਾ। ਇਨ੍ਹਾਂ ਕਾਗਜ਼ਾਂ ਦੀ ਬਿਨਾ ਤੇ ਉਹ ਇਸ ਨੂੰ ਸਟੂਡੈਂਟ ਵੀਜ਼ਾ ਦੇਣਗੇ।"

ਚੀਮਾ ਜੀ ਨੇ ਆਪਣੀ ਜੀਪ ਤੇ ਡਰਾਈਵਰ ਉਨ੍ਹਾਂ ਦੇ ਹਵਾਲੇ ਕਰ ਦਿਤਾ। ਨਾਲ ਆਪਣਾ ਪੀ. ਏ. ਵੀ ਘਲ ਦਿਤਾ ਕਿ ਐਮਬੈਸੀ ਵਿਚ ਜਾ ਕੇ ਇਨ੍ਹਾਂ ਦੀ ਮਦਦ ਕਰੇ। ਚੀਮਾ ਜੀ ਨੇ ਹੱਸ ਕੇ ਕਿਹਾ, "ਜੇ ਮੈਂ ਅਮਰੀਕਾ ਹੁੰਦਾ ਤੇ ਇਹ ਕਾਗਜ਼ ਤੈਨੂੰ ਆਉਂਦੇ, ਤਾਂ ਮੈਂ ਖ਼ਾਹ-ਮਖ਼ਾਹ ਇਸ ਗੱਲ ਦਾ ਕ੍ਰੈਡਿਟ ਲੈ ਲੈਂਦਾ ਕਿ ਇਹ ਕਾਗਜ਼ ਤੈਨੂੰ ਮੈਂ ਭਿਜਵਾਏ ਹਨ। ਸਾਰੀ ਉਮਰ ਤੂੰ ਤੇ ਤੇਰਾ ਲੜਕਾ ਮੇਰਾ ਇਹਸਾਨ ਮੰਨਦੇ। ਪਰ ਇਹ ਕ੍ਰਿਪਾ ਤਾਂ ਗੁਰੂ ਨਾਨਕ ਨੇ, ਜਿਸ ਦੀ ਤੂੰ ਦਿਨ ਰਾਤ ਭਗਤੀ



Sri Satguru Jagjit Singh Ji eLibrary NamdhariElibrary@gmail.com

ਕਰਦਾ ਹੈਂ, ਤੇਰੇ ਤੇ ਆਪ ਕੀਤੀ ਹੈ।"

ਬਾਪੂ ਕਰਤਾਰ ਸਿੰਘ ਆਪਣੇ ਲੜਕੇ ਦਰਸ਼ਨ ਸਿੰਘ ਨਾਲ ਇਕ ਹਫਤਾ ਚੀਮਾ ਜੀ ਦੇ ਪਾਸ ਰਿਹਾ। ਉਨ੍ਹਾਂ ਰਜ ਕੇ ਖ਼ਾਤਰਦਾਰੀ ਕੀਤੀ, ਕੋਈ ਕਸਰ ਨਾ ਛੱਡੀ। ਦਰਸ਼ਨ ਸਿੰਘ ਨੂੰ ਹਲਾਸ਼ੇਰੀ ਦੇ ਕੇ ਹਰ ਤਰ੍ਹਾਂ ਨਾਲ ਉਸ ਦਾ ਹੌਂਸਲਾ ਤੇ ਉਤਸ਼ਾਹ ਵਧਾਇਆ। ਸੂਬੇਦਾਰ, ਦਰਸ਼ਨ ਸਿੰਘ ਨੂੰ ਨਾਲ ਲੈ ਕੇ ਅਮਰੀਕਨ ਐਮਬੈਸੀ ਗਿਆ ਤੇ ਕਾਗਜ਼ ਦਿਖਾਏ, ਜਿਨ੍ਹਾਂ ਨੂੰ ਵੇਖ ਕੇ ਉਨ੍ਹਾਂ ਨੂੰ ਵੀਜ਼ਾ ਦੇਣਾ ਹੀ ਪੈਣਾ ਸੀ। ਉਨ੍ਹਾਂ ਨੇ ਦਰਸ਼ਨ ਸਿੰਘ ਨੂੰ ਡਾਕਟਰੀ ਮੁਆਇਨੇ ਲਈ ਆਪਣੇ ਡਾਕਟਰਾਂ ਪਾਸ ਭੇਜਿਆ ਅਤੇ ਡਾਕਟਰੀ ਰੀਪੋਰਟ ਆ ਜਾਣ ਤੇ ਦਰਸ਼ਨ ਸਿੰਘ ਨੂੰ ਸਟੂਡੈਂਟ ਵੀਜ਼ਾ ਜਾਰੀ ਕਰ ਦਿਤਾ। ਵੀਜ਼ਾ ਲਗਵਾ ਕੇ ਪਿਓ ਪੁਤਰ ਖ਼ੁਸ਼ੀ ਖ਼ੁਸ਼ੀ ਵਾਪਸ ਆਪਣੇ ਪਿੰਡ ਪਰਤ ਗਏ ਤੇ ਦਰਸ਼ਨ ਸਿੰਘ ਨੂੰ ਅਮਰੀਕਾ ਭੇਜਣ ਦੀ ਤਿਆਰੀ ਸ਼ੁਰੂ ਕਰ ਦਿਤੀ।

ਆਖਰ ਇਕ ਦਿਨ ਸਾਰੇ ਪਰਿਵਾਰ ਨੇ ਦਿਲੀ ਆ ਕੇ ਹਵਾਈ ਅੱਡੇ ਤੇ, ਦਰਸ਼ਨ ਸਿੰਘ ਨੂੰ ਬੜੇ ਪਿਆਰ, ਚਾਅ ਤੇ ਅਸੀਸਾਂ ਨਾਲ ਜਹਾਜ਼ ਤੇ ਚੜ੍ਹਾ ਦਿਤਾ। ਦਰਸ਼ਨ ਸਿੰਘ ਨੇ ਨਿਊਯਾਰਕ ਪੁਜ ਕੇ ਬਾਪੂ ਵਲ ਚਿਠੀ ਲਿਖੀ ਜਿਸ ਵਿਚ ਉਸ ਨੇ ਲਿਖਿਆ, "ਮੈਂ ਹੁਣ ਸੁਰਗ ਤੇ ਨਰਕ ਦੀ ਹਦ ਤੇ ਖੜ੍ਹਾ ਹਾਂ। ਜੇ ਮੈਂ ਇਥੇ ਲਗਨ ਤੇ ਮੇਹਨਤ ਨਾਲ ਪੜ੍ਹਾਈ ਕਰਕੇ, ਉਸ ਮੰਤਵ ਦੀ ਪੂਰਤੀ ਕਰ ਲਈ, ਜਿਸ ਮੰਤਵ ਲਈ ਤੁਸਾਂ ਮੈਨੂੰ ਇਥੇ ਘਲਿਆ ਹੈ, ਤਾਂ ਮੇਰੀ ਜ਼ਿੰਦਗੀ ਸੁਵਰਗ ਸਮਾਨ ਹੋ ਜਾਵੇਗੀ, ਅਤੇ ਮੈਂ ਉਸ ਸਵਰਗ ਦਾ ਸੁਆਦ ਤੁਹਾਡੇ ਜੀਵਨ ਵਿਚ ਵੀ ਭਰ ਦਿਆਂਗਾ। ਪਰ ਜੇ ਮੈਂ ਆਪਣੇ ਮੰਤਵ ਵਿਚ ਫੇਲ੍ਹ ਹੋ ਗਿਆ ਤੇ ਨਾਕਾਮਯਾਬ ਹੋ ਕੇ ਵਾਪਸ ਆਇਆ ਤਾਂ ਮੇਰਾ ਜੀਵਨ, ਤੁਹਾਡੇ ਸਾਰਿਆਂ ਦੇ ਜੀਵਨ ਸਮੇਤ ਨਰਕ ਬਣ ਜਾਵੇਗਾ, ਇਸ ਲਈ ਤੁਸੀਂ ਅਰਦਾਸ ਕਰੋ ਕਿ ਮੈਂ ਆਪਣੇ ਮਨੋਰਥ ਵਿਚ ਕਾਮਯਾਬ ਹੋਵਾਂ। ਤੁਹਾਡੀਆਂ ਅਸੀਸਾਂ ਤੇ ਅਰਦਾਸਾਂ ਹੀ, ਇਸ ਓਪਰੇ ਦੇਸ਼ ਵਿਚ ਮੇਰਾ ਸਹਾਰਾ ਹਨ।" ਇਹ ਗੱਲ 1972 ਦੀ ਹੈ।

**ਥਿਰ ਘਰ ਬੈਸੋ, ਹਰਜਨ ਪਿਆਰੇ**
**ਸਤਿਗੁਰ ਤੁਮਰੇ ਕਾਜ ਸਵਾਰੇ॥**



Sri Satguru Jagjit Singh Ji eLibrary NamdhariElibrary@gmail.com

# ਆਦਰਸ਼ ਪਿਤਾ ਦੇ ਆਦਰਸ਼ ਪ੍ਰਵਾਰ ਦੀ ਵਿਲੱਖਣਤਾ

ਅਵਲ ਤਾਂ ਸੰਸਾਰ ਵਿਚ ਐਸੇ ਬਹੁਤ ਘਟ ਆਦਮੀ ਹੁੰਦੇ ਹਨ, ਜੋ ਗਰੀਬੀ ਵਿਚ ਸਾਧਾਰਨ ਪੇਂਡੂ ਘਰ ਵਿਚ ਜਨਮ ਲੈ, ਬਿਨਾਂ ਕਿਸੇ ਰਿਸ਼ਤੇਦਾਰ ਦੀ ਸਹਾਇਤਾ ਦੇ, ਨਿਰੋਲ ਆਪਣੀ ਹਿੰਮਤ ਮੇਹਨਤ ਤੇ ਲਗਨ ਨਾਲ, ਕੇਵਲ ਗੁਰੂ ਤੇ ਆਸਰਾ ਤੇ ਓਟ ਰਖ ਕੇ, ਫ਼ਰਸ਼ੋਂ ਅਰਸ਼ ਤੇ ਪੁਜ ਜਾਣ ਤੇ ਦੇਸ਼, ਕੌਮ 'ਚ ਗਗਨ ਉਤੇ ਸਿਤਾਰੇ ਵਾਂਗ ਚਮਕਣ। ਜੇ ਕੁਝ ਬੰਦੇ ਧਰਤੀ ਤੇ ਖ਼ਾਕ ਦੇ ਜ਼ਰੇ ਹੁੰਦੇ ਹੋਏ ਅਸਮਾਨ ਦੀਆਂ ਬੁਲੰਦੀਆਂ ਛੋਹ ਕੇ ਚਮਕਣ ਵੀ ਲਗ ਪੈਣ, ਤਾਂ ਉਨ੍ਹਾਂ ਵਿਚੋਂ ਬਹੁਤ ਘਟ ਹੁੰਦੇ ਹਨ, ਜਿਨ੍ਹਾਂ ਦੀ ਕਾਮਯਾਬੀ ਦਿਮਾਗ ਨੂੰ ਨਾ ਚੜ੍ਹੇ, ਹਉਮੈ ਹੰਕਾਰ ਤੇ ਆਕੜ ਨਾ ਆਵੇ, ਨਿਮਰਤਾ ਤੇ ਹਲੀਮੀ ਨੂੰ ਹਥੋਂ ਨਾ ਛਡਣ, ਜ਼ਬਾਨ ਮਿਠੀ ਰਖਣ, ਊਚ ਨੀਚ ਦਾ ਭੇਦ ਨਾ ਰਖਣ, ਹਰ ਬੰਦੇ ਨੂੰ ਖਿੜੇ ਮਥੇ ਮਿਲਣ ਤੇ ਹਰ ਇਕ ਦੀ ਯਥਾ ਸ਼ਕਤ ਮਦਦ ਤੇ ਸਹਾਇਤਾ ਕਰਨ। ਫਿਰ ਅਜਿਹੇ ਬੰਦਿਆਂ ਵਿਚੋਂ ਅਜਿਹੇ ਬੰਦੇ ਵਿਰਲੇ ਹੀ ਨਿਕਲਦੇ ਹਨ, ਜਿਨ੍ਹਾਂ ਦੀ ਔਲਾਦ ਵੀ ਆਗਿਆਕਾਰੀ ਹੋਵੇ, ਜਿਨ੍ਹਾਂ ਦੇ ਪੁਤਰਾਂ ਵਿਚ ਵੀ ਨਿਮਰਤਾ ਤੇ ਮਿਠਾਸ ਕਾਇਮ ਰਹੇ ਤੇ ਉਹ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰਕੇ ਯਸ਼ ਖਟਣ।

ਇਸ ਪੁਸਤਕ ਦਾ ਲੇਖਕ 1980 ਤੋਂ ਇਸ ਮਹਾਂਪੁਰਸ਼ ਸੰਤ-ਸਿਪਾਹੀ ਦੀ ਸੰਗਤ ਵਿਚ ਆਇਆ ਤੇ ਉਸ ਦਾ ਨਿਜੀ ਜੀਵਨ, ਉਚ ਇਖ਼ਲਾਕ, ਦਾਨਵੀਰਤਾ, ਭਗਤੀ ਤੇ ਪਵਿਤਰਤਾ ਵੇਖ ਕੇ ਚਕ੍ਰਿਤ ਰਹਿ ਗਿਆ। ਸੂਬੇਦਾਰ ਬਾਪੂ ਦੀ ਵਡੀ ਸਿਫ਼ਤ ਇਹ ਹੈ ਕਿ ਉਹ ਗੁਰੂ ਨਾਨਕ ਦਾ ਅਨਿੰਨ ਸ਼ਰਧਾਲੂ ਤੇ ਉਠਦਿਆਂ ਬਹਿੰਦਿਆਂ, ਰੈਨ ਦਿਵਸ, ਸਾਸ ਗਿਰਾਸ ਗੁਰੂ ਨਾਨਕ ਦਾ ਨਾਮ ਧਿਆਣ ਵਾਲਾ, ਗ੍ਰਿਹਸਤੀ ਦੇ ਰੂਪ ਵਿਚ ਵਡੇ ਤੋਂ ਵਡੇ ਸੰਤ ਤੋਂ ਉਚਾ ਆਚਰਣ ਤੇ ਆਦਰਸ਼ ਜੀਵਨ ਰਖਦਾ ਸੀ। ਸਵੇਰੇ ਤੋਂ ਰਾਤ ਤਕ ਹਰ ਵੇਲੇ ਉਸ ਦੀ ਜੀਭ ਤੇ 'ਧੰਨ ਬਾਬਾ ਨਾਨਕ' ਹੀ ਚੜ੍ਹਿਆ ਰਹਿੰਦਾ ਸੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਗੁਰੂ ਨਾਨਕ ਦੇ ਨਾਮ ਦੀ ਸਮਾਧੀ ਵਿਚ ਲੀਨ ਹੋ ਜਾਂਦਾ ਸੀ। ਰਾਤ ਨੂੰ ਵੀ ਇਸੇ ਤਰ੍ਹਾਂ, ਕਈ ਘੰਟੇ ਗੁਰੂ ਨਾਨਕ ਦੇ ਚਰਨਾਂ ਵਿਚ ਲੀਨ ਹੋ ਕੇ, ਡੂੰਘੀ ਸਮਾਧੀ ਦਾ ਰਸ ਮਾਣਦਾ ਸੀ। ਕੁਝ ਖਾਣ ਪੀਣ ਵੇਲੇ "ਹੇ ਗੁਰੂ ਨਾਨਕ ਤੇਰਾ ਆਸਰਾ ਹੈ, ਤੇਰਾ ਸ਼ੁਕਰ ਹੈ, ਜੋ ਤੂੰ ਦੇਨਾਂ ਏਂ ਸੋ ਖਾਂਨੇ ਹਾਂ, ਜੋ ਕਰਾਉਨਾ ਏਂ ਸੋ ਕਰਦੇ ਹਾਂ। ਮੇਰਾ ਕੁਝ ਵੀ ਨਹੀਂ, ਸਭ ਕੁਝ ਤੇਰਾ ਹੈ ਤੇ ਤੇਰਾ ਦਿਤਾ ਖਾ ਰਹੇ ਹਾਂ।" ਦੀ ਅਰਦਾਸ ਕਰਦਾ ਸੀ।

ਸੂਬੇਦਾਰ ਬਾਪੂ ਦੀ ਔਲਾਦ ਤਿੰਨ ਲੜਕੇ ਹਨ। ਵਡਾ ਦਰਸ਼ਨ ਸਿੰਘ, ਜੋ



Sri Satguru Jagjit Singh Ji eLibrary NamdhariElibrary@gmail.com

ਅਮਰੀਕਾ ਵਿਚ ਹੈ, ਦੂਸਰਾ ਸੁਰਜੀਤ ਸਿੰਘ ਜੋ ਵਧੇਰੇ ਪਿਤਾ ਪਾਸ ਹੀ ਰਹਿੰਦਾ ਸੀ ਤੇ ਪਿਤਾ ਦੇ ਆਦੇਸ਼ਾਂ ਅਨੁਸਾਰ 200 ਏਕੜ ਦੇ ਫ਼ਾਰਮ ਵਿਚ ਖੇਤੀ ਕਰਵਾਂਦਾ ਸੀ, ਤੀਜਾ ਚਰਨਜੀਤ ਸਿੰਘ, ਜੋ ਅੱਜ ਕਲ੍ਹ ਵਧੇਰੇ ਆਪਣੇ ਵਡੇ ਭਰਾ ਦਰਸ਼ਨ ਸਿੰਘ ਪਾਸ ਅਮਰੀਕਾ ਰਹਿ ਕੇ ਉਸ ਦੇ ਕਾਰੋਬਾਰ ਵਿਚ ਮਦਦ ਕਰਦਾ ਹੈ। ਤਿੰਨੋ ਭਰਾ ਆਪਣੀ ਮਾਤਾ ਤੇ ਪਿਤਾ ਦੇ ਆਗਿਆਕਾਰੀ। ਜਦੋਂ ਉਹ ਮਾਪਿਆਂ ਪਾਸ ਹੁੰਦੇ, ਤਾਂ ਸਵੇਰੇ ਉਠਦੇ ਸਾਰ ਹੀ ਮਾਤਾ ਪਿਤਾ ਦੇ ਚਰਨਾਂ ਤੇ ਹੱਥ ਲਾਣਾ। ਜੇ ਕਿਧਰੇ ਕੰਮ ਤੇ ਜਾਣ ਲਗਣਾ ਤਾਂ ਮਾਤਾ ਪਿਤਾ ਦੇ ਪੈਰਾਂ ਤੇ ਹੱਥ ਲਾਣਾ ਤੇ ਜਦੋਂ ਕੰਮ ਤੇ ਪਰਤਣ ਤਾਂ ਫਿਰ ਮਾਤਾ ਪਿਤਾ ਦੇ ਚਰਨ ਛੋਹਣਾ। ਰਾਤ ਨੂੰ ਆਪਣੇ ਸੌਣ ਵਾਲੇ ਕਮਰਿਆਂ ਵਿਚ ਜਾਣ ਤੋਂ ਪਹਿਲਾਂ ਮਾਤਾ ਪਿਤਾ ਨੂੰ ਚਰਨ ਬੰਦਨਾਂ ਕਰਨਾ। ਉਨ੍ਹਾਂ ਦੀਆਂ ਪਤਨੀਆਂ ਵੀ, ਆਪਣੇ ਪਤੀਆਂ ਵਾਂਗ ਸੱਸ-ਸਹੁਰੇ ਦੇ ਚਰਨ ਛੋਂਹਦੀਆਂ ਤੇ ਉਨ੍ਹਾਂ ਦੇ ਬੱਚੇ ਵੀ ਇਸੇ ਤਰ੍ਹਾਂ ਕਰਦੇ। ਸਵੇਰੇ ਸ਼ਾਮ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ ਜਾ ਕੇ, ਮਥਾ ਟੇਕ ਕੇ ਨਿਤਨੇਮ ਦਾ ਪਾਠ ਕਰਨਾ ਤੇ ਹਥੀਂ ਸੇਵਾ ਕਰਨਾ।

ਵਡਾ ਲੜਕਾ ਦਰਸ਼ਨ ਸਿੰਘ ਅਮਰੀਕਾ ਵਿਚ ਹਿੰਦੁਸਤਾਨੀਆਂ ਵਿਚ ਮੰਨਿਆਂ ਪ੍ਰਮੰਨਿਆਂ ਕਾਰੋਬਾਰੀ, ਪੰਜਾਬੀਆਂ ਵਿਚ ਪ੍ਰਮੁਖ ਪੰਜਾਬੀ ਅਤੇ ਸਿਖਾਂ ਵਿਚ ਸਿਰਮੌਰ ਪੰਥ ਸੇਵਕ ਹੈ, ਜੋ ਉਥੇ ਭੀ ਤੇ ਇਥੇ ਵੀ ਹਰ ਚੰਗੇ ਕੰਮ, ਖੇਡਾਂ, ਵਿਦਿਆ ਅਤੇ ਗੁਰਦੁਆਰਿਆਂ ਲਈ ਲਖਾਂ ਰੁਪਏ ਦਾਨ ਕਰਦਾ ਹੈ। ਉਸ ਪਾਸ ਦੋ ਸੌ ਪੈਟਰੋਲ ਪੰਪ ਆਪਣਾ ਹੈ ਤੇ ਹਜ਼ਾਰਾਂ ਪੰਪਾਂ ਨੂੰ ਉਹ ਪੈਟਰੋਲ ਸਪਲਾਈ ਕਰਦਾ ਹੈ। ਉਹ ਅਮਰੀਕਾ ਵਿਚ, ਜਿਥੇ ਖੁਲ੍ਹੀ ਤਿਜਾਰਤ ਹੈ, ਪੈਟਰੋਲ ਦਾ ਉਘਾ ਤੇ ਵਡਾ ਬਿਉਪਾਰੀ ਹੈ। ਅੱਜ ਕਲ੍ਹ ਉਹ ਵਿਸਕਾਨਸਨ ਸਟੇਟ ਵਿਚ, ਜਿਥੇ ਉਹ ਮਿਲਵਾਕੀ ਸ਼ਹਿਰ ਵਿਚ ਰਹਿੰਦਾ ਹੈ, ਪਰਿਆਵਰਣ ਦੇ ਮਹਿਕਮੇ ਦਾ ਚੇਅਰਮੈਨ ਹੈ, ਜੋ ਕਿਸੇ ਏਸ਼ੀਅਨ ਨੂੰ ਪਹਿਲੀ ਵਾਰ ਮਿਲਿਆ ਮਾਣ ਹੈ।

ਸੂਬੇਦਾਰ ਬਾਪੂ ਕਰਤਾਰ ਸਿੰਘ ਧਾਲੀਵਾਲ ਤੇ ਉਹਦੀ ਪਤਨੀ ਸ੍ਰੀ ਮਤੀ ਜਸਵੰਤ ਕੌਰ ਧਾਲੀਵਾਲ ਸਾਲ ਵਿਚ ਤਿੰਨ ਚਾਰ ਮਹੀਨੇ ਅਮਰੀਕਾ, ਆਪਣੇ ਦੋਹਾਂ ਪੁਤਰਾਂ ਪਾਸ ਹੀ ਗੁਜ਼ਾਰਦੇ ਸਨ। ਸੂਬੇਦਾਰ ਬਾਪੂ ਦੇ ਜ਼ਾਤੀ ਜੀਵਨ, ਉਚੇ ਆਚਰਨ ਤੇ ਧਾਰਮਕ ਰਹਿਣੀ ਬਹਿਣੀ ਦਾ ਡੂੰਘਾ ਪ੍ਰਭਾਵ ਉਸ ਦੇ ਪੁਤਰਾਂ ਦੇ ਜੀਵਨ ਤੇ ਪਿਆ ਹੈ, ਜੋ ਰਹਿਣੀ ਬਹਿਣੀ ਦੇ ਪੱਕੇ, ਅੰਮ੍ਰਿਤਧਾਰੀ ਸਿੱਖ ਹਨ ਤੇ ਸੱਚਾ ਸੁੱਚਾ ਸਿੱਖੀ ਜੀਵਨ ਬਤੀਤ ਕਰਦੇ ਹਨ। ਵਡਾ ਲੜਕਾ ਦਰਸ਼ਨ ਸਿੰਘ ਧਾਲੀਵਾਲ, 1972 ਵਿਚ ਇੰਜੀਨੀਅਰਿੰਗ ਪੜ੍ਹਨ ਲਈ ਅਮਰੀਕਾ ਗਿਆ ਸੀ ਤੇ 1976 ਵਿਚ ਇੰਜੀਨੀਅਰੀ ਪਾਸ ਕਰਕੇ, ਅਮਰੀਕਾ ਵਿਚ ਹੀ ਪੈਟਰੋਲ ਦੇ ਕੰਮ ਵਿਚ ਲਗ ਗਿਆ। ਉਸ ਦੀ ਸ਼ਾਦੀ ਉਥੇ ਹੀ ਇਕ ਅਮਰੀਕਨ ਲੜਕੀ ਡੈਬ ਨਾਲ ਹੋਈ ਸੀ, ਜੋ ਸ਼ੁਰੂ ਤੋਂ ਹੀ ਉਸ ਨਾਲ ਕੰਮ ਕਰਦੀ ਸੀ। ਸੂਬੇਦਾਰ ਬਾਪੂ ਤੇ ਉਸਦੇ ਲੜਕੇ ਨੇ ਉਸ ਨੂੰ ਵੀ ਸਿੱਖੀ ਜੀਵਨ ਵਿਚ ਢਾਲ ਲਿਆ। ਅਜ ਉਸਦੇ ਤਿੰਨ ਲੜਕੇ ਤੇ ਤਿੰਨ ਲੜਕੀਆਂ ਹਨ। ਲੜਕੇ ਦਾਹੜੀ ਕੇਸਾਂ, ਤੇ ਸੁੰਦਰ ਦਸਤਾਰਾਂ ਵਿਚ ਸੋਭਦੇ ਹਨ। ਉਨ੍ਹਾਂ ਦੀ ਅਮਰੀਕਨ ਮਾਂ ਉਨ੍ਹਾਂ ਨੂੰ ਸਵੇਰੇ ਤਿਆਰ ਕਰਕੇ, ਕੇਸਾਂ ਵਿਚ ਕੰਘਾ ਕਰਵਾ ਕੇ, ਜੂੜੇ ਕਰਕੇ, ਦਸਤਾਰਾਂ ਸਜਾ ਕੇ ਸਕੂਲ ਕਾਲਜ ਘਲਦੀ ਹੈ ਤੇ ਇਸ ਤਰ੍ਹਾਂ ਹੀ ਲੜਕੀਆਂ ਕਰਦੀਆਂ ਹਨ। ਸਾਰਾ



Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਸਾਲ ਵਿਚ ਇਕ ਦੋ ਮਹੀਨੇ ਜ਼ਰੂਰ ਪੰਜਾਬ ਆਪਣੇ ਪਿੰਡ ਰਖੜੇ ਆ ਕੇ ਰਹਿੰਦਾ ਹੈ। ਸੂਬੇਦਾਰ ਬਾਪੂ ਦੀ ਅਮਰੀਕਨ ਨੂੰਹ ਵੀ ਸਲਵਾਰ, ਕਮੀਜ਼, ਦੁਪੱਟਾ ਪਹਿਨ ਕੇ ਪੂਰੇ ਪੰਜਾਬੀ ਰੂਪ ਵਿਚ ਰਹਿੰਦੀ ਹੈ। ਜਦੋਂ ਉਥੇ ਬੱਚਿਆਂ ਨੂੰ ਛੁਟੀਆਂ ਹੁੰਦੀਆਂ ਹਨ, ਤਾਂ ਉਹਨਾਂ ਨੂੰ ਪੰਜਾਬ ਇਸ ਲਈ ਲਿਆਂਦਾ ਜਾਂਦਾ ਹੈ, ਕਿ ਉਹ ਆਪਣੇ ਪਿੰਡਾਂ ਦੇ ਮਾਹੌਲ, ਸਿੱਖ ਭਾਈਚਾਰਾ ਤੇ ਰਸਮ ਰਿਵਾਜ ਨਾਲ ਜੁੜੇ ਰਹਿਣ ਤੇ ਸਬੰਧ ਕਾਇਮ ਰਹੇ। ਇਸ ਨਾਲ ਉਨ੍ਹਾਂ ਦੇ ਜੀਵਨ ਚਰਿਤਰ ਤੇ ਅਸਰ ਪੈਂਦਾ ਹੈ।

ਸੂਬੇਦਾਰ ਬਾਪੂ ਵਿਚ ਅਤਿ ਦੀ ਨਿਮਰਤਾ ਹੋਣ ਦੇ ਬਾਵਜੂਦ ਤਪ, ਤੇਜ ਭੀ ਸੀ। ਕੋਈ ਉਸਦੀ ਹੁਕਮ ਅਦੂਲੀ ਨਹੀਂ ਕਰ ਸਕਦਾ ਸੀ। ਵਡੀਆਂ ਪੁਜ਼ੀਸ਼ਨਾਂ ਤੇ ਪੁਜੇ ਹੋਏ ਉਸਦੇ ਲੜਕੇ ਵੀ ਉਸਦੀ ਨਾਰਾਜ਼ਗੀ, ਗੁੱਸੇ ਤੇ ਘੁਰਕੀ ਤੋਂ ਡਰਦੇ ਸਨ। ਉਹ ਕਈ ਵਾਰੀ ਉਨ੍ਹਾਂ ਨੂੰ ਹਸਦਿਆਂ ਹਸਦਿਆਂ ਕੁੱਤੇ ਵੀ ਕਹਿ ਦੇਂਦਾ ਸੀ, ਪਰ ਉਹ ਇਸ ਨੂੰ ਵੀ ਪਿਤਾ ਦੀ ਅਸੀਸ ਸਮਝਦੇ ਸਨ। ਜੋ ਗੱਲ ਉਹ ਕਹਿ ਦੇਵੇ, ਉਸ ਤੇ ਫੌਰਨ ਅਮਲ ਹੁੰਦਾ ਸੀ, ਕਿਉਂਕਿ ਉਸਦਾ ਹਰ ਹੁਕਮ ਚੰਗਾ ਤੇ ਨੇਕੀ ਵਾਲਾ ਹੁੰਦਾ ਸੀ। ਜਦੋਂ ਉਸਨੇ ਵਡੇ ਲੜਕੇ ਨੂੰ ਵਜ਼ੀਫੇ ਤੇ ਅਮਰੀਕਾ ਭੇਜਣ ਦਾ ਪ੍ਰਬੰਧ ਕੀਤਾ, ਤਾਂ ਲੜਕਾ ਜਾਣਾ ਨਹੀਂ ਸੀ ਚਾਹੰਦਾ, ਪਰ ਆਖਰ ਉਸ ਨੂੰ ਬਾਪੂ ਦੀਆਂ ਝਿੜਕਾਂ ਤੇ ਗਾਹਲਾਂ ਖਾ ਕੇ ਜਾਣਾ ਹੀ ਪਿਆ, ਜਿਸ ਦਾ ਮਿੱਠਾ ਫਲ ਉਹ ਅੱਜ ਆਪ ਵੀ ਖਾ ਰਿਹਾ ਹੈ, ਸਾਰਾ ਪਰਿਵਾਰ ਵੀ ਖਾ ਰਿਹਾ ਹੈ ਤੇ ਸਾਰਾ ਪੰਜਾਬੀ ਸਮਾਜ, ਪੰਥ ਤੇ ਦੇਸ਼ ਵੀ ਖਾ ਰਿਹਾ ਹੈ, ਸਾਰੀ ਕਰਾਮਾਤ ਸੂਬੇਦਾਰ ਬਾਪੂ ਦੇ ਗੁਰੂ ਨਾਨਕ ਵਿਚ ਅਟੁਟ ਸ਼ਰਧਾ ਭਗਤੀ ਤੇ ਵਿਸ਼ਵਾਸ ਦੀ ਸੀ।

ਸੂਬੇਦਾਰ ਬਾਪੂ ਦੁਖੀਆਂ ਦਾ ਹਮਦਰਦ ਸੀ। ਉਹ ਰੋਗੀਆਂ ਦੇ ਇਲਾਜ ਕਰਵਾਂਦਾ ਸੀ। ਲੋਕਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਆਪਣੇ ਖਰਚ ਤੇ ਪਟਿਆਲੇ ਦੇ ਉਘੇ ਡਾਕਟਰਾਂ ਤੋਂ ਕਰਵਾਂਦਾ ਸੀ।

ਬਾਪੂ ਆਪ ਨਾਮਵਰ ਸਪੋਰਟਸਮੈਨ ਸੀ। ਉਸਨੇ ਦੌੜਾਂ ਵਿਚ, ਫੌਜ ਵਿਚ ਨਾਮਣਾ ਖਟਿਆ ਸੀ, ਇਸ ਲਈ ਉਹ ਖਿਲਾੜੀਆਂ ਨਾਲ ਬੜਾ ਪਿਆਰ ਕਰਦਾ ਸੀ ਅਤੇ ਖੇਡਾਂ ਦੀ ਉਨਤੀ ਲਈ ਹਰ ਵੇਲੇ ਯਤਨਸ਼ੀਲ ਰਹਿੰਦਾ ਸੀ। ਪਿੰਡਾਂ ਵਿਚ ਟੂਰਨਾਮੈਂਟ ਕਰਾਉਣ ਲਈ ਪੰਚਾਇਤਾਂ ਤੇ ਪਿੰਡ ਵਾਸੀਆਂ ਨੂੰ ਉਤਸ਼ਾਹ ਦੇਂਦਾ ਸੀ। ਪਿੰਡ ਵਾਲੇ, ਟੂਰਨਾਮੈਂਟਾਂ ਸਮੇਂ ਇਨਾਮ ਤਕਸੀਮ ਕਰਨ ਲਈ ਬਾਪੂ ਨੂੰ ਬੁਲਾਉਂਦੇ ਸਨ ਤੇ ਬਾਪੂ ਹਜ਼ਾਰਾਂ ਰੁਪਏ ਦਾਨ ਦੇ ਆਉਂਦਾ ਸੀ।

ਬਾਪੂ ਦੀ ਧਰਮਪਤਨੀ, ਜਿਸ ਨੂੰ ਸਾਰੇ ਬੇਬੇ ਜੀ ਕਹਿੰਦੇ ਹਨ, ਘਰ ਦੀ ਸੰਭਾਲ, ਖੇਤੀ ਦੇ ਕੰਮ ਦੀ ਦੇਖ ਭਾਲ, ਅਤੇ ਡੰਗਰਾਂ ਦੀ ਦੇਖ ਭਾਲ ਵਿਚ ਵਡੀ ਦਿਲਚਸਪੀ ਰਖਦੀ ਹੈ ਤੇ ਉਹ ਵੀ ਦਾਨੀ ਸੁਭਾਅ ਦੀ ਹੈ। ਵੈਸੇ ਵੀ ਮਾਇਆ ਦਾ ਖ਼ਜ਼ਾਨਾ ਉਸੇ ਪਾਸ ਹੀ ਰਹਿੰਦਾ ਹੈ ਤੇ ਘਰ ਵਿਚ ਲੋੜੀਂਦੀ ਹਰ ਚੀਜ਼ ਵਸਤ ਦਾ ਉਹ ਪੂਰਾ ਪੂਰਾ ਧਿਆਨ ਰਖਦੀ ਹੈ। ਉਹ ਆਪਣੀ ਨੂੰਹਾਂ ਦਾ ਵੀ ਖ਼ਿਆਲ ਰਖਦੀ ਹੈ ਤੇ ਉਹਨਾਂ ਲਈ ਬਿਨਾਂ ਮੰਗੇ ਕਪੜੇ ਗਹਿਣੇ ਲਿਆ ਦੇਂਦੀ ਹੈ। ਬੇਬੇ ਦੀ ਪਸੰਦ ਤੇ ਕੋਈ ਇਤਰਾਜ਼ ਨਹੀਂ ਕਰਦਾ। ਸਰਦੀਆਂ ਵਿਚ ਬੇਬੇ ਗਰਮ ਸ਼ਾਲਾਂ ਲਿਆ ਕੇ ਗਰੀਬ ਔਰਤਾਂ ਵਿਚ ਵੰਡਦੀ ਹੈ। ਬਾਪੂ ਨੇ ਕੋਠੀ ਦੇ ਇਕ ਕੋਨੇ ਵਿਚ ਚਾਰ ਦੀਵਾਰੀ ਕਰਕੇ ਸੜਕ ਤੇ



Sri Satguru Jagjit Singh Ji eLibrary NamdhariElibrary@gmail.com

ਗੇਟ ਲਗਾ ਦਿਤਾ ਸੀ, ਜਿਥੇ ਹੁਣ ਸਾਰਾ ਦਿਨ ਲੰਗਰ ਚਲਦਾ ਰਹਿੰਦਾ ਸੀ।

ਬਾਪੂ ਦਾ ਵਡਾ ਸਪੁਤਰ ਸ੍ਰ. ਦਰਸ਼ਨ ਸਿੰਘ ਧਾਲੀਵਾਲ, ਹਰ ਸਾਲ ਦਸੰਬਰ ਦਾ ਆਖ਼ਰੀ ਹਫ਼ਤਾ ਪਿੰਡ ਆ ਕੇ ਬਿਤਾਂਦਾ ਸੀ। ਉਹ 31 ਦਸੰਬਰ ਰਾਤ ਨੂੰ ਨਿਊ-ਈਅਰ ਈਵ ਨੂੰ ਜਸ਼ਨ ਦਾ ਪ੍ਰਬੰਧ ਕਰਦਾ ਸੀ, ਜਿਸ ਤੇ ਪੰਜਾਬ ਦੇ ਉਘੇ ਗਾਇਕਾਂ ਦੀਆਂ ਪਾਰਟੀਆਂ ਅਤੇ ਭੰਗੜੇ ਗਿਧੇ ਵਾਲੇ ਕਲਾਕਾਰ ਬੁਲਾਏ ਜਾਂਦੇ ਸਨ, ਪੰਜਾਬ ਦੇ ਉਚ ਅਫ਼ਸਰ, ਕਮਿਸ਼ਨਰ, ਡਿਪਟੀ ਕਮਿਸ਼ਨਰ, ਪੁਲੀਸ ਦੇ ਆਈ. ਜੀ., ਡੀ. ਆਈ. ਜੀ., ਐਸ. ਐਸ. ਪੀ., ਆਦਿ ਆਉਂਦੇ ਸਨ। ਖਾਣਾ ਪੀਣਾ ਵੀ ਖ਼ੂਬ ਚਲਦਾ ਸੀ।

ਇਕ ਦਿਨ ਬਾਪੂ ਆਪਣੇ ਪੁੱਤਰਾਂ ਨੂੰ ਕਹਿਣ ਲੱਗਾ, "ਇਹ ਸਾਰੇ ਪ੍ਰੋਗਰਾਮ ਮੈਨੂੰ ਚੰਗੇ ਨਹੀਂ ਜਾਪਦੇ। ਸਵੇਰੇ ਪਹਿਲੀ ਜਨਵਰੀ ਦੀ ਸਵੇਰ ਤਕ ਖਪ ਪਈ ਰਹਿੰਦੀ ਹੈ। ਅਸੀਂ ਸੰਗਰਾਂਦ ਵਾਲੇ ਦਿਨ ਪਾਠ ਕਰਕੇ, ਬਾਰਾਂ ਮਾਂਹ, ਵਿਚੋਂ ਮਹੀਨੇ ਦਾ ਪਾਠ ਕਰਦੇ ਤੇ ਸੁਣਦੇ ਹਾਂ, ਤਾਂ ਜੋ ਸਾਰਾ ਮਹੀਨਾ ਚੰਗਾ ਲੰਘੇ। ਇਸ ਤੁਰ੍ਹਾਂ ਸ਼ਾਲ ਦੇ ਪਹਿਲੇ ਦਿਨ ਵੀ ਕੋਈ ਚੰਗਾ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਰਾ ਸਾਲ ਚੰਗਾ ਲੰਘੇ। ਸੋ ਅਗੋਂ ਤੋਂ 30 ਦਸੰਬਰ ਸਵੇਰੇ ਅਖੰਡ ਪਾਠ ਰਖਿਆ ਕਰੋ ਅਤੇ 1 ਜਨਵਰੀ ਸਵੇਰੇ ਭੋਗ ਪਾ ਕੇ ਕੀਰਤਨ ਕਰਵਾ ਕੇ ਅਰਦਾਸ ਕਰਿਆ ਕਰੋ ਕਿ ਵਾਹਿਗੁਰੂ ਸਾਲ ਸੁਖ ਦਾ ਲੰਘਾਵੇ।" ਸੋ ਕਈ ਸਾਲਾਂ ਤੋਂ ਇਸੇ ਤਰ੍ਹਾਂ ਹੋ ਰਿਹਾ ਹੈ। ਪਹਿਲੀ ਜਨਵਰੀ ਨੂੰ ਸਵੇਰੇ ਇਲਾਕੇ ਦੀ ਸੰਗਤ ਉਨ੍ਹਾਂ ਦੀ ਕੋਠੀ, ਜੋ ਪਟਿਆਲਾ ਨਾਭਾ ਦੇ ਦਰਮਿਆਨ, ਰਖੜਾ ਨੇੜੇ ਸੜਕ ਦੇ ਉਪਰ 30 ਏਕੜ ਜ਼ਮੀਨ ਵਿਚ ਬਣੀ ਹੋਈ ਹੈ, ਵਿਖੇ ਇਕੱਤਰ ਹੁੰਦੀ ਹੈ ਤੇ ਕਥਾ ਕੀਰਤਨ ਉਪਰੰਤ ਲੰਗਰ ਛੱਕ ਕੇ ਜਾਂਦੀ ਹੈ। ਸਟੇਜ ਸਕੱਤਰ ਦੀ ਸੇਵਾ ਮੇਰੇ ਜ਼ਿੰਮੇਂ ਹੁੰਦੀ ਹੈ।

ਸੂਬੇਦਾਰ ਬਾਪੂ ਦੇ ਉੱਚੇ, ਸੰਤੋਖੀ ਤੇ ਬਿਨ ਸੁਆਰਥ ਜੀਵਨ ਦੀ ਮਿਸਾਲ ਵਜੋਂ ਇਕ ਅਹਿਮ ਘਟਨਾ ਦਸਣੀ ਬੜੀ ਜ਼ਰੂਰੀ ਹੈ। ਹਰ ਸਾਲ ਰਖੜਾ ਪਿੰਡ ਤੋਂ ਬਾਹਰ, ਸ਼ੂਗਰ ਮਿਲ ਦੇ ਨਜ਼ਦੀਕ, ਕਰੋੜਾਂ ਰੁਪਏ ਨਾਲ 30 ਏਕੜ ਦੇ ਪਲਾਟ ਲਈ ਬਣੀ ਨਵੀਂ ਕੋਠੀ 'ਕਰਤਾਰ ਨਿਵਾਸ' ਜਾਂ ਕਰਤਾਰ ਵਿਲਾ ਵਿਚ, ਹਰ ਸਾਲ ਨਵੇਂ ਸਾਲ ਦੀ ਸ਼ਾਮ ਮਨਾਉਣ ਦਾ ਜਸ਼ਨ ਕੀਤਾ ਜਾਂਦਾ ਸੀ (ਜਿਸ ਦੀ ਨੁਹਾਰ ਮਗਰੋਂ ਬਦਲੀ ਗਈ) ਸੂਬੇਦਾਰ ਬਾਪੂ ਦੇ ਛੋਟੇ ਲੜਕੇ ਚਰਨਜੀਤ ਸਿੰਘ ਦਾ ਰਿਸ਼ਤਾ ਤੈਅ ਹੋ ਚੁਕਾ ਸੀ। ਲੜਕੀ ਵਾਲੇ, ਜਿਨ੍ਹਾਂ ਦਾ ਪਿੰਡ ਉਥੋਂ ਬਹੁਤਾ ਦੂਰ ਨਹੀਂ ਸੀ ਤੇ ਹਰਿਆਣੇ ਦੀ ਹੱਦ ਵਿਚ ਪੈਂਦਾ ਸੀ, ਉਹਨਾਂ ਨੂੰ ਵੀ ਉਸ ਜਸ਼ਨ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਗਿਆ ਸੀ ਅਤੇ ਇਹ ਤੈਅ ਹੋਇਆ ਕਿ ਉਹ 31 ਦਸੰਬਰ ਰਾਤ ਤਾਂ ਉਸ ਜਸ਼ਨ ਵਿਚ ਸ਼ਾਮਲ ਹੋਣ ਤੇ ਅੱਧੀ ਰਾਤ ਪਿਛੋਂ, ਨਵਾਂ ਸਾਲ ਸ਼ੁਰੂ ਹੋਣ ਬਾਅਦ ਕਾਰ ਰਾਹੀਂ ਵਾਪਸ ਪਿੰਡ ਚਲੇ ਜਾਣ। ਅਗਲੀ ਸਵੇਰੇ 1 ਜਨਵਰੀ ਨੂੰ ਸਵੇਰੇ ਕੋਠੀ ਵਿਚ ਧਾਰਮਕ ਦੀਵਾਨ ਹੋਵੇ, ਕੀਰਤਨ ਹੋਵੇ, ਜਿਥੇ ਲੜਕੀ ਵਾਲੇ ਸ਼ਗਨ ਲੈ ਕੇ ਆਉਣ। ਫਿਰ ਉਥੇ ਸਾਰੇ ਇਕੱਠੇ, ਧੋਤੇ, ਪੁਤੇਤੇ ਤੇ ਸੰਗਤ ਪ੍ਰੀਤੀ ਭੋਜਨ ਗੁਰੂ ਕੇ ਲੰਗਰ ਦੇ ਰੂਪ ਵਿਚ ਛੱਕੇ। ਵਿਆਹ ਦੀ ਤਾਰੀਖ ਪੰਜ ਛੇ ਮਹੀਨੇ ਬਾਅਦ ਦੋਹਾਂ ਘਰਾਂ ਦੀ ਸੁਵਿਧਾ ਦੇਖ ਕੇ ਰਖੀ ਜਾਵੇਗੀ। ਚਰਨਜੀਤ ਸਿੰਘ ਦਾ ਵਡਾ ਭਰਾ ਦਰਸ਼ਨ ਸਿੰਘ ਧਾਲੀਵਾਲ ਚਾਹੁੰਦਾ ਸੀ, ਕਿ ਉਹ ਆਪਣੇ ਛੋਟੇ ਭਰਾ ਦੀ ਸ਼ਾਦੀ ਇਤਨੀ ਧੂਮ ਧਾਮ ਨਾਲ ਕਰੇ, ਕਿ ਕਦੇ



Sri Satguru Jagjit Singh Ji eLibrary NamdhariElibrary@gmail.com

ਕਿਸੇ ਰਾਜੇ-ਮਹਾਰਾਜੇ ਦੀ ਵੀ ਨਾ ਹੋਈ ਹੋਵੇ। ਉਸ ਵਿਚ ਹਾਥੀ, ਘੋੜੇ, ਕਾਰਾਂ, ਬਘੀਆਂ ਤੇ ਦਰਜਨਾਂ ਬੈਂਡ ਹੋਣ ਤੇ ਲੋਕੀਂ ਉਸ ਨੂੰ ਯਾਦ ਰਖਣ, ਕਿਉਂਕਿ ਉਸ ਦੀ ਆਪਣੀ ਤੇ ਉਸ ਤੋਂ ਛੋਟੇ ਭਰਾ ਸੁਰਜੀਤ ਸਿੰਘ ਦੀ ਸ਼ਾਦੀ ਤਾਂ ਹੋ ਚੁਕੀ ਸੀ, ਭੈਣ ਉਨ੍ਹਾਂ ਦੀ ਕੋਈ ਹੈ ਨਹੀਂ ਸੀ, ਤੇ ਇਸ ਤਰ੍ਹਾਂ ਉਨ੍ਹਾਂ ਦੇ ਪਰਿਵਾਰ ਵਿਚ ਇਹ ਇਕ ਤਰ੍ਹਾਂ ਨਾਲ ਆਖ਼ਰੀ ਸ਼ਾਦੀ ਸੀ।

31 ਦਸੰਬਰ ਦੀ ਰਾਤ ਨੂੰ ਗਾਣ ਨਚਣ ਵਾਲੇ ਅਤੇ ਪੀਣ ਵਾਲੇ ਖਾਸੀ ਗਿਣਤੀ ਵਿਚ ਸਨ, ਇਸ ਲਈ ਸਮਾਗਮ ਦੇਰ ਤਕ ਚਲਿਆ ਤੇ ਡਿਨਰ ਵੀ ਲੇਟ ਖਾਧਾ ਗਿਆ। ਪਟਿਆਲਾ ਤੇ ਨਾਭਾ ਤੋਂ ਆਏ ਮਹਿਮਾਨ ਤਾਂ ਲੋਕਲ ਹੀ ਸਨ ਆਪਣੀਆਂ ਕਾਰਾਂ ਲੈ ਕੇ ਚਲੇ ਗਏ। ਲੜਕੀ ਦੇ ਮਾਤਾ ਪਿਤਾ ਤੇ ਸਾਰਾ ਪਰਿਵਾਰ ਲੜਕੀ ਸਮੇਤ ਆਏ ਹੋਏ ਸਨ। ਜਦੋਂ ਉਹ ਆਪਣੀਆਂ ਕਾਰਾਂ ਵਿਚ ਉਥੋਂ ਵਾਪਸ ਪਿੰਡ ਜਾਣ ਲਈ ਤਿਆਰ ਹੋਏ, ਤਾਂ ਕੋਈ ਸਿਆਣਾ ਬੋਲਿਆ, ਕਿ 'ਅਤਵਾਦ ਦਾ ਜ਼ੋਰ ਹੈ, ਰਾਤ ਦੇ ਦੋ ਢਾਈ ਵਜੇ 50-60 ਕਿਲੋਮੀਟਰ ਦੂਰ ਪਿੰਡ ਨੂੰ ਜਾਣਾ, ਜਦੋਂ ਕਿ ਔਰਤਾਂ ਨੇ ਭੀ ਗਹਿਣੇ ਪਾਏ ਹੋਏ ਹਨ, ਸਿਆਣੀ ਗੱਲ ਨਹੀਂ ਲਗਦੀ, ਇਨ੍ਹਾਂ ਨੂੰ ਇਥੇ ਹੀ ਰਾਤ ਕੱਟ ਲੈਣੀ ਚਾਹੀਦੀ ਹੈ। ਉਹ ਸਵੇਰੇ ਸਵੇਰੇ ਪਿੰਡ ਜਾ ਕੇ ਸ਼ਗਨ ਦਾ ਸਾਮਾਨ ਲੈ ਕੇ ਫਿਰ ਆ ਜਾਣ, ਅਤੇ ਸਵੇਰੇ ਲੜਕੀ ਨੂੰ ਨਾਲ ਨਾ ਲਿਆਉਣ।

ਸੋ ਫ਼ੈਸਲਾ ਹੋਇਆ ਕਿ ਉਨ੍ਹਾਂ ਨੂੰ ਰਖੜਾ ਪਿੰਡ ਵਾਲੇ ਪਹਿਲੇ ਪੁਰਾਣੇ ਮਕਾਨ ਵਿਚ, ਸੁਆਣ ਦਾ ਪ੍ਰਬੰਧ ਕਰ ਦਿਤਾ ਜਾਵੇ। ਪ੍ਰਬੰਧ ਕੀ ਕਰਨਾ ਸੀ, ਉਸ ਮਕਾਨ ਵਿਚ ਅਗੇ ਹੀ ਮੰਜੇ ਬਿਸਤਰੇ, ਫ਼ਰਨੀਚਰ, ਬਾਥਰੂਮ, ਗੀਜ਼ਰ ਆਦਿ ਸਭ ਕੁਝ ਮੌਜੂਦ ਸੀ, ਕਿਉਂਕਿ ਨਵੀਂ ਕੋਠੀ ਲਈ ਸਾਰਾ ਸਾਮਾਨ ਤੇ ਫ਼ਰਨੀਚਰ ਆਦਿ ਨਵਾਂ ਹੀ ਖਰੀਦਿਆ ਗਿਆ ਸੀ। ਪਹਿਲੇ ਮਕਾਨ ਦਾ ਸਾਮਾਨ ਉਸੇ ਤਰ੍ਹਾਂ ਮਕਾਨ ਵਿਚ ਲਗਾ ਹੀ ਛੱਡ ਦਿਤਾ ਗਿਆ ਸੀ। ਨਵੀਂ ਕੋਠੀ ਵਿਚ ਸਵੇਰੇ ਦੀਵਾਨ ਸਜਿਆ ਅਤੇ ਰਾਗੀਆਂ ਨੇ ਕੀਰਤਨ ਸ਼ੁਰੂ ਕੀਤਾ। ਕੋਠੀ ਦੇ ਪਿਛਲੇ ਲਾਨ ਵਿਚ ਹਲਵਾਈ ਲਗੇ ਹੋਏ ਸਨ, ਅਤੇ ਵਿਆਹ ਵਰਗੀ ਰੋਟੀ ਤਿਆਰ ਹੋ ਰਹੀ ਸੀ, ਕਿਉਂਕਿ ਲੜਕੀ ਵਾਲਿਆਂ, ਆਪਣੀ ਬਰਾਦਰੀ ਸਮੇਤ ਸ਼ਗਨ ਲੈ ਕੇ ਆਣਾ ਸੀ ਅਤੇ ਇਲਾਕੇ ਦੇ ਹੋਰ ਚੋਣਵੇਂ ਪਤਵੰਤੇ ਤੇ ਦਰਸ਼ਨ ਸਿੰਘ ਧਾਲੀਵਾਲ ਦੇ ਉਚ ਅਹੁਦਿਆਂ ਤੇ ਲਗੇ ਅਫ਼ਸਰ ਤੇ ਮਿੱਤਰ ਵੀ ਸਾਰੇ ਪੰਜਾਬ ਅਤੇ ਚੰਡੀਗੜ੍ਹ ਤੋਂ ਪਹੁੰਚ ਰਹੇ ਸਨ।

ਅਚਨਚੇਤ ਮੈਨੂੰ ਸੂਬੇਦਾਰ ਬਾਪੂ ਨੇ ਬੁਲਾਇਆ ਤੇ ਕੁਝ ਸਲਾਹ ਕਰਨ ਲਈ ਵਖਰਾ ਇਕ ਪਾਸੇ ਲੈ ਗਿਆ। ਬਾਪੂ ਕਹਿਣ ਲਗਾ, "ਰਤਨ, ਇਹ ਕੁੜੀ ਵਾਲੇ ਰਾਤ ਨੂੰ ਆਏ ਸਨ, ਫਿਰ ਆਪਣੇ ਘਰ ਨਹੀਂ ਜਾ ਸਕੇ, ਸਾਡੇ ਪਿੰਡ ਵਾਲੇ ਮਕਾਨ ਵਿਚ ਰਹੇ। ਲੜਕੀ ਵੀ ਉਥੇ ਰਹੀ, ਸਵੇਰੇ ਪਿੰਡ ਗਏ ਹਨ, ਸ਼ਗਨ ਲੈਣ ਲਈ। ਮੈਂ ਸੋਚਦਾ ਹਾਂ ਕਿ ਲੜਕੀ ਤਾਂ ਸਾਡੇ ਘਰ ਰਾਤ ਰਹਿ ਹੀ ਗਈ ਹੈ। ਇਕ ਵਾਰੀ ਹੀ ਸਾਡੇ ਘਰ ਆ ਜਾਣ ਨਾਲ, ਉਹ ਇਕ ਤਰ੍ਹਾਂ ਸਾਡੀ ਹੋ ਗਈ। ਉਸ ਨੂੰ ਨੂੰਹ ਬਣਾਉਣ ਦਾ ਫ਼ੈਸਲਾ ਤਾਂ ਕੀਤਾ ਹੀ ਹੋਇਆ ਹੈ। ਕਿਉਂ ਨਾ ਲੜਕੀ ਵਾਲਿਆਂ ਨੂੰ ਸੁਨੇਹਾ ਭੇਜ ਦੇਈਏ, ਕਿ ਉਹ ਲੜਕੀ ਨੂੰ ਆਪਣੇ ਨਾਲ ਲਿਆਉਣ, ਤੇ ਹੁਣੇ ਹੀ ਅਨੰਦ ਕਾਰਜ ਕਰ ਦੇਈਏ।"

ਮੈਂ ਕਿਹਾ, "ਬਾਪੂ ਜੀ, ਚਰਨਜੀਤ ਸਿੰਘ ਦੇ ਮਨ ਵਿਚ ਵੀ ਸੇਹਰੇ ਬੰਨ੍ਹਣ, ਘੋੜੀ



Sri Satguru Jagjit Singh Ji eLibrary NamdhariElibrary@gmail.com

ਚੜ੍ਹਨ, ਵਾਜੇ ਗਾਜੇ ਨਾਲ ਬਰਾਤ ਲਿਜਾਣ ਅਤੇ ਦੂਰੋਂ ਦੂਰੋਂ, ਦੇਸੋਂ ਪ੍ਰਦੇਸੋਂ ਆਪਣੇ ਯਾਰ ਬੇਲੀ ਬੁਲਾਉਣ ਦਾ ਚਾਅ ਹੋਵੇਗਾ। ਦਰਸ਼ਨ ਸਿੰਘ ਵੀ ਆਪਣੇ ਛੋਟੇ ਭਰਾ ਦੀ ਸ਼ਾਦੀ ਆਨ-ਸ਼ਾਨ ਨਾਲ ਕਰਨ ਦਾ ਇੱਛੁਕ ਹੋਵੇਗਾ। ਤੁਸੀਂ ਦੋਹਾਂ ਦੇ ਚਾਵਾਂ-ਮਲ੍ਹਾਰਾਂ ਤੇ ਕਿਓਂ ਪਾਣੀ ਫੇਰਨ ਲਗੇ ਹੋ ? ਉਨ੍ਹਾਂ ਤੋਂ ਪੁਛ ਲਿਆ ਜੇ ?

ਬਾਪੂ ਬੋਲਿਆ, "ਰਤਨ, ਤੈਨੂੰ ਪਤਾ ਹੀ ਹੈ ਕਿ ਮੇਰੇ ਪੁੱਤਰ, ਮੇਰੇ ਹਰ ਹੁਕਮ ਤੇ ਫੁਲ ਚੜ੍ਹਾਂਦੇ ਹਨ, ਮੇਰੀ ਮਰਜ਼ੀ ਦੇ ਖ਼ਿਲਾਫ਼ ਜਾ ਹੀ ਨਹੀਂ ਸਕਦੇ। ਮੈਂ ਉਨ੍ਹਾਂ ਦੇ ਤੇ ਆਪਣੀ ਘਰਵਾਲੀ ਦੇ ਕੰਨੋਂ ਕੱਢ ਦਿੰਦਾ ਹਾਂ। ਲੜਕੀ ਵਾਲਿਆਂ ਨੂੰ ਇਸ ਬਾਰੇ ਇਤਲਾਅ ਕਰ ਦੇਂਦੇ ਹਾਂ। ਤੂੰ ਕੀਰਤਨ ਜਾਰੀ ਰਖਵਾ, ਕਿਉਂਕਿ ਪ੍ਰੋਗਰਾਮ ਲੰਮਾ ਕਰਨਾ ਪਵੇਗਾ।"

ਮੈਂ ਫਿਰ ਕਿਹਾ, "ਬਾਪੂ ਜੀ, ਲੜਕੀ ਵਾਲਿਆਂ ਨੂੰ ਵੀ ਅਨੰਦ ਕਾਰਜ ਲਈ ਕੁਝ ਮੁਹਲਤ ਚਾਹੀਦੀ ਹੁੰਦੀ ਹੈ। ਉਨ੍ਹਾਂ ਨੇ ਵੀ ਆਪਣੇ ਵਿਤ ਅਨੁਸਾਰ, ਗਹਿਣੇ ਕਪੜੇ, ਬਰਤਨ, ਫ਼ਰਨੀਚਰ, ਦਾਜ ਆਦਿ ਦੀਆਂ ਹੋਰ ਵਸਤੂਆਂ ਤਿਆਰ ਕਰਨੀਆਂ ਹੁੰਦੀਆਂ ਹਨ। ਉਹ ਇਕ ਦਮ ਡੇਢ ਦੋ ਘੰਟਿਆਂ ਵਿਚ ਕਿਵੇਂ ਤਿਆਰੀ ਕਰਨਗੇ।"

ਬਾਪੂ ਬੜੀ ਦ੍ਰਿੜ੍ਹਤਾ ਤੇ ਦਲੇਰਾਨਾ ਆਵਾਜ਼ ਵਿਚ ਬੋਲਿਆ, "ਰਤਨ, ਮੈਂ ਦਾਜ ਬਿਲਕੁਲ ਨਹੀਂ ਲੈਣਾ, ਲੜਕੀ ਨੂੰ ਤਿੰਨਾਂ ਕਪੜਿਆਂ ਵਿਚ ਘਰ ਲਿਆਉਣਾ ਚਾਹੁੰਦਾ ਹਾਂ। ਗੁਰੂ ਨਾਨਕ ਨੇ ਅਗੇ ਹੀ ਸਾਡੇ ਤੇ ਏਨੀ ਅਪਾਰ ਕ੍ਰਿਪਾ ਕੀਤੀ ਹੋਈ ਹੈ ਕਿ ਭੰਡਾਰ ਭਰ ਦਿਤੇ ਹਨ। ਕਿਸੇ ਚੀਜ਼ ਦੀ ਘਾਟ ਨਹੀਂ, ਕਿਸੇ ਚੀਜ਼ ਦੀ ਭੁਖ ਨਹੀਂ। ਲੜਕੀ ਵਾਲਿਆਂ ਤੋਂ ਦਾਜ ਲੈ ਕੇ ਮੇਰੇ ਪਰਿਵਾਰ ਦੀ ਸੰਪਤੀ ਵਿਚ ਤਾਂ ਸ਼ਾਇਦ ਕੋਈ ਖਾਸ ਵਾਧਾ ਨਾ ਹੋਵੇ, ਲੜਕੀ ਵਾਲਿਆਂ ਨੂੰ ਜ਼ਰੂਰ ਕੁਝ ਘਾਟ ਪ੍ਰਤੀਤ ਹੋਵੇਗੀ। ਅਸਾਂ ਲੜਕੀ ਦਾ ਰਿਸ਼ਤਾ ਕੇਵਲ ਚੰਗੀ ਲੜਕੀ ਵੇਖ ਕੇ ਲਿਆ ਹੈ, ਉਨ੍ਹਾਂ ਦੀ ਜ਼ਮੀਨ ਜਾਇਦਾਦ ਦਾ ਖ਼ਿਆਲ ਨਹੀਂ ਕੀਤਾ ਤੇ ਨਾਹੀਂ ਪਤਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਲੜਕੀ ਵਾਲਿਆਂ ਤੇ ਨਾ ਕੋਈ ਬੋਝ ਪਵੇਗਾ, ਨਾ ਉਨ੍ਹਾਂ ਨੂੰ ਕੋਈ ਤਿਆਰੀ ਕਰਨੀ ਪਵੇਗੀ, ਤੇ ਨਾਹੀ ਲੋਕਾਂ ਦੀ ਫੋਕੀ ਵਾਹ ਵਾਹ, ਜਾਂ ਨੁਕਤਾਚੀਨੀ ਨਾਲ ਵਾਹ ਪਵੇਗਾ।"

ਲੜਕੀ ਵਾਲਿਆਂ ਨੂੰ ਇਸੇ ਤਰ੍ਹਾਂ ਦਾ ਸੰਦੇਸ਼ ਘਲ ਦਿਤਾ ਗਿਆ। ਉਹ ਹੈਰਾਨ ਰਹਿ ਗਏ ਤੇ ਕੁਝ ਪਰੇਸ਼ਾਨ ਵੀ ਹੋਏ, ਪਰ ਬਾਪੂ ਦਾ ਫ਼ੈਸਲਾ ਅਟਲ ਜਾਣ ਕੇ, ਮੰਨਣਾ ਹੀ ਪਿਆ। ਫਿਰ ਵੀ ਉਹ ਫਟਾਫਟ ਪਟਿਆਲੇ ਦੇ ਬਾਜ਼ਾਰਾਂ ਵਲ ਭਜੇ, ਜੋ ਅਜੇ ਖੁਲ੍ਹੇ ਵੀ ਨਹੀਂ ਸਨ। ਉਨ੍ਹਾਂ ਦੁਕਾਨਦਾਰਾਂ ਨੂੰ ਘਰੋਂ ਬੁਲਾ ਕੇ, ਲੜਕੀ ਨੂੰ ਰੇਡੀਮੇਡ ਸੁੰਦਰ ਸੂਟ ਪਹਿਨਾਇਆ ਤੇ ਸਰਾਫ਼ ਦੀ ਦੁਕਾਨ ਖੁਲ੍ਹਵਾ ਕੇ ਕੁਝ ਜ਼ੇਵਰ ਪਾ ਦਿਤੇ।

ਮੈਨੂੰ ਬਾਪੂ ਨੇ ਹੁਕਮ ਦਿਤਾ ਕਿ ਮੈਂ ਅਜੇ ਸੰਗਤ ਵਿਚ ਕੋਈ ਐਲਾਨ ਨਾ ਕਰਾਂ। ਸਾਰਾ ਪ੍ਰਬੰਧ ਸਿਰੇ ਚੜ੍ਹ ਜਾਣ ਤੇ ਹੀ ਐਲਾਨ ਕਰਾਂ। ਇਸ ਦੌਰਾਨ ਰਾਗੀ ਜੋ ਆਮ ਤੌਰ ਤੇ ਇਕ ਘੰਟਾ ਹੀ ਕੀਰਤਨ ਕਰਦੇ ਹਨ, ਮੈਨੂੰ ਬੁਲਾ ਕੇ ਕਹਿਣ ਲਗੇ, "ਰਤਨ ਜੀ ਸਮਾਂ ਕਾਫ਼ੀ ਹੋ ਰਿਹਾ ਹੈ, ਲੜਕੀ ਵਾਲਿਆਂ ਨੂੰ ਬੁਲਾ ਕੇ ਸ਼ਗਨ ਦੀ ਰਸਮ ਕਰਵਾਓ" ਮੈਂ ਉਨ੍ਹਾਂ ਨੂੰ ਤਸਲੀ ਦਿਤੀ ਕਿ ਲੜਕੀ ਵਾਲੇ ਬਸ ਆ ਹੀ ਰਹੇ ਹਨ, ਤੁਸੀਂ ਫ਼ਿਕਰ ਨਾ ਕਰੋ, ਇਕ ਦੋ ਸ਼ਬਦ ਹੋਰ ਪੜ੍ਹੋ।" ਪਰ ਮੇਰੇ ਮਨ ਵਿਚ ਚਿੰਤਾ ਸੀ



Sri Satguru Jagjit Singh Ji eLibrary NamdhariElibrary@gmail.com

ਕਿ ਲੜਕੀ ਵਾਲੇ ਤਾਂ ਸ਼ਾਇਦ ਘੰਟਾ ਡੇਢ ਘੰਟਾ ਹੋਰ ਵੀ ਨਾ ਆਉਣ, ਰਾਗੀਆਂ ਨੂੰ ਕਿਵੇਂ ਏਨੀ ਦੇਰ ਲਗਾਈ ਰਖੀਏ।

ਮੈਂ ਉਠ ਕੇ ਬਾਹਰ ਗਿਆ, ਅਤੇ ਦਰਸ਼ਨ ਸਿੰਘ, ਸੁਰਜੀਤ ਸਿੰਘ ਤੇ ਉਨ੍ਹਾਂ ਦੇ ਹੋਰ ਨਜ਼ਦੀਕੀ ਰਿਸ਼ਤੇਦਾਰ ਤੇ ਦੋਸਤ, ਜੋ ਬਾਹਰ ਖੜੋ ਕੇ ਲੜਕੀ ਵਾਲਿਆਂ ਨੂੰ ਉਡੀਕ ਰਹੇ ਸਨ, ਨੂੰ ਜਾ ਕੇ ਕਿਹਾ ਕਿ ਉਹ ਰਾਗੀ ਸਿੰਘਾਂ ਨੂੰ ਸ਼ਬਦ ਭੇਟ ਅਰਦਾਸੇ ਕਰਾਣੇ ਸ਼ੁਰੂ ਕਰ ਦੇਣ ਅਤੇ ਜਦੋਂ ਤਕ ਲੜਕੀ ਵਾਲੇ ਨਹੀਂ ਆਉਂਦੇ, ਰਾਗੀਆਂ ਨੂੰ ਸ਼ਬਦ ਭੇਟ ਆਉਂਦੀ ਹੀ ਰਹੇ। ਸੋ ਇਸੇ ਤਰ੍ਹਾਂ ਹੀ ਹੋਇਆ। ਥੋੜ੍ਹੇ-ਥੋੜ੍ਹੇ ਮਿੰਟਾਂ ਪਿਛੋਂ ਉਨ੍ਹਾਂ ਨੂੰ ਪੰਜਾਹ ਜਾਂ ਸੌ ਦਾ ਨੋਟ ਭੇਜ ਦਿਤਾ ਜਾਂਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਆਸ ਲਗ ਗਈ ਕਿ ਜਿਨ੍ਹਾਂ ਚਿਰ ਕੀਤਰਨ ਕਰਦੇ ਰਹਾਂਗੇ, ਮਾਇਆ ਵਰ੍ਹਦੀ ਰਹੇਗੀ ਤੇ ਸਾਨੂੰ ਸੈਂਕੜਿਆਂ ਨਹੀਂ ਹਜ਼ਾਰਾਂ ਦਾ ਫ਼ਾਇਦਾ ਹੋਵੇਗਾ, ਸੋ ਉਨ੍ਹਾਂ ਦੀ ਥਕਾਵਟ ਉਡ ਗਈ, ਗਲੇ ਅਗੇ ਨਾਲੋਂ ਵੀ ਤਾਜ਼ਾ ਹੋ ਗਏ ਤੇ ਉਹ ਬੜੇ ਉਤਸ਼ਾਹ ਨਾਲ ਕੀਤਰਨ ਕਰਦੇ ਰਹੇ।

ਇਕ ਘੰਟਾ ਹੋਰ ਲੰਘ ਗਿਆ। ਨੌਂ ਦੀ ਬਜਾਏ ਗਿਆਰਾਂ ਹੋ ਗਏ ਤੇ ਪਤਾ ਲਗਾ ਕਿ ਲੜਕੀ ਵਾਲੇ, ਲੜਕੀ ਸਮੇਤ ਬਾਹਰ ਕੋਠੀ ਦੇ ਵਡੇ ਲਾਨ ਵਿਚ ਪੁਜ ਗਏ ਹਨ। ਹੁਣ ਬਾਪੂ ਜੀ ਨੇ ਮੈਨੂੰ ਇਸ਼ਾਰਾ ਕੀਤਾ ਕਿ ਮੈਂ ਅਗਲੇ, ਨਵੇਂ ਅਨੋਖੇ ਪ੍ਰੋਗਰਾਮ ਦਾ ਐਲਾਨ ਕਰ ਦੇਵਾਂ। ਮੈਂ ਉਠ ਕੇ ਆਪਣੇ ਭਾਸ਼ਨ ਦੀ ਭੂਮਿਕਾ ਬੰਨ੍ਹੀ। ਆਈ ਸੰਗਤ ਦਾ ਧੰਨਵਾਦ ਕੀਤਾ, ਕਿ ਉਹ ਦੂਰੋਂ ਨੇੜਿਓਂ ਆ ਕੇ ਦੋ ਘੰਟੇ ਤੋਂ ਕੀਰਤਨ ਦਾ ਰਸ ਮਾਣ ਰਹੀ ਹੈ। ਪ੍ਰੋਗਰਾਮ ਵਿਚ ਦੇਰੀ ਹੋ ਜਾਣ ਦੀ ਖਿਮਾਂ ਵੀ ਮੰਗੀ। ਫਿਰ ਅਸਲ ਗੱਲ ਵਲ ਆਉਂਦਿਆਂ ਕਿਹਾ : "ਸੱਜਣੋ, ਹਰ ਮਾਤਾ ਪਿਤਾ ਦੀ ਖਾਹਿਸ਼ ਹੁੰਦੀ ਹੈ, ਕਿ ਉਹ ਆਪਣੇ ਬੱਚਿਆਂ ਦੀ ਸ਼ਾਦੀ ਵਧ ਚੜ੍ਹ ਕੇ, ਆਨ ਸ਼ਾਨ ਤੇ ਧੂਮ ਧਾਮ ਨਾਲ ਕਰੇ। ਵਿਆਹ ਵਾਲੇ ਦਿਨ ਤੋਂ ਹਫ਼ਤਾ ਪਹਿਲਾਂ ਹੀ ਠਾਕਾ, ਮੰਗਣੀ, ਸ਼ਗਨ, ਮਹਿੰਦੀ, ਸੇਹਰਾ ਬੰਦੀ, ਬਰਾਤ ਅਤੇ ਅਨੰਦ ਕਾਰਜ ਦੇ ਪ੍ਰੋਗਰਾਮ ਛੱਪ ਵੀ ਜਾਂਦੇ ਹਨ ਤੇ ਬਿਰੇ ਚੜ੍ਹਨੇ ਸ਼ੁਰੂ ਹੋ ਜਾਂਦੇ ਹਨ। ਲੜਕੇ ਵਾਲੇ ਵੀ ਫ਼ਾਲਤੂ ਖਰਚ ਕਰਦੇ ਹਨ ਤੇ ਲੜਕੀ ਵਾਲੇ ਤਾਂ ਵਿਤੋਂ ਵਧ ਖਰਚ ਕਰਕੇ ਲੜਕੇ ਵਾਲਿਆਂ ਨੂੰ ਤੇ ਬਰਾਤੀਆਂ ਨੂੰ ਖ਼ੁਸ਼ ਕਰਨ ਦਾ ਯਤਨ ਕਰਦੇ ਹਨ। ਜਿਨ੍ਹਾਂ ਪਾਸ ਪੈਸਾ ਬਹੁਤ ਹੁੰਦਾ ਹੈ, ਉਹ ਰਜ ਕੇ ਫ਼ਜ਼ੂਲ ਖਰਚੀ ਕਰਕੇ ਆਪਣੀ ਝੂਠੀ ਸ਼ਾਨ ਦਿਖਾਂਦੇ ਹਨ ਅਤੇ ਰਿਸ਼ਤੇਦਾਰਾਂ ਤੇ ਦੋਸਤਾਂ ਤੇ ਰੋਹਬ ਪਾਣ ਦਾ ਯਤਨ ਕਰਦੇ ਹਨ। ਆਪਣੇ ਪਾਸ ਕਾਫ਼ੀ ਧਨ ਹੋਣ ਦੇ ਬਾਵਜੂਦ ਵੀ ਦਾਜ ਦਾ ਲਾਲਚ ਰਖਦੇ ਹਨ। ਕਈ ਵਾਰੀ ਆਪਣੇ ਲੜਕੇ ਦੇ ਅਹੁਦੇ, ਦਾ ਮੁੱਲ ਵਟਦੇ ਹਨ ਤੇ ਉਸ ਦੀ ਪੜ੍ਹਾਈ ਤੇ ਲਗੀ ਰਕਮ ਵੀ ਵਸੂਲਣ ਦੀ ਕਮੀਨਗੀ ਦਿਖਾਂਦੇ ਹਨ। ਲੜਕੀ ਵਾਲੇ ਬਹੁਤ ਵਾਰੀ ਆਪਣੀ ਵਿਤ ਤੋਂ ਵਧ ਖਰਚ ਕਰਨ ਲਈ ਮਜਬੂਰ ਹੁੰਦੇ ਹਨ ਤੇ ਉਹ ਕਰਜ਼ਾ ਵੀ ਚੁਕ ਲੈਂਦੇ ਹਨ, ਜਾਇਦਾਦ ਤੇ ਜ਼ਮੀਨਾਂ ਗਿਰਵੀ ਵੀ ਰਖ ਦੇਂਦੇ ਹਨ ਤੇ ਕਈ ਵਾਰੀ ਵੇਚ ਵੀ ਦੇਂਦੇ ਹਨ। ਪਰ ਬਹੁਤ ਘਟ ਬੰਦੇ ਐਸੇ ਹਨ, ਜੋ ਹਰ ਤਰ੍ਹਾਂ ਦਾ ਲਾਲਚ ਤਿਆਗ ਕੇ, ਬਿਨਾਂ ਦਾਜ ਦਹੇਜ, ਬੱਚਿਆਂ ਦੀਆਂ ਸ਼ਾਦੀਆਂ ਕਰਨ, ਸਾਦਾ ਵਿਆਹ ਰਚਾਣ ਅਤੇ ਸਮਾਜ ਵਿਚ ਹੋਰਨਾਂ ਲਈ ਮਿਸਾਲ ਕਾਇਮ ਕਰਨ।"



Sri Satguru Jagjit Singh Ji eLibrary NamdhariElibrary@gmail.com

"ਸੂਬੇਦਾਰ ਬਾਪੂ ਕਰਤਾਰ ਸਿੰਘ ਜੀ ਧਾਲੀਵਾਲ ਅੱਜ ਉਹ ਮਿਸਾਲ ਕਾਇਮ ਕਰਨਾ ਚਾਹੁੰਦੇ ਹਨ। ਉਨ੍ਹਾਂ ਮਨ ਬਣਾਇਆ ਹੈ ਕਿ ਅੱਜ ਹੀ, ਬਿਨਾਂ ਸੇਹਰਾਬੰਦੀ, ਬਰਾਤ, ਜਾਂ ਬੈਂਡ ਬਾਜੇ ਦੇ, ਹੁਣੇ ਹੀ ਤੁਹਾਡੀ ਮੌਜੂਦੀ ਤੇ ਗੁਰੂ ਦੀ ਹਾਜ਼ਰੀ ਵਿਚ ਹੀ ਅਨੰਦ ਕਾਰਜ ਕਰ ਦਿਤਾ ਜਾਵੇ। ਇਸ ਤਰ੍ਹਾਂ ਤੁਹਾਨੂੰ ਦੁਬਾਰਾ ਆਣ ਦਾ ਕਸ਼ਟ ਵੀ ਨਹੀਂ ਹੋਵੇਗਾ। ਬਾਪੂ ਜੀ ਦਾ ਇਹ ਵੀ ਫ਼ੈਸਲਾ ਹੈ ਕਿ ਲੜਕੀ ਜਿਸ ਤਰ੍ਹਾਂ ਲਿਆਈ ਗਈ ਹੈ, ਉਸੇ ਤਰ੍ਹਾਂ ਤਿੰਨ ਕਪੜਿਆਂ ਵਿਚ ਡੋਲੀ ਲਈ ਜਾਵੇਗੀ। ਕੋਈ ਦਹੇਜ, ਜਾਂ ਕਿਸੇ ਸੂਰਤ ਵਿਚ ਹੋਰ ਕੋਈ ਚੀਜ਼, ਸੰਪਤੀ, ਗਹਿਣਾ, ਕਪੜਾ ਪ੍ਰਵਾਨ ਨਹੀਂ ਕੀਤਾ ਜਾਵੇਗਾ। ਅਨੰਦ ਕਾਰਜ ਤੋਂ ਪਹਿਲਾਂ ਸ਼ਗਨ ਦੀ ਰਸਮ ਵੀ ਹੁਣੇ ਹੀ ਅਦਾ ਕਰ ਦਿਤੀ ਜਾਵੇਗੀ। ਸ਼ਗਨ ਦੀ ਸੂਰਤ ਵਿਚ ਸੂਬੇਦਾਰ ਬਾਪੂ, ਲੜਕੀ ਦੇ ਪਿਤਾ ਪਾਸੋਂ ਕੇਵਲ ਇਕ ਰੁਪਿਆ ਨਕਦ ਸਵੀਕਾਰ ਕਰਨਗੇ, ਇਹ ਉਨ੍ਹਾਂ ਦਾ ਫ਼ੈਸਲਾ ਹੈ।"

ਲੜਕੀ ਦਾ ਪਿਤਾ, ਇਕ ਵੱਡਾ ਥਾਲ ਲੈ ਕੇ ਉਠਿਆ, ਜਿਸ ਵਿਚ ਉਸਨੇ ਸ਼ਾਇਦ ਇਕ ਲੱਖ ਜਾਂ ਕੁਝ ਘਟ-ਵਧ, ਨਵੇਂ ਨੋਟਾਂ ਦੇ ਬੰਡਲ ਸਜਾ ਕੇ ਲਿਆਂਦੇ ਹੋਏ ਸਨ। ਉਸ ਨੇ ਬਾਪੂ ਜੀ ਨੂੰ ਇਹ ਥਾਲ ਭੇਟ ਕਰਨ ਲਈ ਅਗੇ ਕੀਤਾ। ਪਰ ਸੂਬੇਦਾਰ ਬਾਪੂ ਬੋਲਿਆ, "ਮੈਂ ਸਿਰਫ ਇਕ ਰੁਪਿਆ ਲੈਣਾ ਹੈ, ਜੇ ਹੈ ਤਾਂ ਦੇ ਦੇ, ਥਾਲ ਵਾਪਸ ਲੈ ਜਾ।" ਲੜਕੀ ਦੇ ਪਿਤਾ ਨੇ ਬਥੇਰੀ ਬੇਨਤੀ ਕੀਤੀ, ਪਰ ਬਾਪੂ ਨਾ ਮੰਨਿਆ। ਆਖ਼ਰ ਉਸ ਨੂੰ ਨਕਦ ਇਕ ਰੁਪਿਆ (ਜਿਸ ਨੂੰ ਅਸੀਂ ਪੁਰਾਣੇ ਰੁਪਏ ਵਾਂਗ ਗਲਤੀ ਨਾਲ ਚਾਂਦੀ ਦਾ ਰੁਪਿਆ, ਕਹਿ ਦੇਂਦੇ ਹਾਂ) ਜੇਬ ਚੋਂ ਕੱਢ ਕੇ ਬਾਪੂ ਦੇ ਹੱਥ ਤੇ ਰਖਣਾ ਪਿਆ, ਜੋ ਬਾਪੂ ਨੇ ਬੜੀ ਨਿਮਰਤਾ ਨਾਲ ਜੈਕਾਰਿਆਂ ਦੀ ਗੂੰਜ ਵਿਚ ਸਵੀਕਾਰ ਕੀਤਾ।

ਇਸ ਪਿਛੋਂ ਲੜਕੇ ਚਰਨਜੀਤ ਸਿੰਘ ਨੂੰ, ਜੋ ਸੰਗਤ ਵਿਚ ਹੀ ਬੈਠਾ ਸੀ ਤੇ ਕਦੇ ਸੋਚ ਵੀ ਨਹੀਂ ਸੀ ਸਕਦਾ, ਕਿ ਉਸ ਦਾ ਵਿਆਹ, ਇਸ ਤਰ੍ਹਾਂ ਅਚਣਚੇਤ, ਤੁਰਤ-ਫੁਰਤ, ਬਿਨਾਂ ਸੇਹਰੇ, ਘੋੜੀ, ਬਰਾਤ, ਬੈਂਡ ਦੇ ਹੋਵੇਗਾ, ਬਾਪੂ ਨੇ ਬਾਹੋਂ ਫੜਕੇ ਉਠਾਇਆ ਤੇ ਥਾਪੜਾ ਤੇ ਅਸੀਸ ਦੇ ਕੇ, ਗੁਰੂ ਗ੍ਰੰਥ ਸਾਹਿਬ ਦੇ ਮੂਹਰੇ ਬਿਠਾ ਦਿਤਾ। ਲੜਕੀ ਸ਼ਰਨਜੀਤ ਕੌਰ ਨੂੰ ਵੀ, ਉਸ ਦੇ ਪਿਤਾ ਨੇ ਚਰਨਜੀਤ ਸਿੰਘ ਦੇ ਨਾਲ ਬਿਠਾ ਦਿਤਾ ਤੇ ਅਨੰਦ ਕਾਰਜ ਸ਼ੁਰੂ ਹੋਣ ਲਗਾ। ਰਾਗੀ ਸਿੰਘ ਹੈਰਾਨ ਸਨ, ਕਿ ਉਹ ਆਏ ਤਾਂ ਸ਼ਗਨ ਦੇ ਸਮਾਗਮ ਲਈ ਸਨ, ਪਰ ਇਥੇ ਤਾਂ ਅਨੰਦ ਕਾਰਜ ਵੀ ਨਾਲ ਹੀ ਹੋ ਰਿਹਾ ਹੈ। ਮੈਂ ਰਾਗੀ ਸਿੰਘਾਂ ਦੇ ਜਥੇਦਾਰ ਨੂੰ ਹੱਸ ਕੇ ਕਿਹਾ, "ਭਾਈ ਸਾਹਿਬ, ਇਹ ਟੂ ਇਨ ਵਨ ਹੋ ਗਿਆ ਹੈ, ਪਰ ਤੁਸੀਂ ਫ਼ਿਕਰ ਨਾ ਕਰੋ, ਅਨੰਦ ਕਾਰਜ ਕਰਾਉਣ ਦੀ ਭੇਟਾ ਤੁਹਾਨੂੰ ਵਖਰੀ ਲੈ ਦਿਆਂਗਾ।" ਹੈਡ ਰਾਗੀ ਹੱਸ ਪਿਆ ਤੇ ਉਸ ਨੇ 'ਕੀਤਾ ਲੋੜੀਏ ਕੰਮ ਸੁ ਹਰ ਪੇ ਆਖੀਏ" ਦਾ ਸ਼ਬਦ ਸ਼ੁਰੂ ਕਰਕੇ ਅਨੰਦ ਕਾਰਜ ਦਾ ਅਰੰਭ ਕਰ ਦਿਤਾ। ਮੈਂ ਰਸਮ ਪੂਰੀ ਕਰਦਿਆਂ ਗ੍ਰਹਿਸਤ ਧਰਮ ਦੀ ਵਿਸ਼ੇਸ਼ਤਾ ਤੇ ਗ੍ਰਹਿਸਤ ਜੀਵਨ ਚੰਗਾ ਬਿਤਾਣ ਲਈ ਕੁਝ ਨੀਯਮ ਦਸੇ ਅਤੇ ਕੁਝ ਹਾਸ ਵਿਅੰਗ ਦੀਆਂ ਗੱਲਾਂ ਕਰਕੇ, ਮਾਹੌਲ ਨੂੰ ਹਲਕਾ ਫੁਲਕਾ ਤੇ ਰੰਗੀਨ ਬਣਾਉਣ ਲਈ ਕਵਿਤਾ ਦੀਆਂ ਕੁਝ ਤੁਕਾਂ ਵੀ ਕਹਿ ਦਿਤੀਆਂ।

ਅਨੰਦ ਕਾਰਜ ਪਿਛੋਂ, ਸਭ ਨੇ ਇਕੱਠੇ ਪ੍ਰਸ਼ਾਦ ਛਕਿਆ। ਸਾਰਿਆਂ ਨੇ ਬਾਪੂ, ਉਸ ਦੇ ਪੁਤਰਾਂ, ਪਤਨੀ ਤੇ ਪਰਿਵਾਰ ਨੂੰ ਵਧਾਈਆਂ ਦਿਤੀਆਂ ਤੇ ਇਸ ਅਨੰਦ ਕਾਰਜ



Sri Satguru Jagjit Singh Ji eLibrary NamdhariElibrary@gmail.com

ਦੀ, ਰਜ ਕੇ ਪ੍ਰਸੰਸਾ ਕੀਤੀ, ਇਸ ਨੂੰ ਆਦਰਸ਼ ਵਿਆਹ ਕਿਹਾ, ਅਤੇ ਦੂਜਿਆਂ ਲਈ ਤੇ ਸਮਾਜ ਲਈ ਚਾਨਣ ਮੁਨਾਰਾ ਕਿਹਾ। ਪ੍ਰਸ਼ਾਦ ਛੱਕਣ ਪਿਛੋਂ ਲੜਕੀ ਵਾਲੇ ਆਪਣੇ ਪਿੰਡ ਪਰਤ ਗਏ, ਕਿਉਂਕਿ ਡੋਲੀ ਤਾਂ ਉਨ੍ਹਾਂ ਟੋਰਨੀ ਹੀ ਨਹੀਂ ਸੀ। ਲੜਕੀ ਤਾਂ ਪਹਿਲੋਂ ਹੀ ਆਪਣੇ ਸਹੁਰੇ ਆਈ ਬੈਠੀ ਸੀ।

ਦੂਸਰੇ ਦਿਨ ਬਾਪੂ ਜੀ ਤੇ ਸਾਰਾ ਪਰਿਵਾਰ ਸ਼ਾਮ ਨੂੰ ਲੜਕੀ ਵਾਲਿਆਂ ਦੇ ਪਿੰਡ ਗਏ। ਮੈਂ ਵੀ ਨਾਲ ਸੀ, ਉਥੇ ਹੀ ਪ੍ਰਸ਼ਾਦਿ ਛਕਿਆ ਤੇ ਹਸਦੇ ਖੇਡਦੇ ਰਾਤ ਨੂੰ ਵਾਪਸ ਆ ਗਏ। ਲੜਕੀ ਲੜਕਾ, ਉਨ੍ਹਾਂ ਦੀ ਬੇਨਤੀ ਤੇ ਇਕ ਦਿਨ ਲਈ ਉਥੇ ਰਹਿ ਗਏ। ਚਰਨਜੀਤ ਸਿੰਘ ਤੇ ਉਸਦੀ ਪਤਨੀ ਸ਼ਰਨਜੀਤ ਕੌਰ ਅੱਜ ਕਲ੍ਹ ਅਮਰੀਕਾ ਦਰਸ਼ਨ ਸਿੰਘ ਦੇ ਕੋਲ ਹੀ ਰਹਿੰਦੇ ਹਨ ਤੇ ਪਰਿਵਾਰ ਦੇ ਬਾਕੀ ਜੀਆਂ ਵਾਂਗ ਇੰਡੀਆ ਤੇ ਅਮਰੀਕਾ ਵਿਚ ਆਂਦੇ ਜਾਂਦੇ ਰਹਿੰਦੇ ਹਨ।

ਬਾਪੂ ਦੇ ਪਰਿਵਾਰ ਵਿਚ ਇਕ ਵਡੀ ਸਿਫ਼ਤ ਇਹ ਹੈ ਕਿ ਪਰਿਵਾਰ ਦੇ ਸਾਰੇ ਜੀਆਂ ਵਿਚ ਪੂਰਨ ਏਕਤਾ, ਪਰਸਪਰ ਪਿਆਰ ਤੇ ਮਿਲਵਤਰਣ ਹੈ। ਇਕ ਦੂਜੇ ਦੀ ਗੱਲ ਮੰਨਦੇ ਹਨ। ਜਿਵੇਂ ਵਡਾ ਪੁਤਰ ਦਰਸ਼ਨ ਸਿੰਘ ਆਪਣੇ ਪਿਤਾ ਦਾ ਆਗਿਆਕਾਰੀ ਸੀ ਤੇ ਹਰ ਹੁਕਮ ਮੰਨਦਾ ਤੇ ਉਨ੍ਹਾਂ ਦੀ ਹਰ ਗੱਲ ਦਾ ਪੂਰਾ-ਪੂਰਾ ਖਿਆਲ ਰਖਦਾ ਸੀ, ਇਸੇ ਤਰ੍ਹਾਂ ਉਸ ਦੇ ਦੋਵੇਂ ਛੋਟੇ ਭਰਾ ਵੀ ਉਸ ਦਾ ਹਰ ਹੁਕਮ ਮੰਨਦੇ ਹਨ। ਉਸ ਦਾ ਵਡਾ ਭਰਾ ਹੋਣ ਨਾਤੇ ਪੂਰਾ-ਪੂਰਾ ਸਤਿਕਾਰ ਕਰਦੇ ਹਨ। ਤਿੰਨ ਭਰਾਵਾਂ ਦੀਆਂ ਪਤਨੀਆਂ ਜਿਥੇ ਵਡਿਆਂ ਦਾ ਹੁਕਮ ਮੰਨਦੀਆਂ ਤੇ ਰੋਜ਼ ਮੱਥਾ ਟੇਕਦੀਆਂ ਹਨ, ਉਥੇ ਇਕ ਦੂਜੇ ਨਾਲ ਵੀ ਪਿਆਰ ਰਖਦੀਆਂ ਹਨ। ਕੋਈ ਕਿਸੇ ਨਾਲ ਈਰਖਾ ਨਹੀਂ ਰਖਦੀ ਤੇ ਨਾ ਹੀ ਕੋਈ ਇਕ ਦੂਜੇ ਦੀ ਚੁਗਲੀ ਨਿੰਦਾ ਕਰਦੀ ਹੈ। ਇਸ ਦੇ ਦੋ ਕਾਰਨ ਹੋ ਸਕਦੇ ਹਨ, ਇਕ ਤਾਂ ਇਹ ਕਿ ਕਿਸੇ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਤੇ ਉਨ੍ਹਾਂ ਦੇ ਬੱਚਿਆਂ ਦੀ ਦੇਖ ਭਾਲ, ਪੜ੍ਹਾਈ ਆਦਿ, ਇਕੋ ਜਿਹੀ ਹੁੰਦੀ ਹੈ, ਤੇ ਦੂਸਰੀ ਵਜ੍ਹਾ ਸ਼ਾਇਦ ਇਹ ਵੀ ਹੋਵੇ ਕਿ ਭਰਾਵਾਂ ਵਿਚ ਇਤਨਾ ਪਿਆਰ ਹੈ ਕਿ ਕਿਸੇ ਦੀ ਪਤਨੀ ਵੀ, ਆਪਣੇ ਪਤੀ ਦੇ ਭਰਾ, ਉਸ ਦੀ ਪਤਨੀ ਜਾਂ ਬੱਚਿਆਂ ਬਾਰੇ ਕੋਈ ਅਣਸੁਖਾਵੀਂ ਗੱਲ ਕਹਿਣ ਦੀ ਜੁਰੱਤ ਹੀ ਨਹੀਂ ਕਰ ਸਕਦੀ। ਇਹੋ ਜਿਹੇ ਪਰਿਵਾਰ, ਸਾਡੇ ਸਮਾਜ ਵਿਚ ਕੋਈ ਵਿਰਲੇ-ਵਿਰਲੇ ਹੀ ਹਨ, ਨਹੀਂ ਤਾਂ ਆਮ ਕਹਾਵਤ ਤਾਂ ਇਹ ਹੈ ਕਿ ਪਰਾਈਆਂ ਧੀਆਂ ਆ ਕੇ ਭਰਾਵਾਂ ਵਿਚ ਵੀ ਦੁਫੇੜ ਪਾ ਦਿੰਦੀਆਂ ਹਨ। ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਾਪੂ ਦੀਆਂ ਨੂੰਹਾਂ, ਆਪਣੇ ਪੇਕੇ ਘਰਾਂ ਨਾਲੋਂ, ਏਥੇ ਬਹੁਤ ਸੁਖੀ ਹਨ, ਤੇ ਇਸ ਘਰ ਵਿਚ ਵਿਆਹੇ ਜਾਣਾ ਉਹਨਾਂ ਦੇ ਚੰਗੇ ਭਾਗਾਂ ਦੀ ਗੱਲ ਹੈ। ਦਰਸ਼ਨ ਸਿੰਘ ਵੱਡਾ ਭਰਾ ਹੋਣ ਦੇ ਨਾਤੇ, ਆਪਣੇ ਛੋਟੇ ਭਰਾਵਾਂ, ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਦਾ ਪੂਰਾ ਪੂਰਾ ਖ਼ਿਆਲ ਰਖਦਾ ਹੈ, ਹਰ ਸਹੂਲੀਅਤ ਮੁਹੱਈਆ ਕਰਦਾ ਹੈ ਤੇ ਉਨ੍ਹਾਂ ਦੇ ਬੱਚਿਆਂ ਦੇ ਪਾਲਨ ਪੋਸਣ, ਵਿਦਿਆ ਤੇ ਸੇਹਤ ਦਾ ਆਪਣੇ ਬੱਚਿਆਂ ਨਾਲੋਂ ਵਧ ਕੇ ਧਿਆਨ ਰਖਦਾ ਹੈ।

ਦਰਸ਼ਨ ਸਿੰਘ ਦਾ ਨਾਮ, ਅਮਰੀਕਾ ਵਿਚ ਤੇ ਪੰਜਾਬ ਵਿਚ ਇਕੋ ਜਿਹਾ ਚਮਕ ਰਿਹਾ ਹੈ। ਉਹ ਆਪਣੀ ਸਟੇਟ ਵਿਚ ਵਜ਼ੀਰ ਹੈ। ਅਮਰੀਕਾ ਦਾ ਪ੍ਰਧਾਨ ਕਲਿੰਟਨ ਉਸ ਦੇ ਘਰ ਜਾਂਦਾ ਹੈ। ਸਟੇਟਾਂ ਦੇ ਗਵਰਨਰ, ਬੈਂਕਾਂ ਦੇ ਚੇਅਰਮੈਨ, ਦੇਸ ਪ੍ਰਦੇਸ਼ ਦੇ



Sri Satguru Jagjit Singh Ji eLibrary NamdhariElibrary@gmail.com

ਨੇਤਾ, ਸੰਤ ਮਹਾਤਮਾ ਤੇ ਬਿਓਪਾਰੀ ਉਸ ਦੇ ਘਰ ਜਾ ਕੇ ਖੁਸ਼ੀ ਪ੍ਰਤੀਤ ਕਰਦੇ ਹਨ। ਉਹ ਪੰਜਾਬੀ ਲੇਖਕਾਂ ਦਾ ਮੇਹਰਬਾਨ ਸਰਪ੍ਰਸਤ ਤੇ ਮਿਤਰ, ਹਰ ਆਏ ਮਹਿਮਾਨ ਨੂੰ ਖਿੜੇ ਮਥੇ ਮਿਲਣ ਤੇ ਮਹਿਮਾਨ ਨਵਾਜ਼ੀ ਕਰਨ ਵਾਲਾ, ਹਰ ਪ੍ਰਕਾਰ ਦੀ ਸੇਵਾ ਕਰਨ ਵਾਲਾ, ਦਾਨੀ, ਦਾਨਾ ਤੇ ਪਰ-ਕਸ਼ਸ਼ ਵਿਅਕਤੀ ਹੈ, ਪਰ ਇਸ ਸਭ ਕੁਝ ਦੇ ਪਿਛੇ, ਉਸ ਦੇ ਮਹਾਨ ਪਿਤਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਦੀ ਪਵਿਤਰ ਸ਼ਖ਼ਸੀਅਤ, ਭਗਤੀ, ਉਚ ਆਚਰਨ ਅਤੇ ਗੁਰੂ ਨਾਨਕ ਨਾਮ ਦੀ ਉਚੀ ਸ਼ਰਧਾ ਤੇ ਵਿਸ਼ਵਾਸ ਹੈ। ਇਹੀ ਕਾਰਨ ਹੈ ਜਿਥੇ ਵੀ ਕੁਝ ਦੇਣਾ ਹੋਵੇ, ਐਵਾਰਡ ਸਥਾਪਤ ਕਰਨੇ ਹੋਣ, ਜਾਂ ਕੋਈ ਸੰਸਥਾ ਜਾਂ ਟਰੱਸਟ ਕਾਇਮ ਕਰਨਾ ਹੋਵੇ, ਉਹ ਆਪਣਾ ਨਾਮ ਨਹੀਂ, ਆਪਣੇ ਪਿਤਾ ਦਾ ਨਾਮ ਦੇਂਦਾ ਹੈ, ਉਨ੍ਹਾਂ ਨੂੰ ਹੀ ਅਗੇ ਕਰਦਾ ਹੈ ਤੇ ਉਨ੍ਹਾਂ ਦੀ ਇਜ਼ਤ ਮਾਣ ਨੂੰ ਆਪਣਾ ਇਜ਼ਤ ਮਾਣ ਸਮਝਦਾ ਹੈ।

ਪਿਛਲੇ ਸਾਲ 1996 ਵਿਚ ਉਸਨੇ ਵਿਸਕਾਨਸਨ ਯੂਨੀਵਰਸਿਟੀ ਮਿਲਵਾਕੀ ਵਿਚ ਦਸ ਲਖ ਡਾਲਰ ਦੇ ਕੇ ਆਪਣੇ ਪਿਤਾ ਦੇ ਨਾਮ ਤੇ ਕਰਤਾਰ ਸਿੰਘ ਧਾਲੀਵਾਲ ਪ੍ਰੋਫ਼ੈਸਰਸ਼ਿਪ ਫ਼ਾਰ ਇੰਡੀਅਨ ਸਟੱਡੀਜ਼" ਦੀ ਚੇਅਰ ਕਾਇਮ ਕਰਵਾਈ ਹੈ, ਜਿਸ ਵਿਚ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਦੇ ਅਧਿਐਨ ਤੇ ਕੰਮ ਹੋਵੇਗਾ, ਤੇ ਹਰ ਸਾਲ ਪੰਜਾਬ ਦੇ ਪੰਜ ਵਿਦਿਆਰਥੀ ਵਜ਼ੀਫ਼ਾ ਲੈ ਕੇ ਇਥੇ ਪੜ੍ਹਨ ਵੀ ਆਇਆ ਕਰਨਗੇ। ਇਨ੍ਹਾਂ ਸਤਰਾਂ ਦਾ ਲੇਖਕ 18 ਅਗਸਤ 1996 ਨੂੰ ਇਹ ਚੇਅਰ ਕਾਇਮ ਹੋਣ ਸਮੇਂ ਉਥੋਂ ਮੌਜੂਦ ਸੀ। ਹਰ ਦੋ ਸਾਲ ਬਾਅਦ ਇਹ ਚੇਅਰ ਉਥੇ ਵਖ ਵਖ ਵਿਸ਼ਿਆਂ ਤੇ ਸੈਮੀਨਾਰ ਭੀ ਕਰਵਾਇਆ ਕਰੇਗੀ। ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਣ ਦਾ ਸੇਹਰਾ ਭੀ ਇਸੇ ਦੇ ਸਿਰ ਹੈ।

ਗੁਸਾਈਂ ਤੁਲਸੀ ਦਾਸ ਦੇ ਇਸ ਕਥਨ ਨੂੰ "ਜਿਨ ਮਾਤ ਪਿਤਾ ਕੀ ਸੇਵ ਕਰੀ, ਤਿਨ ਤੀਰਥ ਬਰਤ ਕੀਏ ਨਾ ਕੀਏ॥ ਦਰਸ਼ਨ ਸਿੰਘ ਨੇ ਅਮਲ ਵਿਚ ਲਿਆਂਦਾ ਹੋਇਆ ਹੈ। ਬਾਪੂ ਦੀ ਮੌਜੂਦਗੀ ਉਸ ਦੇ ਤੇ ਸਾਰੇ ਪਰਿਵਾਰ ਦੇ ਸਿਰ ਤੇ ਘਣਛਾਵੇਂ ਬੋਹੜ ਦੀ ਛਾਂ ਵਰਗੀ ਸੀ। ਬਾਪੂ ਦੀ ਹਸਤੀ ਐਸਾ ਚਾਨਣ ਸੀ, ਜੋ ਉਸ ਦੇ ਪਰਿਵਾਰ ਦੇ ਕਿਸੇ ਜੀਅ ਨੂੰ ਕੁਰਾਹੇ ਨਹੀਂ ਪੈਣ ਦੇਂਦਾ, ਹਨੇਰੇ ਵਲ ਨਹੀਂ ਜਾਣ ਦੇਂਦਾ ਤੇ ਸਦਾ ਮਾਰਗ ਦਰਸ਼ਨ ਕਰਦਾ ਹੈ। ਐਸਾ ਪਿਓ ਤੇ ਐਸੇ ਪੁਤਰ ਪਿਛਲੇ ਜਨਮਾਂ ਵਿਚ ਕੀਤੇ ਚੰਗੇ ਕਰਮਾਂ, ਜਾਂ ਗੁਰੂ ਨਾਨਕ ਦੀ ਅਪਾਰ ਬਖਸ਼ਸ਼ ਨਾਲ ਹੀ ਇਸ ਜਨਮ ਵਿਚ ਇਕੱਠੇ ਹੁੰਦੇ ਸਨ। ਇਸ ਪਰਿਵਾਰ ਵਿਚ ਰਹਿ ਕੇ ਨੇੜਿਓਂ ਵੇਖ ਕੇ, ਮੂੰਹੋਂ ਇਹੋ ਕੁਝ ਨਿਕਲਦਾ ਹੈ ਕਿ ਪੁਤਰ ਹੋਣ ਤਾਂ ਦਰਸ਼ਨ ਸਿੰਘ, ਸਰਜੀਤ ਸਿੰਘ ਤੇ ਚਰਨਜੀਤ ਸਿੰਘ ਵਰਗੇ, ਭਰਾ ਹੋਣ ਤਾਂ ਵੀ ਇਨ੍ਹਾਂ ਤਿੰਨਾਂ ਵਰਗੇ, ਤੇ ਮਾਂ ਹੋਵੇ ਤਾਂ ਬੇਬੇ ਵਰਗੀ, ਪਿਤਾ ਹੋਵੇ ਤਾਂ ਸੂਬੇਦਾਰ ਕਰਤਾਟ ਸਿੰਘ ਧਾਲੀਵਾਲ 'ਬਾਪੂ' ਵਰਗਾ, ਜਿਨ੍ਹਾਂ ਤੇ ਗੁਰਬਾਣੀ ਦੀ ਇਹ ਤੁਕ ਪੂਰੀ ਤਰ੍ਹਾਂ ਢੁਕਦੀ ਹੈ :

"ਹੈਨ ਵਿਰਲੇ ਨਾਂਹੀ ਘਣੇ, ਫੈਲ-ਫਕੜ ਸੰਸਾਰ॥



Sri Satguru Jagjit Singh Ji eLibrary NamdhariElibrary@gmail.com

# ਕਥਨੀ ਤੇ ਕਰਨੀ ਦਾ ਸੂਰਾ

ਬਾਪੂ ਕਰਤਾਰ ਸਿੰਘ ਜੀ ਦਾ ਇਸ ਲੇਖਕ ਨਾਲ ਬੜਾ ਪਿਆਰ ਸੀ। ਮੈਂ ਬਹੁਤ ਵਾਰੀ ਅਮਰੀਕਾ ਵਿਚ ਦਰਸ਼ਨ ਸਿੰਘ ਦੇ ਪਾਸ ਵੀ ਕਈ ਕਈ ਮਹੀਨੇ ਉਨ੍ਹਾਂ ਦੇ ਨਾਲ ਰਿਹਾ। ਪਿੰਡ ਰਖੜਾ ਵਿਚ ਮੈਂ ਦਰਸ਼ਨ ਸਿੰਘ ਦੇ ਆਣ ਤੇ, ਅਤੇ ਅਗੇ ਪਿਛੇ ਵੀ ਜਾਂਦਾ ਰਹਿੰਦਾ ਸਾਂ ਤੇ ਉਨ੍ਹਾਂ ਦੀ ਸੰਗਤ ਦਾ ਰਸ ਮਾਣਦਾ ਸਾਂ। ਕਈ ਵਾਰੀ ਉਹ ਮੈਨੂੰ ਫੋਨ ਤੇ ਕਹਿ ਦੇਂਦੇ ਸਨ, "ਰਤਨ ਤੂੰ ਬਹੁਤ ਦਿਨਾਂ ਤੋਂ ਨਹੀਂ ਆਇਆ, ਮੈਨੂੰ ਆ ਕੇ ਮਿਲ ਜਾ।" ਮੈਂ ਪੁਜ ਜਾਂਦਾ ਸਾਂ। ਉਹ ਮੇਰੇ ਨਾਲ ਪਰਿਵਾਰ ਦੀ ਹਰ ਗੱਲ ਕਰ ਲੈਂਦੇ ਸਨ। ਜਦੋਂ ਸਵੇਰੇ ਸ਼ਾਮ ਅਸੀਂ ਇਕੱਠੇ ਸੈਰ ਤੇ ਜਾਂਦੇ ਸਨ, ਤਾਂ ਉਹ ਮੈਥੋਂ ਗੁਰੂਆਂ ਤੇ ਹੋਰ ਮਹਾਂਪੁਰਸ਼ਾਂ ਦੀਆਂ ਸਾਖੀਆਂ ਸੁਣਦੇ ਰਹਿੰਦੇ ਸਨ। ਮੈਨੂੰ ਕਹਿੰਦੇ ਸਨ ਕਿ ਮੈਂ ਕੋਈ ਬਹੁਤ ਵਡਾ ਕੰਮ ਕਰਨਾ ਚਾਹੁੰਦਾ ਹਾਂ, ਭਾਵੇਂ ਮੈਨੂੰ ਦੋ ਸੌ ਏਕੜ ਜ਼ਮੀਨ ਹੀ ਕਿਉਂ ਨਾ ਵੇਚਣੀ ਪਵੇ, ਪਰ ਅਜੇ ਉਹਨਾਂ ਨੂੰ ਕੋਈ ਤਜਵੀਜ਼ ਜਚੀ ਹੀ ਨਹੀਂ ਸੀ।

ਦੁਘਾਟ ਪਿੰਡ ਦੇ ਗਿਆਨੀ ਸੁਰਜੀਤ ਸਿੰਘ, ਜੋ ਕਿਸੇ ਜ਼ਮਾਨੇ ਵਿਚ ਪੰਚਾਇਤ ਦੇ ਸੈਕ੍ਰੇਟਰੀ ਰਹਿਣ ਕਰਕੇ, ਸੈਕ੍ਰੇਟਰੀ ਜੀ ਕਰਕੇ ਮਸ਼ਹੂਰ ਹਨ, ਤੇ ਅਜ ਕਲ੍ਹ ਬਾਪੂ ਜੀ ਦੇ ਸਪੁਤਰ ਸੁਰਜੀਤ ਸਿੰਘ ਧਾਲੀਵਾਲ ਪਾਸ ਹੀ ਕੰਮ ਕਰਦੇ ਹਨ, ਨੇ ਮੈਨੂੰ ਬਾਪੂ ਜੀ ਬਾਰੇ, ਇਕ ਦੋ ਚਸ਼ਮਦੀਦ ਗੱਲਾਂ ਦਸੀਆਂ।

ਇਕ ਦਿਨ ਬਾਪੂ ਜੀ ਨੇ ਪਿੰਡ ਦੇ ਇਕ ਹਰੀਜਨ ਨੂੰ ਫੌਰੀ ਤੌਰ ਤੇ ਇਕ ਕੰਮ ਕਰਨ ਲਈ ਕਿਹਾ, ਪਰ ਉਹ ਟਾਲ-ਮਟੋਲ ਕਰ ਗਿਆ ਤੇ ਕੰਮ ਨਾ ਕੀਤਾ। ਬਾਪੂ ਜੀ ਨੇ ਥੋੜ੍ਹਾ ਮਹਿਸੂਸ ਤਾਂ ਕੀਤਾ ਪਰ ਚੁਪ ਕਰ ਗਏ। ਕੁਝ ਦਿਨਾਂ ਬਾਅਦ ਉਹ ਬੰਦਾ ਸਖ਼ਤ ਬੀਮਾਰ ਹੋ ਗਿਆ ਤੇ ਉਸਦੀ ਖ਼ਰਾਬ ਹਾਲਤ ਵੇਖ ਕੇ ਉਸਦੇ ਪਰਿਵਾਰ ਨੇ ਫੈਸਲਾ ਕੀਤਾ ਕਿ ਇਸ ਨੂੰ ਫੋਰਨ, 16 ਕਿਲੋਮੀਟਰ ਦੂਰ ਪਟਿਆਲੇ ਦੇ ਵੱਡੇ ਹਸਪਤਾਲ ਪੁਚਾਇਆ ਜਾਵੇ। ਉਹਨਾਂ ਪਾਸ ਕੋਈ ਸਾਧਨ ਨਹੀਂ ਸੀ, ਉਹ ਬਾਪੂ ਪਾਸ ਆਏ ਤੇ ਕਹਿਣ ਲੱਗੇ ਕਿ ਇਸਨੂੰ ਟਰੈਕਟਰ ਪਿਛੇ ਟਰਾਲੀ ਲਗਾ ਕੇ, ਟਰਾਲੀ ਵਿਚ ਲੰਮਾ ਪਾ ਕੇ ਹਸਪਤਾਲ ਪੁਚਾਣਾ ਹੈ, ਤੁਸੀਂ ਆਪਣਾ ਟਰੈਕਟਰ ਟਰਾਲੀ ਦਿਓ। ਜੇ ਛੇਤੀ ਹਸਪਤਾਲ ਲੈ ਜਾਈਏ ਤਾਂ ਇਹ ਸ਼ਾਇਦ ਬਚ ਜਾਵੇ।

ਬਾਪੂ ਦਾ ਇਕ ਪੁਤਰ ਜਿਸ ਨੂੰ ਇਸ ਬੰਦੇ ਤੇ ਬੜਾ ਗੁੱਸਾ ਸੀ, ਕਿਉਂਕਿ ਉਸ ਨੇ ਬਾਪੂ ਦੀ ਗੱਲ ਨਹੀਂ ਸੀ ਮੰਨੀ, ਗੁੱਸੇ ਨਾਲ ਕਹਿਣ ਲਗਾ, "ਇਹ ਬੰਦਾ ਗੰਦਾ ਆਦਮੀ ਹੈ, ਸਾਡੇ ਕਦੇ ਕੰਮ ਨਹੀਂ ਆਇਆ। ਇਹ ਜੀਵੇ ਜਾਂ ਮਰੇ, ਸਾਨੂੰ ਕੀ ? ਅਸੀਂ



Sri Satguru Jagjit Singh Ji eLibrary NamdhariElibrary@gmail.com

ਇਸ ਨੂੰ ਹਸਪਤਾਲ ਨਹੀਂ ਪੁਚਾਣਾ, ਕਿਸੇ ਹੋਰ ਪਾਸ ਜਾਓ। ਇਹ ਗੱਲ ਸੁਣਕੇ ਉਸਦੇ ਪਰਿਵਾਰ ਦੇ ਜੀਅ ਕਹਿਣ ਲਗੇ, ਕਿ ਬਾਪੂ ਸੰਤ ਜੀਵਨ ਵਾਲਾ ਹੈ, ਇਹ ਸਿਰਫ ਅਰਦਾਸ ਹੀ ਕਰ ਦੇਵੇ। ਬਾਪੂ ਨੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ ਤੂੰ ਸਾਡੇ ਵਰਗਿਆਂ ਨੂੰ ਟਰੈਕਟਰ ਤੇ ਟਰਾਲੀਆਂ ਦੇ ਦਿਤੀਆਂ ਹਨ, ਇਹ ਉਹਨਾਂ ਨੂੰ ਦਿਆ ਕਰ, ਜੋ ਦੂਜਿਆਂ ਦੇ ਕੰਮ ਆਵਨ" ਬੱਚੇ ਬਾਪੂ ਦੀ ਰਮਜ਼ ਸਮਝ ਗਏ, ਆਪਣੀ .ਗਲਤੀ ਮੰਨੀ ਤੇ ਉਸ ਗਰੀਬ ਹਰੀਜਨ ਨੂੰ ਹਸਪਤਾਲ ਦਾਖ਼ਲ ਕਰਵਾ ਆਏ ?

ਗਿਆਨੀ ਨੇ ਮੈਨੂੰ ਇਕ ਹੋਰ ਵਾਕਿਆ ਭੀ ਦਸਿਆ, ਕਿ ਗਊਸ਼ਾਲਾ ਵਾਲੇ ਬਾਪੂ ਪਾਸ ਆਏ ਤੇ ਕਿਹਾ ਕਿ ਅਸਾਂ ਗਊਸ਼ਾਲਾ ਲਈ ਇਕ ਟਰਾਲੀ ਲੈਣੀ ਹੈ, ਕੁਝ ਚੰਦਾ ਦਿਓ। ਬਾਪੂ ਨੇ ਆਪਣੀ ਟਰਾਲੀ ਵਲ ਉਂਗਲ ਕਰਕੇ ਕਿਹਾ, "ਇਹ ਮੇਰੀ ਟਰਾਲੀ ਲੈ ਜਾਓ ਤੇ ਗਊਆਂ ਦੀ ਸੇਵਾ ਕਰੋ। ਤੁਹਾਨੂੰ ਹੋਰ ਟਰਾਲੀ ਬਣਾਵਣ ਵਿਚ ਕਈ ਦਿਨ ਲਗ ਜਾਣਗੇ। ਤੁਸੀਂ ਇਹ ਲੈ ਜਾਓ, ਮੈਂ ਹੋਰ ਲੈ ਲਵਾਂਗਾ।"

ਬਾਪੂ ਦੀ ਜ਼ਬਾਨ ਤੇ ਸਦਾ ਗੁਰੂ ਨਾਨਕ ਦਾ ਨਾਮ ਰਹਿੰਦਾ ਸੀ। ਇਸ ਲਈ ਲੋਕ ਦਿਲੋਂ ਬਾਪੂ ਨੂੰ ਸੱਚਾ ਸੰਤ ਤੇ ਮਹਾਂਪੁਰਸ਼ ਮੰਨਦੇ ਸਨ, ਤੇ ਕਹਿੰਦੇ ਸਨ, ਕਿ ਬਾਪੂ ਦੇ ਮੂੰਹੋਂ ਜੋ ਵਾਕ ਲਿਕਲਦਾ ਹੈ, ਉਹ ਸਤਿ ਹੁੰਦਾ ਹੈ। ਇਹ ਸੱਚਾ ਭਗਤ ਤੇ ਸਾਧੂ ਹੈ, ਇਸ ਦਾ ਬੋਲਿਆ ਬਿਰਥਾ ਨਹੀਂ ਜਾਂਦਾ। ਬਾਣੀ ਵੀ ਕਹਿੰਦੀ ਹੈ :

ਸਾਧੂ ਬੋਲੇ ਸਹਿਜ ਸੁਭਾਇ
ਸਾਧ ਕਾ ਬੋਲਿਆ ਬ੍ਰਿਥਾ ਨਾ ਜਾਇ॥

ਬਾਪੂ ਜੀ ਹਰ ਸਾਲ ਆਪਣੇ ਲੜਕੇ ਦਰਸ਼ਨ ਸਿੰਘ ਪਾਸ ਅਮਰੀਕਾ ਜਾਇਆ ਕਰਦੇ ਸਨ। ਇਕ ਪਤੀ ਪਤਨੀ ਉਨ੍ਹਾਂ ਨੂੰ ਹਰ ਸਾਲ ਮਿਲਣ ਆਂਦੇ ਸਨ ਤੇ ਇਸ ਗਲ ਦਾ ਰੋਣਾ ਰੋਂਦੇ ਸਨ ਕਿ ਉਨ੍ਹਾਂ ਦੀ ਕੋਈ ਔਲਾਦ ਨਹੀਂ। ਬਹੁਤ ਇਲਾਜ ਕਰਵਾਏ ਹਨ, ਪਰ ਨਤੀਜਾ ਕੁਝ ਨਹੀਂ ਲਿਕਲਿਆ। ਬਾਪੂ ਜੀ ਨੇ ਇਹ ਗੱਲ ਆਪ ਦਸੀ ਸੀ ਕਿ 'ਮੈਂ ਹਰ ਸਾਲ ਉਨ੍ਹਾਂ ਨੂੰ ਮਿਲਦਾ ਸਾਂ, ਤੇ ਦੁਖੀ ਹੁੰਦਾ ਸਾਂ। ਮੇਰੇ ਮਨ ਵਿਚ ਇਹ ਖ਼ਿਆਲ ਆਂਦਾ ਸੀ ਕਿ ਮੈਂ ਆਖਾਂ ਕਿ ਗੁਰੂ ਨਾਨਕ ਤੁਹਾਡੀ ਮੁਰਾਦ ਪੂਰੀ ਕਰੇਗਾ ਤੇ ਤੁਹਾਡੇ ਘਰ ਪੁਤਰ ਹੋਵੇਗਾ। ਪਰ ਇਹ ਗੱਲ ਮੇਰੀ ਜ਼ਬਾਨ ਤੇ ਆਉਂਦਿਆਂ ਰੁਕ ਜਾਂਦੀ ਸੀ, ਮੈਂ ਸੋਚਦਾ ਸਾਂ, ਕਿ ਮੈਂ ਕਿਉਂ ਅਜੇਹਾ ਉਚਾ ਬੋਲ ਬੋਲਾਂ, ਗੁਰੂ ਇਨ੍ਹਾਂ ਦੀ ਆਪੇ ਸੁਣੇਗਾ।

"ਇਕ ਸਾਲ ਮੈਂ ਫਿਰ ਗਿਆ ਤਾਂ ਉਹ ਮੈਨੂੰ ਮਿਲਣ ਆਏ ਤੇ ਕਹਿਣ ਲਗੇ, "ਬਾਪੂ ਜੀ ਹੁਣ ਤਾਂ ਅਸੀਂ ਬਿਲਕੁਲ ਨਿਰਾਸ਼ ਹੋ ਗਏ ਹਾਂ, ਤੁਸੀਂ ਸਾਡੇ ਲਈ ਅਰਦਾਸ ਕਰੋ।"

ਬਾਪੂ ਜੀ ਨੇ ਦਸਿਆ, ਕਿ ਉਨ੍ਹਾਂ ਦੀ ਇਹ ਗੱਲ ਸੁਣ ਕੇ ਮੇਰੇ ਮਨ ਵਿਚ ਐਸਾ ਉਛਾਲ ਆਇਆ ਕਿ ਮੈਂ ਰੋਕ ਨਾ ਸਕਿਆ ਤੇ ਮੇਰੇ ਮੂੰਹੋਂ ਆਪ ਮੁਹਾਰਾ ਨਿਕਲ ਗਿਆ, "ਨਿਰਾਸ਼ ਨਾ ਹੋਵੋ, ਤੁਹਾਡੀ ਮੁਰਾਦ ਜ਼ਰੂਰ ਪੂਰੀ ਹੋਵੇਗੀ ਤੇ ਛੇਤੀ ਪੂਰੀ ਹੋਵੇਗੀ। ਗੁਰੂ ਨਾਨਕ ਦੇ ਘਰ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ। ਉਹ ਦੇਂਦਾ ਨਹੀਂ ਥੱਕਦਾ, ਅਸੀਂ ਲੈ ਲੈ ਕੇ ਥੱਕ ਜਾਂਦੇ ਹਾਂ। ਮੇਰੀ ਵੀ ਗੁਰੂ ਨਾਨਕ ਅਗੇ ਅਰਦਾਸ ਹੈ, ਕਿ ਉਹ ਤੁਹਾਨੂੰ



Sri Satguru Jagjit Singh Ji eLibrary NamdhariElibrary@gmail.com

ਪੁਤਰ ਦੀ ਦਾਤ ਦੇਵੇ। ਮੇਰਾ ਮਨ ਕਹਿੰਦਾ ਹੈ, ਜ਼ਰੂਰ ਦੇਵੇਗਾ।"

"ਬਾਪੂ ਜੀ ਨੇ ਦਸਿਆ ਕਿ "ਇਹ ਮੇਰੀ ਆਤਮਾ ਦੀ ਆਵਾਜ਼ ਸੀ।"

ਅਗਲੇ ਸਾਲ ਜਦ ਬਾਪੂ ਫਿਰ ਅਮਰੀਕਾ ਗਏ ਤਾਂ ਉਹ ਜੋੜਾ ਮਿਲਣ ਆਇਆ ਤੇ ਉਹਨਾਂ ਦੀ ਗੋਦ ਵਿਚ ਨਵ-ਜਨਮਿਆ ਲੜਕਾ ਸੀ। ਬਾਪੂ ਨੂੰ ਦਿਲ ਵਿਚ ਪੱਕਾ ਯਕੀਨ ਹੋ ਗਿਆ, ਕਿ ਗੁਰੂ ਨਾਨਕ ਨੇ, ਉਸਦੇ ਬੋਲਾਂ ਦੀ ਲਾਜ ਰਖੀ ਹੈ।"

ਇਹ ਗੱਲ ਸੁਣਕੇ ਮੇਰੇ ਮੂੰਹੋਂ ਗੁਰਬਾਣੀ ਦੀ ਇਹ ਤੁਕ ਨਿਕਲੀ

**"ਇਕ ਸਾਧ ਬਚਨ ਅਟਲਾਧਾ॥**

ਇਕ ਵਾਰ ਇਕ ਮਹਾਤਮਾ ਬਾਪੂ ਜੀ ਨੂੰ ਮਿਲਣ ਆਇਆ। ਬਾਪੂ ਨੇ ਉਸਦਾ ਬੜਾ ਸਤਿਕਾਰ ਕੀਤਾ ਤੇ ਹੱਥ ਜੋੜ ਕੇ ਖੜੇ ਹੋ ਗਏ। ਉਹ ਸੰਤ ਕਹਿਣ ਲੱਗਾ, "ਬਾਪੂ ਜੀ ਤੁਸੀਂ ਸਾਡੇ ਨਾਲੋਂ ਵੱਡੇ ਸੰਤ ਹੋ, ਵੱਡੇ ਮਹਾਤਮਾ ਹੋ, ਫ਼ਰਕ ਕੇਵਲ ਇਤਨਾ ਹੈ ਕਿ ਅਸਾਂ ਸੰਤਾਂ ਵਾਲੇ ਕਪੜੇ ਤੇ ਭੇਸ ਅਪਨਾਇਆ ਹੋਇਆ ਹੈ, ਤੁਸੀਂ ਗ੍ਰਹਿਸਤੀ ਭੇਸ ਵਿਚ ਹੋ, ਤੁਹਾਡਾ ਮਹੱਤਵ ਸਾਡੇ ਨਾਲੋਂ ਵਧ ਹੈ।"

ਗਿਆਨੀ ਸੁਰਜੀਤ ਸਿੰਘ ਦੇ ਗੁਰਦੇ ਵਿਚ ਪੱਥਰੀ ਸੀ, ਉਹਨਾਂ ਇਲਾਜ ਤਾਂ ਬਥੇਰੇ ਕਰਵਾਏ, ਪਰ ਡਾਕਟਰਾਂ ਨੇ ਇਹੀ ਕਿਹਾ, ਕਿ ਇਸ ਦਾ ਇਲਾਜ ਕੇਵਲ ਆਪ੍ਰੇਸ਼ਨ ਹੀ ਹੈ। ਪਰ ਗਿਆਨੀ ਆਪ੍ਰੇਸ਼ਨ ਦੇ ਨਾਮ ਤੋਂ ਹੀ ਕੰਬ ਜਾਂਦਾ ਸੀ। ਉਸਦੇ ਮਨ ਵਿਚ ਡਰ ਬੈਠਿਆ ਹੋਇਆ ਸੀ, ਕਿ ਆਪ੍ਰੇਸ਼ਨ ਨਾਲ ਮੈਂ ਮਰ ਜਾਵਾਂਗਾ। ਉਹ ਕਹਿੰਦਾ ਸੀ, ਮੈਂ ਓਦਾਂ ਬੇਸ਼ਕ ਮਰ ਜਾਵਾਂ, ਆਪ੍ਰੇਸ਼ਨ ਨਹੀਂ ਕਰਵਾਣਾ। ਬਾਪੂ ਜੀ ਪਾਸ ਆ ਕੇ ਬੈਠ ਜਾਂਦਾ ਸੀ ਤੇ ਡਾਕਟਰੀ ਇਲਾਜ ਤੇ ਆਪ੍ਰੇਸ਼ਨ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਬਾਪੂ ਜੀ ਉਸ ਨੂੰ ਹੌਸਲਾ ਦੇਂਦੇ ਰਹਿੰਦੇ ਸਨ ਤੇ ਇਹ ਵੀ ਕਹਿੰਦੇ ਸਨ ਕਿ ਤੇਰਾ ਆਪ੍ਰੇਸ਼ਨ ਦਾ ਖਰਚ ਸਾਰਾ ਮੈਂ ਦੇ ਦਿਆਂਗਾ ? ਪਰ ਗਿਆਨੀ ਦਾ ਮਨ ਆਪ੍ਰੇਸ਼ਨ ਕਰਾਣ ਲਈ ਮੰਨਦਾ ਨਹੀਂ ਸੀ।

ਇਕ ਦਿਨ ਉਹ ਬਾਪੂ ਪਾਸ ਆਇਆ ਤੇ ਫਿਰ ਉਹੀ ਕਿਸਾ ਛੇੜ ਬੈਠਾ। ਬਾਪੂ ਨੇ ਕਿਹਾ "ਗਿਆਨੀ ਤੂੰ ਪੱਕਾ ਫ਼ੈਸਲਾ ਕੀਤਾ ਹੋਇਆ ਕਿ ਆਪ੍ਰੇਸ਼ਨ ਨਹੀਂ ਕਰਾਣਾ ? ਗਿਆਨੀ ਨੇ ਕਿਹਾ "ਜੀ ਬਿਲਕੁਲ ਪੱਕਾ ਫ਼ੈਸਲਾ ਹੈ, ਆਪ੍ਰੇਸ਼ਨ ਨਹੀਂ ਕਰਵਾਣਾ", ਏਦਾਂ ਹੀ ਜਿਤਨੀ ਬਾਕੀ ਹੈ, ਕਟ ਲਵਾਂਗਾ" ਤਾਂ ਬਾਪੂ ਨੇ ਕਿਹਾ "ਚੰਗਾ ਫਿਰ ਗੁਰੂ ਨਾਨਕ ਤੇ ਓਟ ਰਖ, ਉਸ ਦਾ ਨਾਮ ਜਪਿਆ ਕਰ, ਪਾਣੀ ਵਧ ਪੀਤਾ ਕਰ, ਗੁਰੂ ਨਾਨਕ ਤੇਰੀ ਪਥਰੀ ਵੈਸੇ ਹੀ ਕਢ ਦੇਵੇਗਾ।"

ਗਿਆਨੀ ਸੁਰਜੀਤ ਸਿੰਘ ਦਸਦਾ ਹੈ, ਕਿ ਕੁਝ ਦਿਨਾਂ ਬਾਅਦ ਮੇਰੀ ਪਥਰੀ, ਆਪੇ ਹੀ ਪਿਸ਼ਾਬ ਰਾਹੀਂ ਨਿਕਲ ਆਈ। ਬਾਪੂ ਦਾ ਬਚਨ ਸਚਾ ਹੋ ਗਿਆ।

ਗਿਆਨੀ ਸੁਰਜੀਤ ਸਿੰਘ ਨੇ ਇਕ ਹੋਰ ਗੱਲ ਵੀ ਸੁਣਾਈ।

ਬਾਪੂ ਜੀ ਪਰਮਜੀਤ ਸਿੰਘ ਗਿੱਲ ਦੇ ਕਹੇ ਤੇ ਬਡਵਾਲ ਕਾਲਜ ਦਾ ਨੀਂਹ ਪੱਥਰ ਰਖਣ ਗਏ। ਚੈਕ ਬੁਕ ਨਾਲ ਲੈ ਗਏ ਤੇ ਪ੍ਰਬੰਧਕਾਂ ਸਾਹਮਣੇ ਕੋਰਾ ਚੈਕ ਰਖ ਕੇ ਕਹਿਣ ਲਗੇ, "ਜਿਤਨੀ ਮਾਇਆ ਚਾਹੀਦੀ ਹੈ ਭਰ ਲਓ।" ਉਹ ਕਹਿਣ ਲਗੇ "ਸਾਨੂੰ ਤੁਸੀਂ ਲੋਹੇ ਤੇ ਸਰੀਏ ਦੇ ਪੈਸੇ ਦੇ ਦਿਓ।" ਬਾਪੂ ਨੇ ਕਿਹਾ "ਹਿਸਾਬ ਲਾਓ।" ਉਨ੍ਹਾਂ ਨੇ ਹਿਸਾਬ ਲਗਾ ਕੇ ਕਿਹਾ ਕਿ ਦੋ ਲੱਖ ਪਚਾਸੀ ਹਜ਼ਾਰ ਬਣੇਗਾ।" ਬਾਪੂ ਜੀ ਨੇ ਖਿੜੇ ਮੱਥੇ ਚੈੱਕ ਦੇ ਦਿਤਾ।



Sri Satguru Jagjit Singh Ji eLibrary NamdhariElibrary@gmail.com

ਬਾਪੂ ਦੇ ਦਾਨ ਪੁੰਨ ਦੀਆਂ ਤਾਂ ਸੈਂਕੜੇ ਮਿਸਾਲਾਂ ਹਨ। ਪੰਚਾਇਤਾਂ, ਸਕੂਲਾਂ, ਕਾਲਜਾਂ ਆਦਿ ਨੂੰ ਲਖਾਂ ਰੁਪਏ ਦਾਨ ਕਰ ਦਿਤੇ, ਜਿਸ ਦੇ ਵੇਰਵੇ ਲਈ, ਵਖਰੇ ਚੈਪਟਰ ਦੀ ਲੋੜ ਹੈ।

ਰਖੜੇ ਦੇ ਨੇੜੇ ਤੇੜੇ ਡੇਢ ਸੌ ਪਿੰਡਾਂ ਵਿਚੋਂ ਸ਼ਾਇਦ ਹੀ ਕੋਈ ਅਜੇਹਾ ਪਿੰਡ, ਪੰਚਾਇਤ, ਗੁਰਦੁਆਰਾ, ਮੰਦਰ, ਮਸਜਿਦ ਤੇ ਧਰਮਸ਼ਾਲਾ, ਸਕੂਲ ਜਾਂ ਕਾਲਜ ਹੋਵੇ ਜਿਥੇ ਬਾਪੂ ਨੇ ਹਜ਼ਾਰਾਂ ਤੋਂ ਲੈ ਕੇ ਲੱਖਾਂ ਤਕ ਦਾ ਦਾਨ ਨਾ ਦਿਤਾ ਹੋਵੇ। ਉਦਘਾਟਨਾਂ, ਨੀਂਹ ਪਥਰ ਸਮਾਹੋਰ, ਟੂਰਨਾਮੈਂਟਾਂ ਤੇ ਸਕੂਲ ਕਾਲਜਾਂ ਦੇ ਇਨਾਮ ਵੰਡ ਸਮਾਰੋਹਾਂ ਦੀਆਂ ਸਾਦਾਂ, ਬਾਪੂ ਦੇ ਫ਼ਰਾਖ਼ਦਿਲੀ ਅਤੇ ਦਾਨਵੀਰਤਾ ਦੀਆਂ ਜੀਉਂਦੀਆਂ ਜਾਗਦੀਆਂ ਮਿਸਾਲਾਂ ਹਨ। ਲੰਗਰ ਲਗਾਣੇ ਤੇ ਕਪੜੇ, ਕੰਬਲ ਆਦਿ ਵੰਡਣੇ ਤਾਂ ਬਾਪੂ ਦੇ ਰੋਜ਼ਾਨਾਂ ਕੰਮਾਂ ਦਾ ਹਿਸਾ ਸਨ।

ਜਦੋਂ ਵੀ ਘਰ ਵਿਚ ਕੋਈ ਸਤਸੰਗ ਜਾਂ ਅਖੰਡ ਪਾਠ ਦਾ ਭੋਗ ਆਦਿ ਦਾ ਸਮਾਗਮ ਹੁੰਦਾ ਸੀ, ਤਾਂ ਬਾਪੂ ਪਿੰਡਾਂ ਦੇ ਕ੍ਰਿਰਤੀਆਂ, ਕਾਮਿਆਂ, ਮਜ਼ਦੂਰਾਂ ਤੇ ਗਰੀਬਾਂ ਨੂੰ ਭਾਰੀ ਗਿਣਤੀ ਵਿਚ ਬਲਾਵਾ ਦੇਂਦਾ ਸੀ। ਸਮਾਪਤੀ ਤੇ ਲੰਗਰ ਛਕਾਣ ਤੋਂ ਬਾਅਦ, ਹਰ ਇਕ ਨੂੰ ਨਕਦ ਮਾਇਆ ਭੀ ਦਿਤੀ ਜਾਂਦੀ ਸੀ। ਇਕ ਵਾਰੀ ਬਾਪੂ ਨੇ ਮੈਨੂੰ ਆਪਣੇ ਪਾਸ ਬਿਠਾ ਲਿਆ, ਤੇ ਹਰ ਕਾਮੇ, ਕਿਰਤੀ, ਮਜ਼ਦੂਰ ਨੂੰ ਵਾਰੀ ਵਾਰੀ ਬਲਾਕੇ ਤਿੰਨ ਤਿੰਨ ਸੌ ਰੁਪਏ ਦੇਣੇ ਸ਼ੁਰੂ ਕਰ ਦਿਤੇ, ਜੋ ਸਾਰੇ ਖੁਸ਼ ਹੋ ਕੇ ਲੈ ਕੇ ਬਾਪੂ ਜੀ ਦਾ ਧੰਨਵਾਦ ਕਰਦੇ ਤੇ ਅਸੀਸਾਂ ਦੇਂਦੇ, ਵਿਦਾ ਹੋ ਰਹੇ ਸਨ।

ਇਕ ਬੁਢਾ ਕਾਮਾ, ਜਿਸਦੀ ਨਜ਼ਰ ਬਹੁਤ ਕਮਜ਼ੋਰ ਸੀ, ਜਦ ਬਾਪੂ ਤੋਂ ਪੈਸੇ ਲੈਣ ਲਈ ਅਗੇ ਹੋਇਆ, ਤਾਂ ਬਾਪੂ ਨੇ ਕਿਹਾ "ਤੇਰੀਆਂ ਤਾਂ ਅੱਖਾਂ ਬਹੁਤ ਖ਼ਰਾਬ ਹਨ, ਇਲਾਜ ਕਿਉਂ ਨਹੀਂ ਕਰਵਾਂਦਾ।" ਉਹ ਕਹਿਣ ਲੱਗਾ, 'ਡਾਕਟਰ ਕਹਿੰਦਾ ਹੈ, ਆਪ੍ਰੇਸ਼ਨ ਹੋਵੇਗਾ, ਤੇ ਮੇਰੇ ਪਾਸ ਪੈਸੇ ਨਹੀਂ ਪਟਿਆਲੇ ਦੇ ਅੱਖਾਂ ਦੇ ਮਸ਼ਹੂਰ ਡਾਕਟਰ ਪਾਸੋਂ ਆਪ੍ਰੇਸ਼ਨ ਕਰਾਉਣ ਲਈ ਚਾਰ-ਪੰਜ ਹਜ਼ਾਰ ਰੁਪਏ ਚਾਹੀਦੇ ਹਨ।" ਬਾਪੂ ਨੇ ਹਸ ਕੇ ਕਿਹਾ, "ਤੂੰ ਇਹ ਤਿੰਨ ਸੌ ਰੁਪਏ ਨਾ ਲੈ, ਮੈਂ ਤੇਰੀਆਂ ਅੱਖਾਂ ਦਾ ਆਪ੍ਰੇਸ਼ਨ ਉਸੇ ਵਡੇ ਡਾਕਟਰ ਤੋਂ ਕਰਵਾਂਦਾ ਹਾਂ ਤੇ ਉਸ ਉਤੇ, ਅਤੇ ਤੇਰੀਆਂ ਐਨਕਾਂ ਤੇ ਜਿੰਨਾਂ ਵੀ ਰੁਪਿਆ ਖਰਚ ਆਵੇਗਾ, ਮੈਂ ਦਿਆਂਗਾ।"

ਪਰ ਉਹ ਬੁਢਾ ਉਸ ਵੇਲੇ ਤਿੰਨ ਸੌ ਰੁਪਏ ਦੇ ਲਾਲਚ ਵਿਚ ਸੀ, ਕਹਿਣ ਲੱਗਾ, "ਨਹੀਂ ਜੇ ਮੈਂ ਅਜੇ ਆਪ੍ਰੇਸ਼ਨ ਨਹੀਂ ਕਰਾਣਾ, ਤੁਸੀਂ ਮੈਨੂੰ ਬਾਕੀਆਂ ਵਾਂਗ ਪੈਸੇ ਦਿਉ।" ਬਾਪੂ ਜ਼ੋਰ ਦਾ ਕਹਿਕਹਾ ਮਾਰ ਕੇ ਹਸਿਆ ਤੇ ਮੇਰੇ ਵਲ ਵੇਖ ਕੇ ਬੋਲਿਆ, "ਵੇਖਿਆ ਰਤਨ, ਇਹ ਕਿੰਨਾ ਲਾਲਚੀ ਏ, ਅੱਖਾਂ ਨਾਲੋਂ ਪੈਸਾ ਪਿਆਰਾ ਕਰਦਾ ਏ। ਮੈਂ ਇਸਦੀ ਪ੍ਰੀਖਿਆ ਲੈ ਰਿਹਾ ਹਾਂ। ਬਾਪੂ ਨੇ ਉਸ ਦੇ ਹਥ ਤਿੰਨ ਸੌ ਰੁਪਏ ਫੜਾਂਦਿਆਂ ਕਿਹਾ, "ਲੈ, ਇਹ ਭੀ ਲੈ ਜਾ, ਤੇ ਜਦੋਂ ਅੱਖਾਂ ਦਾ ਆਪ੍ਰੇਸ਼ਨ ਕਰਾਣਾ ਹੋਵੇ, ਮੇਰੇ ਪਾਸ ਆ ਜਾਈਂ, ਤੇਰੀ ਮਰਜ਼ੀ ਦੇ ਵੱਡੇ ਤੋਂ ਵੱਡੇ ਡਾਕਟਰ ਤੋਂ ਆਪ੍ਰੇਸ਼ਨ ਕਰਵਾਂਗੇ। ਸਾਰਾ ਖਰਚ ਮੇਰਾ ਹੋਵੇਗਾ, ਫ਼ਿਕਰ ਨਾ ਕਰੀਂ,ਪਰ ਜਲਦੀ ਮਨ ਬਣਾ ਲੈ, ਦੇਰ ਨਾ ਕਰ, ਨਹੀਂ ਤਾਂ ਕਿਧਰੇ ਤੇਰੀ ਨਜ਼ਰ ਹੀ ਨਾ ਚਲੀ ਜਾਵੇ,

ਇਹ ਤਾਂ ਐਵੇਂ ਇਕੋ ਦੁਕੇ ਵਾਕਿਆਤ ਹਨ। ਬਾਪੂ ਦਾ ਸਾਰਾ ਜੀਵਨ ਅਜਿਹੀਆਂ ਸੈਂਕੜੇ ਘਟਨਾਵਾਂ ਨਾਲ ਭਰਿਆ ਪਿਆ ਹੈ।



Sri Satguru Jagjit Singh Ji eLibrary NamdhariElibrary@gmail.com

# ਅੰਤਲੇ ਦਿਨ

ਸੂਬੇਦਾਰ ਬਾਪੂ ਕਰਤਾਰ ਸਿੰਘ ਜੀ ਦੀ ਸੇਹਤ ਆਮ ਕਰਕੇ ਬਹੁਤ ਚੰਗੀ ਸੀ। ਸਵੇਰੇ ਸ਼ਾਮ ਉਹ ਬਹੁਤ ਲੰਮੀ ਸੈਰ ਕਰਦੇ ਸਨ। ਦਿਨੇ ਵੀ ਖੇਤਾਂ ਵਿਚ ਤੁਰਨਾ ਫਿਰਨਾ ਤੇ ਖੇਤੀ ਦੇ ਕੰਮ ਦੀ ਨਿਗਰਾਨੀ ਕਰਨਾ, ਉਨ੍ਹਾਂ ਦੇ ਰੋਜ਼ਾਨਾ ਕੰਮਾਂ ਵਿਚ ਸ਼ਾਮਲ ਸੀ। ਸਮਾਜਕ ਕੰਮਾਂ ਵਿਚ ਵਧ-ਚੜ੍ਹਕੇ ਹਿਸਾ ਲੈਣਾ, ਪੰਚਾਇਤਾਂ ਦੇ ਕੰਮ ਵਿਚ ਸ਼ਾਮਲ ਹੋਣਾ, ਪਿੰਡਾਂ ਵਿਚ ਖੇਡਾਂ ਦੀ ਉਨਤੀ ਲਈ ਉਤਸ਼ਾਹ ਦੇਣਾ ਤੇ ਟੂਰਨਾਮੈਂਟਾਂ ਕਰਵਾਣੀਆਂ। ਆਪ ਜੀ ਨੇ ਇਨਾਮ ਵੰਡਣੇ ਤੇ ਦਿਲ ਖੋਲ੍ਹ ਕੇ ਮਾਲੀ ਸਹਾਇਤਾ ਦੇਣੀ, ਸਕੂਲਾਂ ਕਾਲਜਾਂ ਦੇ ਸਮਾਗਮਾਂ ਵਿਚ ਵਧ-ਚੜ੍ਹ ਕੇ ਹਿਸਾ ਲੈਣਾਂ, ਉਨ੍ਹਾਂ ਨੂੰ ਲਖਾਂ ਰੁਪਏ ਦਾਨ ਕਰਕੇ, ਗੁਰਦੁਆਰਿਆਂ ਦੀ ਸੇਵਾ, ਸੰਤਾਂ-ਸਾਧੂਆਂ ਦਾ ਸਨਮਾਨ ਤੇ ਉਨ੍ਹਾਂ ਨੂੰ ਮਾਇਕ ਭੇਟਾ ਦੇਣਾ, ਗਰੀਬ ਰੋਗੀਆਂ ਦੇ ਇਲਾਜ ਕਰਵਾਣਾ, ਲੋਕਾਂ ਦੀਆਂ ਅਖਾਂ ਦੇ ਆਪਰੇਸ਼ਨ ਕਰਵਾਣੇ, ਲੰਗਰ ਲਗਾਣੇ, ਕਪੜੇ ਤੇ ਕੰਬਲ ਵੰਡਣੇ ਆਦਿ ਅਜੇਹੇ ਕੰਮ ਸਨ, ਜਿਨ੍ਹਾਂ ਵਿਚ ਉਹ ਆਪਣੇ ਆਪ ਨੂੰ ਰੁਝਾਈ ਰਖਦੇ ਸਨ। ਆਪਣੇ ਸਰੀਰ ਤੋਂ ਵੱਧ ਤੋਂ ਵੱਧ ਕੰਮ ਲੈਂਦੇ ਸਨ, ਤੇ ਆਪਣੀ ਉਮਰ ਦੇ ਮੁਕਾਬਲੇ, ਬਹੁਤ ਚੰਗੀ ਸੇਹਤ ਰਖਦੇ ਸਨ। ਪਰ ਆਖਰ ਜਾਣਾ ਤਾਂ ਹਰ ਇਕ ਨੇ ਹੈ। ਕਈ ਵਾਰੀ ਤਾਂ ਐਵੇਂ ਬਹਾਨਾ ਹੀ ਬਣਦਾ ਹੈ।

ਮੈਂ ਜੁਲਾਈ, ਅਗਸਤ, ਸਤੰਬਰ 1996 ਦੇ ਤਿੰਨ ਮਹੀਨੇ ਅਮਰੀਕਾ ਤੇ ਕੈਨੇਡਾ ਵਿਚ ਸਾਂ। ਹਰ ਦੋ ਤਿੰਨ ਹਫ਼ਤਿਆਂ ਬਾਅਦ ਘੁਮ ਘੁਮਾ ਕੇ ਦਰਸ਼ਨ ਸਿੰਘ ਪਾਸ ਆ ਜਾਂਦਾ ਸਾਂ। ਉਥੋਂ ਬਾਪੂ ਜੀ ਨਾਲ ਟੈਲੀਫ਼ੋਨ ਤੇ ਵੀ ਗੱਲ ਹੁੰਦੀ ਰਹਿੰਦੀ ਸੀ। ਸਤੰਬਰ ਦੇ ਅੰਤ ਵਿਚ ਪਤਾ ਲਗਾ ਕਿ ਬਾਪੂ ਜੀ ਨੂੰ ਬੁਖ਼ਾਰ ਆਣ ਲਗ ਪਿਆ ਹੈ। ਮੈਂ ਪਹਿਲੀ ਅਕਤੂਬਰ 96 ਨੂੰ ਵਾਪਸ ਭਾਰਤ ਪੁਜ ਗਿਆ ਸਾਂ। ਰੁਖੜੇ ਗਿਆ ਤਾਂ ਪਤਾ ਲਗਾ ਕਿ ਬਾਪੂ ਜੀ ਨੂੰ ਸਰਦੀ ਲਗ ਕੇ ਬੁਖ਼ਾਰ ਚੜ੍ਹਦਾ ਹੈ ਤੇ ਫਿਰ ਆਪੇ ਉਤਰ ਜਾਂਦਾ ਹੈ। ਮਲੇਰੀਏ ਦਾ ਇਲਾਜ ਹੋ ਰਿਹਾ ਸੀ ਤੇ ਬਾਪੂ ਜੀ ਹਸਦੇ ਹਸਾਂਦੇ ਚੜ੍ਹਦੀ ਕਲਾ ਵਿਚ ਸਨ। ਉਹ ਕਹਿੰਦੇ ਸਨ, ਅਜੇਹੇ ਛੋਟੇ ਮੋਟੇ ਬੁਖ਼ਾਰ ਦੀ ਮੈਂ ਪ੍ਰਵਾਹ ਨਹੀਂ ਕਰਦਾ।

ਇਕ ਹਫ਼ਤੇ ਬਾਅਦ ਦਰਸ਼ਨ ਸਿੰਘ ਜੀ ਵੀ ਅਮਰੀਕਾ ਤੋਂ ਪੁਜ ਗਏ। ਉਨ੍ਹਾਂ ਨੇ ਆ ਕੇ ਚੰਗੇ ਡਾਕਟਰਾਂ ਦੀ ਸਲਾਹ ਲਈ। ਬਾਪੂ ਜੀ ਦੇ ਖ਼ੂਨ ਆਦਿ ਦੇ ਕਈ ਟੈਸਟ ਕਰਵਾ ਕੇ, ਅਮਰੀਕਾ ਦੇ ਡਾਕਟਰਾਂ ਨੂੰ ਭੀ ਭੇਜੇ ਤੇ ਉਨ੍ਹਾਂ ਦੀ ਰਾਏ ਟੈਲੀਫ਼ੋਨ ਤੇ ਲੈਂਦੇ ਰਹੇ। ਪਰ ਬਾਪੂ ਜੀ ਤੇ ਕਿਸੇ ਇਲਾਜ ਦਾ ਖ਼ਾਸ ਅਸਰ ਨਹੀਂ ਹੋ ਰਿਹਾ



Sri Satguru Jagjit Singh Ji eLibrary NamdhariElibrary@gmail.com

ਸੀ, ਤੇ ਉਹ ਕਮਜ਼ੋਰ ਹੁੰਦੇ ਜਾ ਰਹੇ ਸਨ।

ਡਾਕਟਰਾਂ ਦਾ ਵਿਚਾਰ ਸੀ, ਕਿ ਮਲੇਰੀਏ ਕਾਰਨ ਜਾਂਡਿਸ (Jaundice) ਹੋ ਗਿਆ ਹੈ, ਜਿਸ ਕਰਕੇ ਗੁਰਦੇ ਪ੍ਰਭਾਵਤ ਹੋ ਰਹੇ ਹਨ। ਵਧੀਆ ਤੋਂ ਵਧੀਆ ਇਲਾਜ ਹੋ ਰਿਹਾ ਸੀ, ਪਰ ਬਾਪੂ ਜੀ ਤੰਦਰੁਸਤ ਨਹੀਂ ਸਨ ਹੋ ਰਹੇ। ਛੋਟਾ ਲੜਕਾ ਚਰਨਜੀਤ ਭੀ ਅਮਰੀਕਾ ਤੋਂ ਆ ਗਿਆ, ਅਤੇ ਤਿੰਨੇ ਭਰਾ, ਦਿਨ ਰਾਤ ਉਨ੍ਹਾਂ ਦੇ ਸਿਰਹਾਣੇ ਬੈਠ ਕੇ ਸੇਵਾ ਕਰਦੇ ਰਹਿੰਦੇ ਸਨ।

ਬਾਪੂ ਜੀ ਬਹੁਤ ਚੜ੍ਹਦੀਆਂ ਕਲਾ ਵਿਚ ਸਨ, ਪੂਰੇ ਹੌਂਸਲੇ ਨਾਲ ਕਹਿੰਦੇ ਸਨ, ਕਿ ਮੈਂ ਬਿਲਕੁਲ ਠੀਕ ਹਾਂ, ਮੈਨੂੰ ਕੋਈ ਤਕਲੀਫ ਨਹੀਂ, ਥੋੜ੍ਹੀ ਕਮਜ਼ੋਰੀ ਹੀ ਹੈ। ਮੈਨੂੰ ਕਹਿਣ ਲਗੇ, "ਰਤਨ ਤੂੰ ਹੁਣ ਘਰ ਜਾ, ਆਪਣੀ ਘਰ ਵਾਲੀ ਦਾ ਖ਼ਿਆਲ ਕਰ, ਉਹ ਵੀ ਢਿਲੀ ਰਹਿੰਦੀ ਹੈ। ਮੇਰੇ ਤਿੰਨੇ ਲੜਕੇ ਮੇਰੇ ਪਾਸ ਹਨ, ਮੈਨੂੰ ਕੋਈ ਚਿੰਤਾ ਨਹੀਂ ਹੈ।" ਉਹਨਾਂ ਦੀ ਆਗਿਆ ਨਾਲ ਮੈਂ ਘਰ ਦਿਲੀ ਪਰਤ ਗਿਆ। ਪਰ ਰੋਜ਼ ਟੈਲੀਫੋਨ ਕਰਕੇ ਉਨ੍ਹਾਂ ਦਾ ਹਾਲ ਚਾਲ ਪੁਛਦਾ ਰਿਹਾ। ਦਰਸ਼ਨ ਸਿੰਘ ਹੋਰੀਂ ਮੈਨੂੰ ਇਹ ਦਸਦੇ ਰਹੇ ਕਿ ਬਾਪੂ ਜੀ ਠੀਕ ਹਨ। ਉਨ੍ਹਾਂ ਬੀਮਾਰੀ ਦੌਰਾਨ ਇਕ ਵਾਰੀ ਵੀ ਮੂੰਹੋਂ ਹਾਏ ਨਹੀਂ ਕਿਹਾ ਤੇ ਨਾ ਹੀ ਕਿਸੇ ਦਰਦ ਜਾਂ ਬੇਚੈਨੀ ਦਾ ਜ਼ਿਕਰ ਕੀਤਾ ਹੈ। ਹਰ ਵੇਲੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਹੀ ਕਹਿੰਦੇ ਰਹਿੰਦੇ ਸਨ। ਇਕ ਦਿਨ ਕਹਿਣ ਲਗੇ, "ਮੇਰੇ ਪਲੰਘ ਦੇ ਦੋਹੀਂ ਪਾਸੇ ਗੁਰੂ ਨਾਨਕ ਦੇਵ ਜੀ ਦੀਆਂ ਤਸਵੀਰਾਂ ਰਖ ਦਿਓ, ਤਾਂ ਜੋ ਮੈਂ ਜਿਧਰ ਵੀ ਪਾਸਾ ਮੋੜਾਂ, ਧੰਨ ਗੁਰੂ ਨਾਨਕ ਦੀ ਮੂਰਤ ਮੇਰੇ ਸਾਂਹਵੇ ਰਹੇ।" ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਇਕ ਦਿਨ ਕਹਿਣ ਲਗੇ ਮੇਰਾ ਬਿਸਤਰਾ ਥਲੇ ਲਗਾ ਦਿਓ। ਗੁਰੂ ਨਾਨਕ ਦੀ ਤਸਵੀਰ ਨਾਲੋਂ ਮੈਂ ਨੀਵਾਂ ਪੈਣਾ ਚਾਹੁੰਦਾ ਹਾਂ, ਪਰ ਉਨ੍ਹਾਂ ਨੂੰ ਦਸਿਆ ਗਿਆ ਕਿ ਗੁਰੂ ਨਾਨਕ ਦੇਵ ਜੀ ਦੀਆਂ ਤਸਵੀਰਾਂ, ਤੁਹਾਡੇ ਸਿਰਹਾਣੇ ਦੇ ਦੋਹਾਂ ਪਾਸੀਂ, ਉਚੀਆਂ ਕਰਕੇ ਰਖੀਆਂ ਹੋਈਆਂ ਹਨ, ਤੁਸੀਂ ਕਿਸੇ ਪ੍ਰਕਾਰ ਦਾ ਵਹਿਮ ਨਾ ਕਰੋ।"

ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਣ ਦੀ ਤਜਵੀਜ਼ ਕੀਤੀ ਗਈ, ਪਰ ਉਹ ਨਾਂ ਮੰਨੇ ਤੇ ਇਹੀ ਕਹਿੰਦੇ ਰਹੇ, ਮੈਂ ਠੀਕ ਹਾਂ, ਗੁਰੂ ਨਾਨਕ ਮੇਰਾ ਰਾਖਾ ਹੈ, ਜਦੋਂ ਬੁਲਾਏਗਾ, ਉਸ ਦੇ ਪਾਸ ਚਲਾ ਜਾਵਾਂਗਾ।" ਉਨ੍ਹਾਂ ਨੇ ਆਖ਼ੀਰ ਤਕ ਕਦੇ ਵੀ ਕੋਈ ਗੱਲ ਢਹਿੰਦੀ ਕਲਾ ਦੀ ਨਹੀਂ ਕੀਤੀ।

ਕੁਝ ਮਹੀਨਿਆਂ ਤੋਂ, ਉਹ ਹਰ ਹਫ਼ਤੇ ਕਿਸੇ ਗੁਰਦੁਆਰੇ ਵਿਚ ਜਾਂਦੇ ਸਨ। ਗੁਰੂ ਗ੍ਰੰਥ ਸਾਹਿਬ ਤੇ ਰੁਮਾਲਾ ਚੜ੍ਹਾਉਂਦੇ ਸਨ ਤੇ ਸਵਾ ਸੌ ਦੀ ਦੇਗ ਕਰਵਾਂਦੇ ਸਨ। ਇਕ ਵਾਰੀ ਗੁਰਦੁਆਰਾ ਦੁਖ ਨਿਵਾਰਨ ਗਏ। ਦੇਗ ਲੈ ਕੇ ਅੰਦਰ ਜਾਣ ਲਗੇ ਤਾਂ ਇਕ ਬੱਚੇ ਨੇ ਆ ਕੇ ਕਿਹਾ, "ਮੈਨੂੰ ਪ੍ਰਸ਼ਾਦ ਦਿਓ।" ਉਹ ਕਹਿਣ ਲਗੇ, ਪਹਿਲਾਂ ਅੰਦਰ, ਗੁਰੂ ਦੇ ਹਜ਼ੂਰ ਚੜ੍ਹਾ ਲਈਏ, ਫਿਰ ਤੈਨੂੰ ਦਿਆਂਗੇ।" ਅੰਦਰ ਜਾ ਕੇ ਮਥਾ ਟੇਕਿਆ, ਦੇਗ ਚੜ੍ਹਾਈ ਤੇ ਦੇਗ ਦਾ ਕੁਝ ਹਿਸਾ ਲੈ ਕੇ ਵਾਪਸ ਪਰਤੇ। ਉਸ ਬੱਚੇ ਨੂੰ ਬਥੇਰਾ ਟੋਲਿਆ, ਪਰ ਉਹ ਨਾਂ ਮਿਲਿਆ। ਬਾਕੀ ਬਚਿਆਂ ਵਿਚ ਦੇਗ ਵੰਡ ਦਿਤੀ, ਪਰ ਦਿਲ ਵਿਚ ਪ੍ਰੇਸ਼ਾਨੀ ਰਹੀ ਕਿ ਮੈਂ ਬਿਨਾਂ ਅੰਦਰ ਜਾ ਕੇ ਮਥਾ ਟੇਕੇ, ਉਸ ਬੱਚੇ ਨੂੰ ਉਸ ਵੇਲੇ ਕੜਾਹ ਪ੍ਰਸ਼ਾਦ ਕਿਉਂ ਨਾ ਦਿਤਾ। ਇਹ ਗੱਲ ਉਨ੍ਹਾਂ ਘਰ ਆ ਕੇ ਦਸੀ।



Sri Satguru Jagjit Singh Ji eLibrary NamdhariElibrary@gmail.com

ਕੁਝ ਦਿਨਾਂ ਬਾਅਦ, ਉਨ੍ਹਾਂ ਦੀ ਪਤਨੀ, ਬੇਬੇ ਜੀ ਗੁਰਦੁਆਰੇ ਦੇਗ ਚੜ੍ਹਾਣ ਗਏ, ਤੇ ਜਦੋਂ ਉਹ ਗ੍ਰੰਥੀ ਨੂੰ ਦੇਗ ਪਕੜਾਣ ਲਗੇ, ਤਾਂ ਝਟ ਇਕ ਬੱਚੇ ਨੇ ਉਨ੍ਹਾਂ ਹੱਥੋਂ ਦੇਗ ਫੜ ਲਈ। ਬੇਬੇ ਜੀ ਨੇ ਗ੍ਰੰਥੀ ਪਾਸੋਂ ਪ੍ਰਸ਼ਾਦ ਲਿਆ ਤੇ ਬਾਹਰ ਆ ਗਏ, ਪਰ ਉਹ ਮੁੰਡਾ ਫਿਰ ਨਜ਼ਰ ਨਾ ਆਇਆ ਇਹ ਗੱਲ ਉਨ੍ਹਾਂ ਘਰ ਆ ਕੇ ਬਾਪੂ ਜੀ ਨੂੰ ਦਸੀ, ਤਾਂ ਉਹ ਬਹੁਤ ਖੁਸ਼ ਹੋਏ ਤੇ ਕਹਿਣ ਲਗੇ, "ਤੂੰ ਬਹੁਤ ਚੰਗਾ ਕੀਤਾ ਕਿ ਦੇਗ ਬੱਚੇ ਨੂੰ ਫੜਾ ਦਿਤੀ, ਤੇ ਇਸ ਤਰ੍ਹਾਂ ਮੇਰੀ ਕੀਤੀ ਹੋਈ ਗ਼ਲਤੀ ਨੂੰ ਧੋ ਦਿਤਾ।"

ਬਾਪੂ ਜੀ ਆਖ਼ਰੀ ਦਿਨ ਤਕ ਹੋਸ਼ ਵਿਚ ਰਹੇ। ਪਹਿਲਾਂ ਤਾਂ ਉਹ ਤੁਰਦੇ ਫਿਰਦੇ ਰਹੇ, ਪਰ ਆਖ਼ਰੀ 15 ਦਿਨ ਮੰਜੇ ਤੇ ਰਹੇ। ਡਾਕਟਰਾਂ ਨੂੰ ਕਿਸੇ ਬੀਮਾਰੀ ਦਾ ਪੱਕਾ ਪਤਾ ਨਾ ਲਗ ਸਕਿਆ। ਇਕ ਦਿਨ ਪਹਿਲਾਂ ਪਤਨੀ ਨੂੰ ਕਹਿਣ ਲਗੇ, "ਮੈਨੂੰ ਕੇਸ਼ੀ ਇਸ਼ਨਾਨ ਕਰਵਾਓ, ਤੇ ਕੰਘਾ ਕਰੋ। ਫਿਰ ਆਪ ਆਪਣੇ ਸਿਰ ਵਿਚ ਕੰਘਾ ਫੇਰਿਆ।

ਪਹਿਲੀ ਨਵੰਬਰ 96 ਨੂੰ ਸਵੇਰੇ ਚਾਰ ਵਜੇ ਧੰਨ ਗੁਰੂ ਨਾਨਕ ਦਾ ਜਾਪ ਕਰਦਿਆਂ ਅਖਾਂ ਮੀਟ ਲਈਆਂ ਤੇ ਦਸਾਂ ਮਿੰਟਾਂ ਵਿਚ ਸੁਆਸ ਤਿਆਗ ਦਿਤੇ।

**ਗੁਰਮੁਖ ਜਨਮ ਸਵਾਰ, ਦਰਗਹਿ ਚਲਿਆ।**
**ਸਚੀ ਦਰਗਹਿ ਜਾਇ, ਸਚਾ ਪਿੜ ਮਲਿਆ॥**



Sri Satguru Jagjit Singh Ji eLibrary NamdhariElibrary@gmail.com

# ਅੰਤਮ ਸਫ਼ਰ

ਜਦੋਂ ਪਹਿਲੀ ਨਵੰਬਰ 96 ਨੂੰ ਸੂਬੇਦਾਰ ਬਾਪੂ ਕਰਤਾਰ ਸਿੰਘ ਨੇ ਗੁਰੂ ਨਾਨਕ ਦੇ ਚਰਨਾਂ ਵਿਚ ਗੁਰਪੁਰੀ ਪਹੁੰਚਣ ਲਈ, ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹੀ, ਤਾਂ ਇਨ੍ਹਾਂ ਸਤਰਾਂ ਦਾ ਲੇਖਕ ਦਿਲੀ ਵਿਚ ਸੀ, ਤੇ ਉਸਨੂੰ ਇਸ ਏਨੀ ਵੱਡੀ ਘਟਨਾ ਦਾ ਕੋਈ ਪਤਾ ਨਹੀਂ ਸੀ।

ਰਾਤ ਨੂੰ ਮੈਨੂੰ ਰਖੜੇ ਤੋਂ ਫ਼ੋਨ ਆਇਆ, ਕਿ ਸਵੇਰੇ 2 ਨਵੰਬਰ ਨੂੰ ਤਿੰਨ ਚਾਰ ਵਜੇ ਕੁਵੈਤ ਏਅਰਵੇਜ਼ ਰਾਹੀਂ ਅਮਰੀਕਾ ਤੋਂ ਦਰਸ਼ਨ ਸਿੰਘ ਦੀ ਪਤਨੀ ਡੈਬ ਅਤੇ ਬੇਟੀ ਟੀਨਾ ਆ ਰਹੇ ਹਨ। ਮੈਂ ਉਨ੍ਹਾਂ ਨੂੰ ਰੀਸੀਵ ਕਰਕੇ ਆਪਣੇ ਨਾਲ ਰਖੜੇ ਲੈ ਆਵਾਂ। ਟੈਲੀਫ਼ੋਨ ਤੇ ਬੀਬੀ ਵਿਚੋਲਣ ਬੋਲ ਰਹੀ ਸੀ। (ਇਸ ਬੀਬੀ ਨੇ ਚਰਨਜੀਤ ਸਿੰਘ ਦਾ ਰਿਸ਼ਤਾ ਕਰਵਾਇਆ ਸੀ, ਇਸ ਲਈ ਇਸ ਨੂੰ ਸਾਰੇ ਬੀਬੀ ਵਿਚੋਲਣ ਕਹਿੰਦੇ ਹਨ) ਮੈਂ ਉਸਨੂੰ ਪੁਛਿਆ ਕਿ ਬਾਪੂ ਜੀ ਦਾ ਕੀ ਹਾਲ ਹੈ ? ਉਹ ਬੋਲੀ, "ਬਾਪੂ ਜੀ ਤਾਂ ਅਜ ਸਵੇਰੇ ਅੰਮ੍ਰਿਤ ਵੇਲੇ ਚਾਰ ਵਜੇ ਚੜ੍ਹਾਈ ਕਰ ਗਏ ਹਨ।" ਮੈਂ ਪੁਛਿਆ, "ਅਗਨੀ ਸੰਸਕਾਰ ਕਦੋਂ ਹੈ ?" ਉਹ ਬੋਲੀ, "ਉਹ ਵੀ ਅਜ ਸਵੇਰੇ 11 ਵਜੇ ਹੋ ਗਿਆ ਹੈ।" ਮੈਨੂੰ ਇਕ ਦਮ ਦੁਖ ਤੇ ਰੋਸ ਦਾ ਝਟਕਾ ਵੀ ਲਗਾ ਤੇ ਕੁਝ ਗੁਸਾ ਵੀ ਆਇਆ। ਮੈਂ ਕਿਹਾ, "ਤੁਸਾਂ ਮੈਨੂੰ ਉਸੇ ਵੇਲੇ ਫ਼ੋਨ ਕਿਉਂ ਨਹੀਂ ਕੀਤਾ, ਤਾਂ ਜੋ ਮੈਂ ਕਾਰ ਰਾਹੀਂ ਸੰਸਕਾਰ ਵੇਲੇ ਪੁਜ ਜਾਂਦਾ" ਉਹ ਬੋਲੀ "ਤੁਹਾਨੂੰ ਫ਼ੋਨ ਕੀਤਾ ਸੀ, ਦੋ ਤਿੰਨ ਵਾਰੀ ਟਰਾਈ ਕੀਤੀ, ਲਾਈਨ ਨਹੀਂ ਮਿਲੀ। ਫ਼ੋਨ ਇਤਨੇ ਜ਼ਿਆਦਾ ਕਰਨੇ ਸਨ ਤੇ ਸੰਸਕਾਰ ਲਈ ਮਿਥੇ ਟਾਈਮ ਵਿਚ ਏਨਾ ਘਟ ਸਮਾਂ ਸੀ, ਕਿ ਇਕ ਦੋ ਵਾਰੀ ਟਰਾਈ ਕਰਨ ਨਾਲ ਜਿਹੜਾ ਮਿਲ ਗਿਆ, ਉਸ ਨੂੰ ਦਸ ਦਿਤਾ। ਹੁਣ ਅੱਧੀ ਰਾਤ ਨੂੰ ਲਾਈਨਾਂ ਖ਼ਾਲੀ ਹਨ ਤਾਂ ਤੁਹਾਨੂੰ ਫਿਰ ਟਰਾਈ ਕੀਤਾ ਹੈ।"

ਉਸ ਨੇ ਮੈਨੂੰ ਦਸਿਆ ਕਿ ਦਰਸ਼ਨ ਸਿੰਘ ਦੀ ਪਤਨੀ ਤੇ ਲੜਕੀ ਬਾਪੂ ਜੀ ਦੇ ਚੜ੍ਹਾਈ ਕਰਨ ਤੋਂ ਪਹਿਲਾਂ, ਉਥੋਂ ਚਲ ਪਈਆਂ ਸਨ। ਉਨ੍ਹਾਂ ਨੂੰ ਬਾਪੂ ਜੀ ਦੀ ਚੜ੍ਹਾਈ ਦਾ ਪਤਾ ਨਹੀਂ। ਤੁਸੀਂ ਭੀ ਨਾ ਦਸਣਾ, ਆਪੇ ਇਥੇ ਆ ਕੇ ਪਤਾ ਲਗ ਜਾਵੇਗਾ। ਇਹ ਵੀ ਤੈਅ ਹੋਇਆ ਕਿ ਮੈਂ ਉਨ੍ਹਾਂ ਨੂੰ ਨਾਲ ਲੈ ਕੇ ਸਵੇਰੇ ਸਾਢੇ ਸੱਤ ਚਲਣ ਵਾਲੀ ਚੰਡੀਗੜ੍ਹ ਜਾਣ ਵਾਲੀ ਸ਼ਤਾਬਦੀ ਐਕਸਪ੍ਰੈਸ ਤੇ ਚੜ੍ਹਾਂ ਤੇ ਅਸੀਂ ਅੰਬਾਲਾ ਛਾਉਣੀ ਉਤਰ ਜਾਈਏ, ਅਗੋਂ ਰਖੜੇ ਤੋਂ ਕਾਰ ਸਾਨੂੰ ਲੈਣ ਲਈ ਆਈ ਹੋਵੇਗੀ।

ਸੋ ਮੈਂ 2 ਨਵੰਬਰ ਸਵੇਰੇ ਤਿੰਨ ਵਜੇ ਆਪਣਾ ਅਟੈਚੀ ਲੈ ਕੇ ਆਪਣੀ ਕਾਰ ਤੇ ਡਰਾਈਵਰ ਸਮੇਤ ਦਿਲੀ ਏਅਰਪੋਰਟ ਪੁਜ ਗਿਆ। ਜਹਾਜ਼ ਥੋੜਾ ਲੇਟ ਸੀ। ਡੈਬੀ



Sri Satguru Jagjit Singh Ji eLibrary NamdhariElibrary@gmail.com

ਤੇ ਟੀਨਾ ਪੰਜ ਵਜੇ ਬਾਹਰ ਨਿਕਲੀਆਂ। ਮੈਂ ਆਪਣੇ ਚਿਹਰੇ ਤੇ ਕੋਈ ਅਫ਼ਸੋਸ ਜਾਂ ਦੁਖ ਪ੍ਰਗਟ ਨਾ ਹੋਣ ਦਿਤਾ, ਤੇ ਉਨ੍ਹਾਂ ਦਾ ਮੁਸਕਰਾ ਕੇ ਪਿਆਰ ਨਾਲ ਸੁਆਗਤ ਕਰਕੇ ਆਪਣੀ ਕਾਰ ਵਿਚ ਬਿਠਾ ਲਿਆ। ਡੈਬੀ ਨੇ ਮੇਰੇ ਘਰ ਦਾ ਹਾਲ ਚਾਲ ਪੁਛਿਆ ਤੇ ਟੀਨਾ ਨੇ ਮੈਨੂੰ ਕਈ ਵਾਰ ਅੰਕਲ ਜੀ ਅੰਕਲ ਜੀ ਕਹਿ ਕੇ, ਮੇਰੀ ਪਤਨੀ ਦੀ ਸਿਹਤ ਬਾਰੇ ਪੁਛਿਆ। ਮੈਂ ਤੇ ਮੇਰੀ ਪਤਨੀ ਅਜੇ ਮਹੀਨਾ ਡੇਢ ਪਹਿਲਾਂ ਹੀ ਤਾਂ ਉਨ੍ਹਾਂ ਪਾਸੋਂ ਵਾਪਸ ਦੇਸ਼ ਪਰਤੇ ਸਾਂ। ਵੈਸੇ ਭੀ ਮੈਨੂੰ ਦਰਸ਼ਨ ਸਿੰਘ ਦੇ ਪਰਿਵਾਰ ਵਿਚ ਘਰ ਦਾ ਮੈਂਬਰ ਸਮਝਿਆ ਜਾਂਦਾ ਹੈ ਤੇ ਮੈਂ ਕਈ ਵਾਰ ਬਾਪੂ ਜੀ ਨੂੰ, ਬੇਬੇ ਜੀ ਨੂੰ, ਚਰਨਜੀਤ ਦੀ ਪਤਨੀ ਸ਼ਰਨਜੀਤ ਨੂੰ, ਅਮਰੀਕਾ ਛੱਡ ਕੇ ਆਇਆ ਹਾਂ। ਜਦੋਂ ਦਰਸ਼ਨ ਸਿੰਘ ਨੂੰ ਆਪ ਫੁਰਸਤ ਨਾ ਹੋਵੇ, ਤਾਂ ਇਹ ਖ਼ੁਸ਼ਵਗਾਰ ਡਿਊਟੀ ਮੈਨੂੰ ਹੀ ਨਿਭਾਣੀ ਪੈਂਦੀ ਹੈ। ਉਨ੍ਹਾਂ ਦੇ ਪਰਿਵਾਰ ਦੇ ਜੀਆਂ ਵਲੋਂ ਅਮਰੀਕਾ ਜਾਂਦਿਆਂ ਤੇ ਆਂਦਿਆਂ, ਮੇਰੇ ਘਰ ਨੂੰ ਪਵਿਤਰ ਕੀਤਾ ਜਾਂਦਾ ਹੈ।

ਅਸੀਂ ਏਅਰਪੋਰਟ ਤੋਂ ਗੁਰਦੁਆਰਾ ਬੰਗਲਾ ਸਾਹਿਬ ਆਏ। ਇਹ ਗੱਲ ਭੀ ਵਰਨਣ ਯੋਗ ਹੈ ਕਿ ਸ੍ਰ. ਦਰਸ਼ਨ ਸਿੰਘ ਜੀ ਭੀ ਜਦੋਂ ਆਂਦੇ ਜਾਂ ਜਾਂਦੇ ਹਨ, ਗੁਰਦੁਆਰਾ ਬੰਗਲਾ ਸਾਹਿਬ ਤੇ ਜੇ ਵਕਤ ਹੋਵੇ ਤਾਂ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਭੀ ਦਰਸ਼ਨ ਕਰਦੇ ਹਨ। ਸਾਢੇ ਛੇ ਵਜੇ ਅਸੀਂ ਨਵੀਂ ਦਿੱਲੀ ਸਟੇਸ਼ਨ ਤੇ ਪੁਜ ਗਏ ਅਤੇ ਸ਼ਤਾਬਦੀ ਵਿਚ ਅੰਬਾਲਾ ਕੈਂਟ ਤਕ ਐਗਜ਼ੈਕਟਿਵ ਕਲਾਸ ਦੀਆਂ ਟਿਕਟਾਂ ਲੈ ਲਈਆਂ। ਗੱਡੀ ਇਕ ਨੰਬਰ ਪਲੇਟਫਾਰਮ ਤੇ ਲਗ ਚੁਕੀ ਸੀ, ਅਸੀਂ ਆਪਣੀਆਂ ਸੀਟਾਂ ਤੇ ਬੈਠ ਗਏ।

ਜਦ ਗੱਡੀ ਤੁਰੀ ਜਾਂਦੀ ਸੀ, ਤਾਂ ਮੈਂ ਸੋਚਣ ਲੱਗਾ ਕਿ ਪਿੰਡ ਪਹੁੰਚ ਕੇ ਤਾਂ ਇੰਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਲਗ ਹੀ ਜਾਵੇਗਾ। ਇਸ ਤਰ੍ਹਾਂ ਇਨ੍ਹਾਂ ਨੂੰ ਇਕ ਦਮ ਸਦਮਾ ਪੁਜੇਗਾ, ਜਿਸ ਲਈ ਇਹ ਤਿਆਰ ਨਹੀਂ ਹੋਣਗੀਆਂ। ਸੋ ਇਨ੍ਹਾਂ ਨੂੰ ਪਿੰਡ ਪਹੁੰਚਣ ਤਕ, ਦੋ ਤਿੰਨ ਘੰਟਿਆਂ ਵਿਚ, ਦਿਮਾਗੀ ਤੌਰ ਤੇ ਇਹ ਸਦਮਾ ਬਰਦਾਸ਼ਤ ਕਰਨ ਲਈ ਤਿਆਰ ਕਰਨਾ ਚਾਹੀਦਾ ਹੈ। ਮੈਂ ਦਸਿਆ ਕਿ ਬਾਪੂ ਜੀ ਬਹੁਤ ਬੀਮਾਰ ਹਨ। ਕਿਸੇ ਦਵਾਈ ਦਾ ਅਸਰ ਨਹੀਂ ਹੋ ਰਿਹਾ, ਡਾਕਟਰ ਪੂਰਾ ਜ਼ੋਰ ਲਗਾ ਰਹੇ ਹਨ।

ਜਦ ਅਸੀਂ ਕਰਨਾਲ ਦੇ ਲਾਗੇ ਪਹੁੰਚੇ ਤਾਂ ਮੈਂ ਕਿਹਾ ਕਿ ਭਾਵੇਂ ਬਾਪੂ ਜੀ ਤਾਂ ਚੜ੍ਹਦੀਆਂ ਕਲਾਂ ਵਿਚ ਹਨ, ਪਰ ਡਾਕਟਰਾਂ ਨੂੰ ਉਨ੍ਹਾਂ ਦੇ ਬਚਣ ਦੀ ਆਸ ਘੱਟ ਹੈ।

ਜਦ ਅਸੀਂ ਅੰਬਾਲੇ ਲਾਗੇ ਪਹੁੰਚੇ ਤਾਂ ਮੈਂ ਕਿਹਾ ਕਿ ਡਾਕਟਰਾਂ ਨੇ ਤਾਂ ਅਸਲ ਵਿਚ ਜਵਾਬ ਦੇ ਦਿਤਾ ਹੈ। ਹੁਣ ਤਾਂ ਪ੍ਰਮਾਤਮਾ ਹੀ ਕੋਈ ਕ੍ਰਿਪਾ ਕਰੇ ਤੇ ਚਮਤਕਾਰ ਹੋ ਜਾਵੇ। ਹੁਣ ਦਵਾ ਦੀ ਨਹੀਂ ਦੁਆ ਦੀ ਲੋੜ ਹੈ।

ਅੰਬਾਲੇ ਉਤਰੇ ਤਾਂ ਅਗੋਂ ਕਾਰ ਆਈ ਹੋਈ ਸੀ। ਅਸੀਂ ਰਖੜੇ ਵਲ ਚਲ ਪਏ। ਰਾਜਪੁਰੇ ਪਹੁੰਚ ਕੇ ਮੈਂ ਕਿਹਾ, ਕਿ ਬਾਪੂ ਜੀ ਦੀ ਹਾਲਤ ਏਨੀ ਖ਼ਰਾਬ ਹੈ ਕਿ ਕਿਸੇ ਵੇਲੇ ਭੀ ਅਣਹੋਣੀ ਵਾਪਰ ਸਕਦੀ ਹੈ। ਇਕ ਮਿੰਟ ਦਾ ਭੀ ਭਰੋਸਾ ਨਹੀਂ।

ਅਸੀਂ ਪਟਿਆਲੇ ਸ਼ਹਿਰ ਵਿਚ ਦਾਖ਼ਲ ਹੋ ਗਏ। ਮੈਂ ਸੋਚਿਆ ਕਿ ਹੁਣ ਪੰਦਰਾਂ ਵੀਹ ਮਿੰਟਾਂ ਵਿਚ ਪਿੰਡ ਪਹੁੰਚ ਜਾਣਾ ਹੈ। ਉਥੇ ਸਫ਼ ਵਿਛੀ ਹੋਵੇਗੀ ਤੇ ਕਾਫ਼ੀ ਲੋਕ ਸੋਗ ਮਨਾਉਣ ਲਈ ਇਕੱਠੇ ਹੋਏ ਹੋਣਗੇ। ਜੇ ਇਨ੍ਹਾਂ ਨੂੰ ਅਸਲੀਅਤ ਨਾ ਦਸੀ, ਤਾਂ



Sri Satguru Jagjit Singh Ji eLibrary NamdhariElibrary@gmail.com

ਇਹ ਹਸਦੀਆਂ ਮੁਸਕਰਾਂਦੀਆਂ ਕੋਠੀ ਵਿਚ ਦਾਖ਼ਲ ਹੋਣਗੀਆਂ ਤੇ ਲੋਕਾਂ ਤੇ ਬੜਾ ਬੁਰਾ ਅਸਰ ਪਵੇਗਾ। ਸੋ ਜਦੋਂ ਹੀ ਕਾਰ ਨੇ ਨਾਭਾ ਜਾਣ ਵਾਲੀ ਸੜਕ ਵਲ ਮੋੜ ਕਟਿਆ ਤਾਂ ਮੈਂ ਕਿਹਾ, "ਭੈਣ ਡੈਬੀ ਤੇ ਬੇਟੀ ਟੀਨਾ, ਮੈਂ ਹੁਣ ਤਕ ਤੁਹਾਨੂੰ ਇਕ ਬਹੁਤ ਵੱਡੀ ਮਾੜੀ ਖ਼ਬਰ ਸੁਣਨ ਲਈ ਦਿਮਾਗੀ ਤੌਰ ਤੇ ਤਿਆਰ ਕਰ ਰਿਹਾ ਸਾਂ। ਅਸਲੀਅਤ ਇਹ ਹੈ ਕਿ ਬਾਪੂ ਜੀ ਕਲ੍ਹ ਚੜ੍ਹਾਈ ਕਰ ਚੁੱਕੇ ਹਨ। ਤੁਸੀਂ ਉਨ੍ਹਾਂ ਦਾ ਮਿਰਤਕ ਸਰੀਰ ਜਾਂ ਮੂੰਹ ਵੀ ਨਹੀਂ ਦੇਖ ਸਕੋਗੀਆਂ, ਕਿਉਂਕਿ ਕਲ੍ਹ ਹੀ ਉਨ੍ਹਾਂ ਦਾ ਦਾਹ ਸੰਸਕਾਰ ਭੀ ਹੋ ਚੁਕਾ ਹੈ। ਹੁਣ ਕੇਵਲ ਉਨ੍ਹਾਂ ਦੀ ਰਾਖ ਹੀ ਤੁਹਾਨੂੰ ਵੇਖਣ ਨੂੰ ਮਿਲੇਗੀ।"

ਇਹ ਗੱਲ ਸੁਣ ਕੇ ਟੀਨਾ ਇਕ ਦਮ ਕੁਰਲਾ ਉਠੀ ਤੇ ਭੁਬਾਂ ਮਾਰ ਕੇ ਆਪਣੀ ਮਾਂ ਦੇ ਗੱਲ ਨਾਲ ਚੰਬੜ ਗਈ। ਦੋਵੇਂ ਮਾਂ-ਧੀ ਇਕ ਦੂਜੇ ਨੂੰ ਜਫੀ ਪਾ ਕੇ ਰੋਂਦੀਆਂ ਰਹੀਆਂ। ਕੋਠੀ ਨਜ਼ਦੀਕ ਆ ਜਾਣ ਤੇ ਮੈਂ ਦੋਹਾਂ ਨੂੰ ਚੁਪ ਕਰਾਇਆ, ਹੌਂਸਲਾ ਦਿਤਾ ਤੇ ਕਿਹਾ ਕਿ ਹੁਣ ਤੁਸੀਂ ਆਪਣੇ ਆਪ ਨੂੰ ਸੰਭਾਲੋ ਤੇ ਸਥਿਤੀ ਅਨੁਸਾਰ ਹੀ ਬੀਹੇਵ ਕਰੋ।

ਕੋਠੀ ਪੁਜੇ ਤਾਂ ਕਾਫ਼ੀ ਇਸਤਰੀਆਂ-ਮਰਦ ਬੈਠੇ ਸਨ। ਡੈਬੀ ਤੇ ਟੀਨਾ ਰੋਂਦੀਆਂ ਹੋਈਆਂ ਬੇਬੇ ਜੀ ਦੇ ਗੱਲੇ ਲਗ ਗਈਆਂ। ਦਰਸ਼ਨ, ਸੁਰਜੀਤ, ਚਰਨਜੀਤ, ਹਰਿੰਦਰ ਤੇ ਸ਼ਰਨਜੀਤ ਨੂੰ ਵੀ ਗਲ ਲਗ ਰੋਈਆਂ। ਬੱਚੇ ਵੀ ਸਾਰੇ ਇਸੇ ਤਰ੍ਹਾਂ ਆਪੋ ਵਿਚ ਮਿਲੇ।

ਮੈਂ ਸਾਰੀ ਗੱਲ ਦਰਸ਼ਨ ਸਿੰਘ ਹੋਰਾਂ ਨੂੰ ਦਸੀ। ਉਹ ਕਹਿਣ ਲਗੇ, "ਤੁਸਾਂ ਬਹੁਤ ਚੰਗਾ ਕੀਤਾ ਹੈ। ਜੇ ਏਅਰਪੋਰਟ ਤੇ ਹੀ ਸਾਰੀ ਗੱਲ ਦਸ ਦੇਂਦੇ, ਤਾਂ ਇਨ੍ਹਾਂ ਤਿੰਨ ਘੰਟੇ, ਗੱਡੀ ਵਿਚ ਤੇ ਕਾਰ ਵਿਚ ਰੋਂਦੇ ਹੀ ਆਣਾ ਸੀ, ਤੇ ਕਿਸੇ ਇਨ੍ਹਾਂ ਨੂੰ ਚੁਪ ਨਹੀਂ ਸੀ ਕਰਾ ਸਕਣਾ।"

ਬਾਪੂ ਜੀ ਦਾ ਅੰਤਮ ਸੰਸਕਾਰ ਕੋਠੀ ਦੀ ਹੱਦ ਵਿਚ ਹੀ ਦੋ ਰੁਖਾਂ ਦੇ ਨਾਲ ਲਗਦੀ ਥਾਂ ਤੇ ਕੀਤਾ ਗਿਆ ਸੀ। ਆਪਣੇ ਚਲਾਣੇ ਤੋਂ ਛੇ ਮਹੀਨੇ ਪਹਿਲਾਂ ਹੀ, ਉਨ੍ਹਾਂ ਆਪ ਇਹ ਜਗ੍ਹਾ ਪਸੰਦ ਕਰਕੇ ਚੁਣੀ ਸੀ ਤੇ ਕਿਹਾ ਸੀ ਕਿ ਜਦੋਂ ਮੈਂ ਚੜ੍ਹਾਈ ਕਰ ਜਾਵਾਂ, ਤਾਂ ਮੇਰਾ ਦਾਹ-ਸੰਸਕਾਰ ਇਸ ਥਾਂ ਤੇ ਕਰਨਾ। ਸੋ ਉਨ੍ਹਾਂ ਦੀ ਇਛਾ ਅਨੁਸਾਰ ਇਥੇ ਹੀ ਸੰਸਕਾਰ ਕੀਤਾ ਗਿਆ। ਜਥੇਦਾਰ ਟੌਹੜਾ ਤੇ ਹੋਰ ਅਕਾਲੀ ਲੀਡਰ ਪੁੱਜੇ ਹੋਏ ਸਨ। ਸ੍ਰ. ਪ੍ਰਕਾਸ਼ ਸਿੰਘ ਬਾਦਲ ਵੀ ਬਅਦ ਦੁਪਹਿਰ ਆਏ ਸਨ।

ਇਹ ਥਾਂ ਉਨ੍ਹਾਂ ਨੇ ਅੰਤਮ ਸੰਸਕਾਰ ਲਈ ਆਪ ਕਿਉਂ ਚੁਣੀ, ਇਸ ਦੇ ਪਿਛੇ ਭੀ ਇਕ ਕਥਾ ਹੈ। ਇਥੇ ਦੋ ਰੁਖਾਂ ਦੇ ਦਰਮਿਆਨ ਇਕ ਖੂਹੀ ਹੈ, ਜੋ ਹੁਣ ਭੀ ਮੌਜੂਦ ਹੈ। ਇਸ ਨੂੰ ਕਿਸੇ ਸਮੇਂ ਰਾਧੇ ਲਾਲ ਦੀ ਖੂਹੀ ਕਿਹਾ ਜਾਂਦਾ ਸੀ। ਬਾਬਾ ਰਲਾ ਸਿੰਘ, ਰਾੜੇ ਵਾਲੇ ਦੇ ਸੰਤਾਂ, ਬਾਬਾ ਈਸ਼ਰ ਸਿੰਘ ਜੀ ਦੇ ਗੜਵੀ ਸਨ। ਬਾਬਾ ਰਲਾ ਸਿੰਘ ਚਾਹੁੰਦਾ ਸੀ, ਕਿ ਰਾੜੇ ਵਾਲੇ ਸੰਤ ਕਿਸੇ ਦਿਨ ਉਸ ਦੇ ਪਿੰਡ ਵੀ ਜਾਣ। ਇਕ ਦਿਨ ਸੰਤ ਕਹਿਣ ਲਗੇ, ਰਲਾ ਸਿੰਘ, ਚਲ ਅਜ ਤੇਰੇ ਪਿੰਡ ਚਲੀਏ। ਉਦੋਂ ਇਹ ਗ਼ੈਰ ਆਬਾਦ ਇਲਾਕਾ ਸੀ। ਰਸਤੇ ਵਿਚ ਇਹ ਖੂਹੀ ਵਾਲੀ ਥਾਂ ਆਈ। ਸੰਤਾਂ ਨੇ ਇਥੇ ਕੁਝ ਦੇਰ ਆਰਾਮ ਕੀਤਾ। ਬਅਦ ਵਿਚ ਇਹ ਸਾਰੀ ਜ਼ਮੀਨ ਬਾਪੂ ਜੀ ਨੇ ਖ਼ਰੀਦ ਲਈ ਤੇ ਇਹ ਹੁਣ ਉਨ੍ਹਾਂ ਦੀ ਕੋਠੀ ਦੀ ਤੀਹ ਏਕੜ ਜ਼ਮੀਨ ਦਾ ਹਿਸਾ ਹੈ। ਬਾਪੂ



Sri Satguru Jagjit Singh Ji eLibrary NamdhariElibrary@gmail.com

ਜੀ ਇਸ ਨੂੰ ਭਾਗਾਂ ਵਾਲੀ ਥਾਂ ਕਹਿੰਦੇ ਸਨ। ਉਨ੍ਹਾਂ ਇਸ ਖੂਹੀ ਨਾਲ ਲਗਦੀ ਥਾਂ ਨੂੰ ਆਪਣੇ ਅੰਤਮ ਸੰਸਕਾਰ ਲਈ ਚੁਣ ਰਖਿਆ ਸੀ। (ਉਥੇ ਹੁਣ ਉਹਨਾਂ ਦੀ ਯਾਦ ਵਿਚ ਗੁਰਦੁਆਰਾ ਬਣਾ ਦਿਤਾ ਗਿਆ ਹੈ, ਜਿਸਦੀ ਬੁਨਿਆਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 7 ਮਈ 1997 ਨੂੰ ਪਹਿਲਾ ਟੱਕ ਲਾ ਕੇ ਰਖੀ, ਤੇ ਫਿਰ ਬਾਪੂ ਦੇ ਸਪੁਤਰਾਂ, ਰਿਸ਼ਤੇਦਾਰਾਂ, ਮਿੱਤਰਾਂ ਤੇ ਸੰਗਤ ਨੇ, ਕਸੀਆਂ ਨਾਲ ਮਿੱਟੀ ਕਢ ਕੇ, ਬਾਪੂ ਦੇ ਚਰਨਾਂ ਵਿਚ ਸ਼ਰਧਾਂਜਲੀ ਭੇਟ ਕੀਤੀ)

ਤਿੰਨ ਨਵੰਬਰ ਸਵੇਰੇ ਫੁਲ ਚੁਣਨ ਲਈ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਵਕਤ ਤੋਂ ਦੋ ਘੰਟੇ ਪਹਿਲਾਂ ਹੀ ਇਕੱਠੀਆਂ ਹੋ ਗਈਆਂ ਸਨ। ਸੰਗਤਾਂ ਨੇ ਬੈਠ ਕੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕੀਤਾ। ਫਿਰ ਪਟਿਆਲੇ ਦੇ ਪ੍ਰਸਿਧ ਅਕਾਲੀ ਵਰਕਰ ਤੇ ਸਾਬਕਾ ਮੰਤਰੀ ਸਰਦਾਰਾ ਸਿੰਘ ਕੋਹਲੀ ਜੀ ਨੇ ਸੰਗਤਾਂ ਨੂੰ ਗੁਰਬਾਣੀ ਦੇ ਵੈਰਾਗਮਈ ਸ਼ਬਦ ਅਗੇ ਪਿਛੇ ਪੜ੍ਹਵਾਏ। ਅਰਦਾਸ ਉਪਰੰਤ ਫੁੱਲ ਚੁਣਨ ਦੀ ਰਸਮ ਪੂਰੀ ਕੀਤੀ ਗਈ ਤੇ ਫੁੱਲ ਲੈ ਕੇ ਬਾਪੂ ਜੀ ਦਾ ਸਾਰਾ ਪਰਿਵਾਰ, ਰਿਸ਼ਤੇਦਾਰ, ਦੋਸਤ-ਮਿੱਤਰ, ਤੇ ਪੰਚਾਇਤਾਂ ਦੇ ਮੈਂਬਰ, ਕਾਰਾਂ ਤੇ ਬਸਾਂ ਦੇ ਕਾਫ਼ਲੇ ਦੇ ਰੂਪ ਵਿਚ ਕੀਰਤਪੁਰ ਸਾਹਿਬ ਲਈ ਚਲ ਪਏ।

ਕੀਰਤਪੁਰ ਸਾਹਿਬ ਪੁਜ ਕੇ ਗੁਰਮਤ ਅਨੁਸਾਰ ਫੁੱਲ ਜਲ ਪ੍ਰਵਾਹ ਕੀਤੇ ਗਏ। ਜਥੇਦਾਰ ਟੌਹੜਾ ਸਾਹਿਬ ਵਲੋਂ ਭੇਜੇ ਗਏ ਸੰਦੇਸ਼ ਅਨੁਸਾਰ ਗੁਰਦੁਆਰੇ ਦੇ ਰਾਗੀ, ਗ੍ਰੰਥੀ ਤੇ ਸਾਰਾ ਸਟਾਫ਼ ਪੂਰੀ ਤਿਆਰੀ ਵਿਚ ਉਡੀਕ ਰਹੇ ਸਨ। ਕੀਰਤਨ ਹੋਇਆ ਤੇ ਸੰਗਤ ਨੇ ਬਾਪੂ ਜੀ ਦੇ ਪਰਿਵਾਰ ਵਲੋਂ ਤਿਆਰ ਕਰਵਾਇਆ ਗਿਆ ਲੰਗਰ ਛਕਿਆ। ਦਰਸ਼ਨ ਸਿੰਘ ਜੀ ਨੇ ਉਥੇ ਇਕ ਅਖੰਡ ਪਾਠ ਰਖਵਾਉਣ ਦਾ ਵੀ ਫ਼ੈਸਲਾ ਕੀਤਾ ਜੋ ਉਥੇ 13 ਨਵੰਬਰ ਨੂੰ ਰਖ ਕੇ 15 ਨਵੰਬਰ ਨੂੰ ਸਮਾਪਤੀ ਹੋਣੀ ਸੀ। ਰਖੜੇ ਵਿਚ ਅੰਤਮ ਅਰਦਾਸ ਦਾ ਦਿਨ 13 ਨਵੰਬਰ 96 ਨੀਯਤ ਕੀਤਾ ਗਿਆ ਸੀ।

ਦਰਸ਼ਨ ਸਿੰਘ ਜੀ ਨੇ ਬਾਪੂ ਜੀ ਦੇ ਸੁਰਗਵਾਸ ਹੋਣ ਨੂੰ ਵੱਡਾ ਮਰਨਾ ਕਰਕੇ ਮਨਾਉਣ ਦਾ ਫ਼ੈਸਲਾ ਕੀਤਾ। ਤਿੰਨ ਹਜ਼ਾਰ ਕੁਐਂਟਲ ਲੱਡੂ ਬਣਵਾਉਣ ਲਈ ਪੰਜਾਹ ਹਲਵਾਈਆਂ ਦਾ ਅਮਲਾ ਦਿਨ ਰਾਤ ਕੰਮ ਕਰਨ ਲਗ ਪਿਆ। ਰੋਜ਼ਾਨਾ ਟਰੈਕਟਰ ਟਰਾਲੀਆਂ ਲੱਡੂਆਂ ਦੀਆਂ ਭਰਕੇ ਪਿੰਡਾਂ ਵਿਚ ਵੰਡਣ ਲਈ ਘਲੀਆਂ ਜਾਂਦੀਆਂ ਸਨ। ਆਲੇ-ਦੁਆਲੇ ਇਕ ਸੌ ਪਿੰਡਾਂ ਵਿਚ ਹਰ ਘਰ ਲੱਡੂ ਪਹੁੰਚਾਏ ਗਏ। ਪੰਡਤਾਂ, ਭਾਈਆਂ ਤੇ ਮੌਲਵੀਆਂ ਦੇ ਘਰ ਲੱਡੂਆਂ ਤੋਂ ਇਲਾਵਾ ਸੌ ਰੁਪੈ ਪ੍ਰਤੀ ਜੀਅ ਨਗਦ ਭੀ ਦਿਤੇ ਗਏ। ਕਾਮਿਆਂ ਤੇ ਕਿਰਤੀਆਂ ਦੇ ਘਰਾਂ ਵਿਚ ਵੀ ਲੱਡੂ ਤੇ ਪੈਸੇ ਪੁਚਾਏ ਗਏ। ਅੰਤਮ ਅਰਦਾਸ ਵਾਲੇ ਦਿਨ ਆਈ ਸੰਗਤ ਵਿਚ ਵੰਡਣ ਲਈ ਲੱਡੂਆਂ ਦੇ ਸਠ ਹਜ਼ਾਰ ਡੱਬੇ ਬਣਵਾਏ ਗਏ। ਸੰਗਤਾਂ ਲਈ ਰੋਟੀ ਅਤੇ ਚਾਹ ਦੇ ਵੱਖ-ਵੱਖ ਲੰਗਰ ਲਾਏ ਗਏ। ਚਾਹ ਨਾਲ ਚਾਰ ਪੰਜ ਕਿਸਮ ਦੀ ਮਠਿਆਈ, ਬਰਫ਼ੀ, ਰਸਗੁੱਲੇ ਤੇ ਜਲੇਬੀਆਂ ਆਦਿ ਭੀ ਰਖੀਆਂ ਗਈਆਂ।



Sri Satguru Jagjit Singh Ji eLibrary NamdhariElibrary@gmail.com

# ਅਖ਼ਬਾਰਾਂ ਵਿਚ ਛਪੇ ਸ਼ਰਧਾ ਦੇ ਫੁਲ



Sri Satguru Jagjit Singh Ji eLibrary NamdhariElibrary@gmail.com

# ਰੰਗਲੇ ਸੱਜਣ ਸਨ-ਬਾਪੂ ਕਰਤਾਰ ਸਿੰਘ ਜੀ ਰੱਖੜਾ

ਅਜਿਹੇ ਸੱਜਣ ਵਿਰਲੇ ਹੀ ਮਿਲਦੇ ਹਨ ਜੋ ਅੱਖੋਂ ਓਹਲੇ ਹੋ ਕੇ ਵੀ ਚਾਨਣ ਰਿਸ਼ਮਾਂ ਵੰਡਦੇ ਹਨ। ਉਨ੍ਹਾਂ ਵਿਚੋਂ ਇਕ ਇਨਸਾਨ ਸਨ ਪਿੰਡ ਰੱਖੜਾ ਜ਼ਿਲ੍ਹਾ ਪਟਿਆਲਾ ਦੇ ਵਸਨੀਕ ਸੂਬੇਦਾਰ ਕਰਤਾਰ ਸਿੰਘ ਜੀ ਧਾਲੀਵਾਲ, ਜਿਨ੍ਹਾਂ ਨੂੰ ਸਾਰੇ ਸਤਿਕਾਰ ਨਾਲ ਬਾਪੂ ਜੀ ਕਹਿੰਦੇ ਸਨ। ਇਸ ਸ਼ਖ਼ਸ ਨੇ ਇਕ ਸਾਧਾਰਨ ਗਰੀਬ ਕਿਸਾਨ ਪਰਿਵਾਰ ਵਿਚ ਜਨਮ ਲਿਆ ਤੇ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਆਪਣਾ ਹੀ ਨਹੀਂ ਸਗੋਂ ਇਲਾਕੇ ਦਾ ਨਾਂ ਵੀ ਦੇਸ਼ਾਂ-ਵਿਦੇਸ਼ਾਂ ਵਿਚ ਜਾ ਕੇ ਚਮਕਾਇਆ। ਆਪ ਭਗਤ, ਦਾਨੀ ਤਿਆਗੀ ਤੇ ਸੰਤ ਮੂਰਤ ਕਿਸਾਨ ਸਨ। ਪਟਿਆਲਾ ਦਾ ਬੱਚਾ-ਬੱਚਾ ਉਨ੍ਹਾਂ ਦੇ ਨਾਂ ਤੋਂ ਵਾਕਿਫ ਸੀ, ਸੂਬੇਦਾਰ ਕਰਤਾਰ ਸਿੰਘ ਇਕ ਮਾਮੂਲੀ ਕਿਸਾਨ ਸੀ, ਜਿਸ ਦੀ ਥੋੜ੍ਹੀ ਜ਼ਮੀਨ ਵੀ ਉਪਜਾਊ ਨਹੀਂ ਸੀ, ਆਖ਼ਰ ਫ਼ੌਜ ਵਿਚ ਸਿਪਾਹੀ ਦੇ ਰੂਪ ਵਿਚ ਭਰਤੀ ਹੋ ਗਏ ਤੇ ਆਪਣੀ ਲਗਨ, ਮਿਹਨਤ, ਬਹਾਦਰੀ ਅਤੇ ਖੇਡਾਂ, ਖਾਸ ਕਰਕੇ ਦੌੜਾਂ ਵਿਚ ਨਾਮ ਕਮਾ ਕੇ ਸੂਬੇਦਾਰ ਬਣ ਗਏ। ਆਪ ਦਾ ਫ਼ੌਜੀ ਜੀਵਨ ਵੀ ਕਾਰਨਾਮਿਆਂ ਭਰਿਆ ਤੇ ਸ਼ਾਨਦਾਰ ਰਿਹਾ। ਆਪ ਨੇ ਫਰੰਟੀਅਰ ਦੇ ਇਲਾਕੇ ਵਿਚ, ਭਾਰਤ ਦੇ ਕਈ ਹਿਸਿਆਂ ਵਿਚ ਅਤੇ ਅੰਤ ਦੂਸਰੇ ਵੱਡੇ ਯੁੱਧ ਵਿਚ ਸਿੰਗਾਪੁਰ ਤੇ ਮਲਾਇਆ ਆਦਿ ਦੇਸ਼ਾਂ ਦੇ ਮੈਦਾਨਾਂ ਤੇ ਜੰਗਲਾਂ ਵਿਚ ਬਹਾਦਰੀ ਵਾਲੇ ਕਾਰਨਾਮੇ ਕੀਤੇ ਤੇ ਆਪਣੇ ਦੇਸ਼ ਦਾ ਨਾਂ ਚਮਕਾਇਆ। ਆਪ ਨੂੰ ਦੂਜੀ ਵਡੀ ਜੰਗ ਵਿਚ ਜਾਪਾਨੀਆਂ ਦੀ ਕੈਦ ਵੀ ਕਟਣੀ ਪਈ।

ਫ਼ੌਜੀ ਸੇਵਾ ਮਗਰੋਂ ਆਪ ਨੇ ਪੁਲਿਸ ਦੀ ਨੌਕਰੀ ਕੀਤੀ ਤੇ ਹੈਰਾਨ ਕਰਨ ਵਾਲੇ ਕਾਰਨਾਮੇ ਕੀਤੇ। ਪੁਲਿਸ ਦੀ ਨੌਕਰੀ ਪਿਛੋਂ ਆਪ ਸਮਾਜ ਸੇਵਾ ਲਈ ਨਿਤਰੇ ਤੇ ਪਿੰਡਾਂ ਵਿਚ ਸਕੂਲ, ਖੁਲ੍ਹਵਾਏ। ਲੋੜਵੰਦਾਂ ਦੀ ਮਦਦ ਕੀਤੀ। ਆਪਣੀ ਮਿਹਨਤ ਦੀ ਕਮਾਈ ਨਾਲ ਜ਼ਮੀਨ ਵਧਾਈ ਤੇ ਸਫਲ ਖੇਤੀ ਕੀਤੀ ਤੇ ਇਕ ਨਾਮਵਰ ਕਿਸਾਨ ਬਣ ਗਏ। ਆਪ ਕਈ ਕਈ ਘੰਟੇ ਭਗਤੀ ਵਿਚ ਲੀਨ ਰਹਿੰਦੇ ਸਨ। ਤੇ ਆਪਣੇ ਬੱਚਿਆਂ ਨੂੰ ਧਾਰਮਿਕ ਕਾਰਜਾਂ ਵਿਚ ਹੱਥ ਵਟਾਣ ਲਈ ਹਮੇਸ਼ਾਂ ਪ੍ਰੇਰਦੇ ਰਹਿੰਦੇ। ਇਲਾਕੇ ਵਿਚ ਕੋਈ ਵੀ ਖੇਡ ਮੇਲਾ, ਸਭਿਆਚਾਰਕ ਮੇਲਾ ਜਾਂ ਵਿਕਾਸ ਕਾਰਜ ਹੁੰਦਾ, ਆਪ ਉਨ੍ਹਾਂ ਮੇਲਿਆਂ ਵਿਚ ਮੁੱਖ ਮਹਿਮਾਨ ਵਜੋਂ ਸ਼ਿੰਗਾਰ ਬਣਦੇ ਤੇ ਉਨ੍ਹਾਂ ਨੂੰ ਆਪਣੇ ਵਲੋਂ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰਦੇ ਸਨ।

ਬਾਪੂ ਦੀ ਧਰਮ ਪਤਨੀ, ਜਿਸ ਨੂੰ ਸਾਰੇ ਬੇਬੇ ਜੀ ਕਹਿੰਦੇ ਹਨ, ਘਰ ਦੀ ਸੰਭਾਲ, ਖੇਤੀ ਦੇ ਕੰਮ ਦੀ ਦੇਖਭਾਲ ਅਤੇ ਡੰਗਰਾਂ ਦੀ ਦੇਖਭਾਲ ਵਿਚ ਵੱਡੀ ਦਿਲਚਸਪੀ ਰਖਦੇ



Sri Satguru Jagjit Singh Ji eLibrary NamdhariElibrary@gmail.com

ਹਨ ਤੇ ਉਹ ਵੀ ਦਾਨੀ ਸੁਭਾਅ ਦੇ ਹਨ।

ਸੂਬੇਦਾਰ ਬਾਪੂ ਦੀ ਔਲਾਦ ਤਿੰਨ ਲੜਕੇ ਹਨ। ਵੱਡਾ ਸਪੁੱਤਰ ਦਰਸ਼ਨ ਸਿੰਘ ਧਾਲੀਵਾਲ ਜੋ ਅਮਰੀਕਾ ਵਿਚ ਹੈ, ਦੂਸਰਾ ਸੁਰਜੀਤ ਸਿੰਘ, ਪਿੰਡ ਰਹਿ ਕੇ ਖੇਤੀ ਦਾ ਕੰਮ ਸੰਭਾਲਦਾ ਹੈ, ਤੀਜਾ ਚਰਨਜੀਤ ਸਿੰਘ ਜੋ ਆਪਣੇ ਵੱਡੇ ਭਰਾ ਪਾਸ ਅਮਰੀਕਾ ਵਿਚ ਰਹਿ ਕੇ ਉਸ ਦੇ ਕਾਰੋਬਾਰ 'ਚ ਹੱਥ ਵਟਾਂਦਾ ਹੈ। ਤਿੰਨੇ ਪੁੱਤਰ ਵਿਆਹੇ ਹੋਏ ਹਨ। ਬਾਪੂ ਜੀ ਦਾ ਵੱਡਾ ਸਪੁੱਤਰ ਦਰਸ਼ਨ ਸਿੰਘ ਅਮਰੀਕਾ ਵਿਚ ਹਿੰਦੁਸਤਾਨੀਆਂ ਵਿਚ ਮੰਨਿਆਂ ਪ੍ਰਮੰਨਿਆਂ ਕਾਰੋਬਾਰੀ, ਪੰਜਾਬੀਆਂ ਵਿਚ ਪ੍ਰਮੁੱਖ ਪੰਜਾਬੀ ਅਤੇ ਸਿੱਖਾਂ ਵਿਚ ਸਿਰਮੌਰ ਪੰਥ ਸੇਵਕ ਹੈ, ਜੋ ਉਥੇ ਵੀ ਲੱਖਾਂ ਰੁਪਏ ਧਾਰਮਿਕ ਕਾਰਜਾਂ ਲਈ ਦਾਨ ਕਰਦਾ ਹੈ।

ਉਨ੍ਹਾਂ ਪਾਸ ਦੋ ਸੌ ਪੈਟਰੋਲ ਪੰਪ ਹਨ। ਤੇ ਹਜ਼ਾਰਾਂ ਪੰਪਾਂ ਨੂੰ ਉਹ ਪੈਟਰੋਲ ਸਪਲਾਈ ਕਰਦੇ ਹਨ। ਉਹ ਪੈਟਰੋਲ ਦੇ ਉੱਘੇ ਤੇ ਵਡੇ ਵਪਾਰੀ ਵਜੋਂ ਮਸ਼ਹੂਰ ਹਨ ਤੇ ਅੱਜ ਕਲ੍ਹ ਆਪ ਵਿਸਕਾਨਸਨ ਸਟੇਟ ਦੇ ਮਿਲਵਾਕੀ ਸ਼ਹਿਰ ਵਿਚ ਰਹਿੰਦੇ ਹਨ, ਆਪ ਉਥੋਂ ਦੇ ਪਰਿਆਵਰਣ ਮਹਿਕਮੇ ਦੇ ਚੇਅਰਮੈਨ ਹਨ, ਇਹ ਸ਼ਾਇਦ ਪਹਿਲੀ ਵਾਰ ਹੈ ਕਿ ਕਿਸੇ ਏਸ਼ੀਅਨ ਨੂੰ ਵਿਦੇਸ਼ 'ਚ ਇੰਨਾ ਵੱਡਾ ਮਾਣ ਮਿਲਿਆ ਹੈ।

ਸੂਬੇਦਾਰ ਬਾਪੂ ਦੇ ਜ਼ਾਤੀ ਜੀਵਨ, ਉਚੇ ਆਚਰਣ ਤੇ ਧਾਰਮਿਕ ਰਹਿਣੀ ਬਹਿਣੀ ਦਾ ਡੂੰਘਾ ਪ੍ਰਭਾਵ ਉਸ ਦੇ ਪੱਤਰਾਂ ਦੇ ਜੀਵਨ ਤੇ ਪਿਆ ਹੈ, ਜੋ ਰਹਿਣੀ ਬਹਿਣੀ ਦੇ ਪੱਕੇ, ਅੰਮ੍ਰਿਤਧਾਰੀ ਸਿੱਖ ਹਨ, ਤੇ ਸੱਚਾ ਸੁੱਚਾ ਸਿੱਖੀ ਜੀਵਨ ਬਤੀਤ ਕਰਦੇ ਹਨ।

ਵੱਡਾ ਲੜਕਾ ਦਰਸ਼ਨ ਸਿੰਘ ਧਾਲੀਵਾਲ 1972 ਵਿਚ ਇੰਜੀਨੀਅਰਿੰਗ ਪੜ੍ਹਨ ਲਈ ਅਮਰੀਕਾ ਵਿਚ ਗਿਆ ਸੀ ਤੇ 1976 ਵਿਚ ਇੰਜਨੀਅਰੀ ਪਾਸ ਕਰਕੇ, ਅਮਰੀਕਾ ਵਿਚ ਹੀ ਪੈਟਰੋਲ ਦੇ ਕੰਮ ਵਿਚ ਲੱਗ ਗਿਆ। ਉਥੇ ਉਸ ਦੀ ਸ਼ਾਦੀ ਇਕ ਅਮਰੀਕਨ ਲੜਕੀ ਡੇਬ ਨਾਲ ਹੋ ਗਈ। ਅੱਜ ਉਸਦੇ ਤਿੰਨ ਲੜਕੇ ਤੇ ਤਿੰਨ ਲੜਕੀਆਂ ਹਨ। ਤਿੰਨੇ ਲੜਕੇ ਦਾਹੜੀ ਕੇਸਾਂ, ਤੇ ਦਸਤਾਰਾਂ ਵਿਚ ਸੋਭਦੇ ਹਨ। ਸਾਰਾ ਪਰਿਵਾਰ ਸਾਲ ਵਿਚ ਇਕ ਦੋ ਮਹੀਨੇ ਪੰਜਾਬ ਵਿਚ ਰਖੜੇ ਪਿੰਡ ਆ ਕੇ ਠਹਿਰਦਾ ਹੈ। ਸੂਬੇਦਾਰ ਬਾਪੂ ਦੀ ਅਮਰੀਕਨ ਨੂੰਹ ਵੀ ਸਲਵਾਰ, ਕਮੀਜ਼, ਦੁਪੱਟਾ ਪਹਿਨ ਕੇ ਪੂਰੇ ਪੰਜਾਬੀ ਰੂਪ ਵਿਚ ਰਹਿੰਦੀ ਹੈ।

ਸੂਬੇਦਾਰ ਕਰਤਾਰ ਸਿੰਘ ਕਾਰਨ ਹੀ ਉਨ੍ਹਾਂ ਦੇ ਸਾਰੇ ਪਰਿਵਾਰ ਵਿਚ ਪੂਰਨ ਏਕਤਾ, ਪ੍ਰਸਪਰ ਪਿਆਰ ਤੇ ਮਿਲਵਰਤਨ ਹੈ। ਦਰਸ਼ਨ ਸਿੰਘ ਦਾ ਨਾਮ ਅਮਰੀਕਾ ਵਿਚ ਤੇ ਪੰਜਾਬ ਵਿਚ ਇਕੋ ਜਿਹਾ ਚਮਕ ਰਿਹਾ ਹੈ। ਉਹ ਆਪਣੀ ਸਟੇਟ ਵਿਚ ਵਜ਼ੀਰ ਹੈ। ਅਮਰੀਕਾ ਦਾ ਰਾਸ਼ਟਰਪਤੀ ਕਲਿੰਟਨ ਉਸ ਦੇ ਘਰ ਜਾਂਦਾ ਹੈ, ਸਟੇਟਾਂ ਦੇ ਗਵਰਨਰ, ਬੈਂਕਾਂ ਦੇ ਚੇਅਰਮੈਨ, ਦੇਸ਼-ਪ੍ਰਦੇਸ ਦੇ ਨੇਤਾ, ਸੰਤ ਮਹਾਤਮਾ, ਜਦੋਂ ਅਮਰੀਕਾ ਦੌਰੇ ਤੇ ਜਾਂਦੇ ਹਨ, ਤਾਂ ਉਸ ਦੇ ਘਰ ਜ਼ਰੂਰ ਪਧਾਰਦੇ ਹਨ। ਉਹ ਪੰਜਾਬੀ ਲੇਖਕਾਂ, ਪੱਤਰਕਾਰਾਂ ਦਾ ਮੇਜ਼ਬਾਨ ਸਰਪ੍ਰਸਤ ਤੇ ਮਿੱਤਰ ਹੈ ਤੇ ਹਰ ਆਏ ਮਹਿਮਾਨ ਨੂੰ ਖਿੜੇ ਮੱਥੇ ਮਿਲਦਾ ਹੈ ਤੇ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਕਰਕੇ ਖ਼ੁਸ਼ੀ ਮਹਿਸੂਸ ਕਰਦਾ ਹੈ। ਹਰ ਪ੍ਰਕਾਰ ਦੀ ਸੇਵਾ ਕਰਨ ਵਾਲਾ, ਦਾਨੀ, ਦਾਨਾਂ ਤੇ ਪੁਰਕਸ਼ਸ਼ ਵਿਅਕਤੀ ਹੈ, ਪਰ ਇਨ੍ਹਾਂ ਸਭ ਕੁਝ ਦੇ ਪਿਛੇ, ਉਸ ਦੇ ਮਹਾਨ ਪਿਤਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ



Sri Satguru Jagjit Singh Ji eLibrary NamdhariElibrary@gmail.com

ਦੀ ਪਵਿੱਤਰ ਸ਼ਖ਼ਸੀਅਤ, ਭਗਤੀ, ਉਚ-ਆਚਰਨ ਅਤੇ ਗੁਰੂ ਨਾਨਕ ਨਾਮ ਦੀ ਉਚੀ ਸ਼ਰਧਾ ਤੇ ਵਿਸ਼ਵਾਸ਼ ਹੈ। ਇਹੀ ਕਾਰਨ ਹੈ ਜਿਥੇ ਵੀ ਕੁਝ ਦੇਣਾ ਹੋਵੇ, ਐਵਾਰਡ ਸਥਾਪਤ ਕਰਨੇ ਹੋਣ ਜਾਂ ਕੋਈ ਸੰਸਥਾ ਜਾਂ ਟਰੱਸਟ ਕਾਇਮ ਕਰਨਾ ਹੋਵੇ, ਉਹ ਆਪਣਾ ਨਾਂ ਨਹੀਂ, ਸਗੋਂ ਆਪਣੇ ਪਿਤਾ ਦਾ ਨਾਂ ਦੇਂਦਾ ਹੈ, ਉਨ੍ਹਾਂ ਨੂੰ ਹੀ ਅਗੇ ਕਰਦਾ ਹੈ ਤੇ ਉਨ੍ਹਾਂ ਦੇ ਮਾਣ ਨੂੰ ਆਪਣਾ ਇਜ਼ਤ ਸਮਝਦਾ ਹੈ। ਪਿਤਾ ਦੇ ਚਲੇ ਜਾਣ ਦਾ ਉਸ ਦੇ ਮਨ ਤੇ ਡੂੰਘਾ ਸਦਮਾ ਹੈ, ਪਰ ਉਹ ਪਿਤਾ ਦੇ ਪੂਰਨਿਆਂ ਤੇ ਚਲਕੇ ਉਸ ਦਾ ਨਾਮ ਅਮਰ ਕਰ ਦੇਣਾ ਚਾਹੁੰਦਾ ਹੈ। ਉਸ ਦੇ ਦਿਲ ਦੀ ਧਾਰਨਾ ਹੈ ਕਿ ਉਹ ਬਾਪੂ ਦੀ ਯਾਦ ਵਿਚ ਅਜੇਹੇ ਕੰਮ ਕਰੇ, ਜਿਸ ਨਾਲ ਲੋਕਾਂ ਨੂੰ, ਬਾਪੂ ਦੇ ਚਲੇ ਜਾਣ ਪਿਛੋਂ ਦੀ ਉਸਦੀ ਹਾਜ਼ਰੀ ਮਹਿਸੂਸ ਹੁੰਦੀ ਰਹੇ। ਉਹ ਸਮਝਦਾ ਹੈ ਕਿ ਬਾਪੂ ਵਿਛੜਿਆ ਨਹੀਂ, ਸਦਾ ਉਨ੍ਹਾਂ ਦੇ ਨਾਲ ਹੈ ਤੇ ਹਰ ਕੰਮ ਵਿਚ ਅਗਵਾਈ ਕਰ ਰਿਹਾ ਹੈ।

ਹਰਭਜਨ ਸਿੰਘ 'ਰਤਨ'

(ਰੋਜ਼ਾਨਾ ਚੜ੍ਹਦੀ ਕਲਾ, 5 ਨਵੰਬਰ 96)



Sri Satguru Jagjit Singh Ji eLibrary NamdhariElibrary@gmail.com

# ਭਗਤ, ਦਾਨੀ, ਤਿਆਗੀ ਤੇ ਸੰਤ ਮੂਰਤ ਸਨ :
# ਕਰਤਾਰ ਸਿੰਘ ਧਾਲੀਵਾਲ

ਅਵਲ ਤਾਂ ਸੰਸਾਰ ਵਿਚ ਐਸੇ ਬਹੁਤ ਘੱਟ ਆਦਮੀ ਹੁੰਦੇ ਹਨ, ਜੋ ਗਰੀਬੀ ਵਿਚ ਸਧਾਰਨ ਪੇਂਡੂ ਘਰ ਵਿਚ ਜਨਮ ਲੈ ਕੇ, ਬਿਨਾਂ ਕਿਸੇ ਰਿਸ਼ਤੇਦਾਰ ਦੀ ਸਹਾਇਤਾ ਦੇ, ਨਿਰੋਲ ਆਪਣੀ ਹਿੰਮਤ, ਮਿਹਨਤ ਤੇ ਲਗਨ ਨਾਲ, ਕੇਵਲ ਗੁਰੂ 'ਤੇ ਆਸਰਾ ਤੇ ਓਟ ਰੱਖ ਕੇ, ਫ਼ਰਸ਼ੋਂ ਅਰਸ਼ 'ਤੇ ਪੁੱਜ ਜਾਣ 'ਤੇ ਦੇਸ਼, ਕੌਮ ਦੇ ਗਗਨ ਉਤੇ ਸਿਤਾਰੇ ਵਾਂਗ ਚਮਕਣ। ਫਿਰ ਜੇ ਕੁਝ ਬੰਦੇ ਧਰਤੀ ਤੇ ਖਾਕ ਦੇ ਜ਼ਰੇ ਹੁੰਦੇ ਹੋਏ ਅਸਮਾਨ ਦੀਆਂ ਬੁਲੰਦੀਆਂ ਛੋਹ ਕੇ ਚਮਕਣ ਵੀ ਲੱਗ ਪੈਣ, ਤਾਂ ਉਨ੍ਹਾਂ ਵਿਚੋਂ ਬਹੁਤ ਘੱਟ ਹੁੰਦੇ ਹਨ, ਜਿਨ੍ਹਾਂ ਦੀ ਕਾਮਯਾਬੀ ਦਿਮਾਗ ਨੂੰ ਨਾ ਚੜ੍ਹੇ। ਹਉਮੈ, ਹੰਕਾਰ ਤੇ ਆਕੜ ਨਾ ਆਵੇ, ਨਿਮਰਤਾ ਤੇ ਹਲੀਮੀ ਨੂੰ ਹਥੋਂ ਨਾ ਛੱਡਣ, ਜ਼ਬਾਨ ਮਿੱਠੀ ਰੱਖਣ, ਊਚ ਨੀਚ ਦਾ ਭੇਦ ਭਾਵ ਨਾ ਰੱਖਣ, ਹਰ ਬੰਦੇ ਨੂੰ ਖਿੜੇ ਮੱਥੇ ਮਿਲਣ ਤੇ ਹਰ ਇਕ ਦੀ ਯਥਾ ਸ਼ਕਤ ਮਦਦ ਤੇ ਸਹਾਇਤਾ ਕਰਨ। ਫਿਰ ਅਜਿਹੇ ਬੰਦਿਆਂ ਵਿਚੋਂ ਅਜਿਹੇ ਵਿਰਲੇ ਹੀ ਨਿਕਲਦੇ ਹਨ, ਜਿਨ੍ਹਾਂ ਦੀ ਔਲਾਦ ਵੀ ਆਗਿਆਕਾਰੀ ਹੋਵੇ, ਜਿਨ੍ਹਾਂ ਦੇ ਪੁੱਤਰਾਂ ਵਿਚ ਵੀ ਨਿਮਰਤਾ ਤੇ ਮਿਠਾਸ ਕਾਇਮ ਰਹੇ। ਅਜਿਹੇ ਹੀ ਵਿਲੱਖਣ ਹੋਏ ਹਨ— ਸੂਬੇਦਾਰ ਬਾਪੂ ਕਰਤਾਰ ਸਿੰਘ ਧਾਲੀਵਾਲ। ਆਪ ਭਗਤ, ਦਾਨੀ, ਤਿਆਗੀ ਤੇ ਸੰਤ ਮੂਰਤ ਕਿਸਾਨ ਸਨ। ਆਪ ਨੇ ਈਮਾਨਦਾਰੀ ਦਾ ਪੱਲਾ ਕਦੇ ਨਾ ਛੱਡਿਆ ਤੇ ਬੇਈਮਾਨੀ ਨਾਲ ਇਕ ਪੈਸਾ ਕਮਾਉਣਾ ਵੀ ਗੁਨਾਹ ਸਮਝਿਆ।

. ਸੂਬੇਦਾਰ ਬਾਪੂ ਦੁਖੀਆਂ ਦਾ ਹਮਦਰਦ ਸੀ, ਉਹ ਗਰੀਬ ਰੋਗੀਆਂ ਦੇ ਇਲਾਜ ਕਰਵਾਉਂਦਾ ਤੇ ਅੱਖਾਂ ਦੇ ਆਪ੍ਰੇਸ਼ਨ ਲਈ ਉਨ੍ਹਾਂ ਨੂੰ ਪੈਸੇ ਦਿੰਦਾ ਸੀ।

ਸੂਬੇਦਾਰ ਬਾਪੂ ਦੇ ਉਚੇ, ਸੰਤੋਖੀ ਤੇ ਬਿਨ ਸੁਆਰਥ ਜੀਵਨ ਦੀ ਮਿਸਾਲ ਵਜੋਂ ਇਕ ਅਹਿਮ ਘਟਨਾ ਦੱਸਣੀ ਜ਼ਰੂਰੀ ਹੈ। ਹਰ ਸਾਲ ਰੱਖੜੇ ਪਿੰਡ ਤੋਂ ਬਾਹਰ, ਸ਼ੂਗਰ ਮਿਲ ਦੇ ਨਜ਼ਦੀਕ, ਕਰੋੜਾਂ ਰੁਪਏ ਨਾਲ 30 ਏਕੜ ਦੇ ਪਲਾਟ ਵਿਚ ਬਣੀ ਨਵੀਂ ਕੋਠੀ ਕਰਤਾਰ ਨਿਵਾਸ ਜਾਂ ਕਰਤਾਰ ਵਿਲਾ ਵਿਚ, ਹਰ ਸਾਲ ਨਵੇਂ ਸਾਲ ਦੀ ਸ਼ਾਮ ਮਨਾਣ ਦਾ ਜਸ਼ਨ ਕੀਤਾ ਜਾਂਦਾ ਸੀ। (ਜਿਸ ਦੀ ਨੁਹਾਰ ਮਗਰੋਂ ਬਦਲੀ ਗਈ) ਸੂਬੇਦਾਰ ਬਾਪੂ ਦੇ ਛੋਟੇ ਲੜਕੇ ਚਰਨਜੀਤ ਸਿੰਘ ਦਾ ਰਿਸ਼ਤਾ ਤੈਅ ਹੋ ਚੁੱਕਾ ਸੀ। ਲੜਕੀ ਵਾਲੇ, ਜਿਨ੍ਹਾਂ ਦਾ ਪਿੰਡ ਉਥੋਂ ਬਹੁਤਾ ਦੂਰ ਨਹੀਂ ਸੀ ਤੇ ਹਰਿਆਣੇ ਦੀ ਹੱਦ 'ਤੇ ਪੈਂਦਾ ਸੀ, ਉਹਨਾਂ ਨੂੰ ਵੀ ਉਸ ਜਸ਼ਨ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਗਿਆ



Sri Satguru Jagjit Singh Ji eLibrary NamdhariElibrary@gmail.com

ਸੀ ਤੇ ਇਹ ਤੈਅ ਹੋਇਆ ਕਿ ਉਹ 31 ਦਸੰਬਰ ਰਾਤ ਤਾਂ ਉਸ ਜਸ਼ਨ ਵਿਚ ਸ਼ਾਮਲ ਹੋਣ ਤੇ ਅੱਧੀ ਰਾਤ ਪਿਛੋਂ ਨਵਾਂ ਸਾਲ ਸ਼ੁਰੂ ਹੋਣ ਬਾਅਦ ਕਾਰ ਰਾਹੀਂ ਵਾਪਸ ਪਿੰਡ ਚਲੇ ਜਾਣ। ਅਗਲੀ ਸਵੇਰੇ 1 ਜਨਵਰੀ ਨੂੰ ਸਵੇਰੇ ਕੋਠੀ ਵਿਚ ਧਾਰਮਿਕ ਦੀਵਾਨ ਹੋਵੇ, ਕੀਰਤਨ ਹੋਵੇ, ਜਿਥੇ ਲੜਕੀ ਵਾਲੇ ਸ਼ਗਨ ਲੈ ਕੇ ਆਣ ਫਿਰ ਉਥੇ ਸਾਰੇ ਇਕੱਠੇ, ਧੇਤੇ-ਪੁਤੇਤੇ ਤੇ ਸੰਗਤ ਪ੍ਰੀਤੀ ਭੋਜਨ—ਗੁਰੂ ਕੇ ਲੰਗਰ ਵਿਚ ਛੱਕੇ। ਵਿਆਹ ਦੀ ਤਾਰੀਖ ਪੰਜ-ਛੇ ਮਹੀਨੇ ਬਾਅਦ ਦੋਹਾਂ ਘਰਾਂ ਦੀ ਸੁਵਿਧਾ ਦੇਖ ਕੇ ਰੱਖੀ ਜਾਵੇਗੀ। ਚੁਰਨਜੀਤ ਸਿੰਘ ਦਾ ਵੱਡਾ ਭਰਾ ਦਰਸ਼ਨ ਸਿੰਘ ਧਾਲੀਵਾਲ ਇਹ ਚਾਹੁੰਦਾ ਸੀ ਕਿ ਉਹ ਆਪਣੇ ਛੋਟੇ ਭਰਾ ਦੀ ਸ਼ਾਦੀ ਇਤਨੀ ਧੂਮ ਧਾਮ ਨਾਲ ਕਰੇ ਕਿ ਕਦੇ ਕਿਸੇ ਰਾਜੇ ਮਹਾਰਾਜੇ ਦੀ ਵੀ ਨਾ ਹੋਈ ਹੋਵੇ। ਉਸ ਵਿਚ ਹਾਥੀ, ਘੋੜੇ, ਕਾਰਾਂ, ਬੱਘੀਆਂ ਤੇ ਦਰਜਨਾਂ ਬੈਂਡ ਹੋਣ ਤੇ ਲੋਕੀਂ ਉਸ ਨੂੰ ਯਾਦ ਰੱਖਣ, ਕਿਉਂਕਿ ਉਸ ਦੀ ਆਪਣੀ ਤੇ ਉਸ ਤੋਂ ਛੋਟੇ ਭਰਾ ਸੁਰਜੀਤ ਸਿੰਘ ਦੀ ਸ਼ਾਦੀ ਤਾਂ ਹੋ ਚੁੱਕੀ ਸੀ, ਭੈਣ ਉਨ੍ਹਾਂ ਦੀ ਕੋਈ ਹੈ ਨਹੀਂ ਸੀ, ਤੇ ਇਸ ਤਰ੍ਹਾਂ ਉਨ੍ਹਾਂ ਦੇ ਪਰਿਵਾਰ ਵਿਚ ਇਹ ਇਕ ਤਰ੍ਹਾਂ ਨਾਲ ਆਖਰੀ ਸ਼ਾਦੀ ਸੀ। ਸਾਰੇ ਬੰਦੇ ਵਿਆਹ ਦੀਆਂ ਸਰਗਰਮੀਆਂ ਵਿਚ ਰੁੱਝੇ ਹੋਏ ਸਨ।

31 ਦਸੰਬਰ ਨੂੰ ਲੜਕੀ ਦੇ ਮਾਤਾ ਪਿਤਾ ਤੇ ਸਾਰਾ ਪਰਿਵਾਰ ਲੜਕੀ ਸਮੇਤ ਆਏ ਹੋਏ ਸਨ। ਜਦੋਂ ਉਹ ਆਪਣੀਆਂ ਕਾਰਾਂ ਵਿਚ ਉਥੋਂ ਵਾਪਸ ਪਿੰਡ ਜਾਣ ਲਈ ਤਿਆਰ ਹੋਏ ਤਾਂ ਕੋਈ ਸਿਆਣਾ ਬੋਲਿਆ ਕਿ ਅਤਿਵਾਦ ਦਾ ਜ਼ੋਰ ਹੈ, ਰਾਤ ਦੇ ਦੋ ਢਾਈ ਵਜੇ 50–60 ਕਿਲੋਮੀਟਰ ਦੂਰ ਜਾਣਾ, ਜਦੋਂ ਕਿ ਔਰਤਾਂ ਨੇ ਵੀ ਗਹਿਣੇ ਪਾਏ ਹੋਏ ਹਨ, ਸਿਆਣੀ ਗੱਲ ਨਹੀਂ ਲਗਦੀ, ਇਨ੍ਹਾਂ ਨੂੰ ਇਥੇ ਹੀ ਰਾਤ ਕੱਟ ਲੈਣੀ ਚਾਹੀਦੀ ਹੈ ਤੇ ਸਵੇਰੇ ਸਵੇਰੇ ਪਿੰਡ ਜਾ ਕੇ ਸ਼ਗਨ ਦਾ ਸਾਮਾਨ ਲੈ ਕੇ ਫਿਰ ਆ ਜਾਣ, ਅਤੇ ਸਵੇਰੇ ਲੜਕੀ ਨੂੰ ਨਾਲ ਨਾ ਲਿਆਉਣ। ਸੋ ਫਾਈਨਲ ਹੋਇਆ ਕਿ ਉਨ੍ਹਾਂ ਨੂੰ ਰੱਖੜਾ ਪਿੰਡ ਵਾਲੇ ਪੁਰਾਣੇ ਮਕਾਨ ਵਿਚ, ਸੁਆਉਣ ਦਾ ਪ੍ਰਬੰਧ ਕਰ ਦਿਤਾ ਜਾਵੇ। ਪਹਿਲੀ ਜਨਵਰੀ ਸਵੇਰੇ ਦੀਵਾਨ ਲੱਗਾ ਹੋਇਆ ਸੀ ਤੇ ਕੀਰਤਨ ਹੋ ਰਿਹਾ ਸੀ। ਅਚਨਚੇਤ ਸੂਬੇਦਾਰ ਬਾਪੂ ਨੇ ਮੈਨੂੰ ਬੁਲਾਇਆ ਤੇ ਕੁਝ ਸਲਾਹ ਕਰਨ ਲਈ ਵੱਖਰੀ ਇਕ ਥਾਂ ਲੈ ਗਿਆ। ਬਾਪੂ ਕਹਿਣ ਲੱਗਾ, ਰਤਨ ਇਹ ਕੁੜੀ ਵਾਲੇ ਰਾਤ ਨੂੰ ਆਏ ਹਨ, ਫਿਰ ਆਪਣੇ ਘਰ ਨਹੀਂ ਜਾ ਸਕੇ। ਸਾਡੇ ਪਿੰਡ ਵਾਲੇ ਮਕਾਨ ਵਿਚ ਰਹੇ। ਲੜਕੀ ਵੀ ਉਥੇ ਰਹੀ, ਸਵੇਰੇ ਪਿੰਡ ਗਏ ਹਨ, ਸ਼ਗਨ ਲੈਣ ਲਈ। ਮੈਂ ਸੋਚਦਾ ਹਾਂ ਕਿ ਲੜਕੀ ਤਾਂ ਸਾਡੇ ਘਰ ਰਾਤ ਰਹਿ ਹੀ ਗਈ ਹੈ। ਇਕ ਵਾਰੀ ਹੀ ਸਾਡੇ ਘਰ ਆ ਜਾਣ ਨਾਲ, ਉਹ ਇਕ ਤਰ੍ਹਾਂ ਸਾਡੀ ਹੋ ਗਈ ਹੈ। ਉਸ ਨੂੰ ਨੂੰਹ ਬਣਾਉਣ ਦਾ ਫ਼ੈਸਲਾ ਤਾਂ ਕੀਤਾ ਹੀ ਹੋਇਆ ਹੈ। ਲੜਕੀ ਵਾਲਿਆਂ ਨੂੰ ਸੁਨੇਹਾ ਭੇਜ ਦੇਈਏ ਕਿ ਉਹ ਲੜਕੀ ਨੂੰ ਆਪਣੇ ਨਾਲ ਲਿਆਉਣ, ਹਣੇ ਹੀ ਅਨੰਦ ਕਾਰਜ ਕਰ ਦੇਈਏ।"

ਮੈਂ ਫਿਰ ਕਿਹਾ, ਬਾਪੂ ਜੀ, ਲੜਕੀ ਵਾਲਿਆਂ ਨੂੰ ਵੀ ਅਨੰਦ ਕਾਰਜ ਲਈ ਕੁਝ ਮੁਹਲਤ ਚਾਹੀਦੀ ਹੁੰਦੀ ਹੈ, ਉਨ੍ਹਾਂ ਨੇ ਵੀ ਆਪਣੇ ਵਿਤ ਅਨੁਸਾਰ ਗਹਿਣੇ, ਕਪੜੇ, ਬਰਤਨ, ਫਰਨੀਚਰ, ਦਾਜ ਆਦਿ ਦੀਆਂ ਵਸਤੂਆਂ ਤਿਆਰ ਕਰਨੀਆਂ ਹੁੰਦੀਆਂ ਹਨ। ਉਹ ਡੇਢ ਦੋ ਘੰਟਿਆਂ ਵਿਚ ਕਿਸ ਤਰ੍ਹਾਂ ਤਿਆਰੀ ਕਰਨਗੇ। ਬਾਪੂ ਬੜੀ ਦ੍ਰਿੜ੍ਹਤਾ ਤੇ ਦਲੇਰਾਨਾ ਆਵਾਜ਼ ਵਿਚ ਬੋਲਿਆ, "ਰਤਨ, ਮੈਂ ਦਾਜ ਬਿਲਕੁਲ ਨਹੀਂ ਲੈਣਾ, ਲੜਕੀ



Sri Satguru Jagjit Singh Ji eLibrary NamdhariElibrary@gmail.com

ਨੂੰ ਤਿੰਨਾਂ ਕਪੜਿਆਂ ਵਿਚ ਘਰ ਲਿਆਣਾ ਚਾਹੁੰਦਾ ਹਾਂ। ਗੁਰੂ ਨਾਨਕ ਨੇ ਅੱਗੇ ਹੀ ਸਾਡੇ 'ਤੇ ਏਨੀ ਅਪਾਰ ਕ੍ਰਿਪਾ ਕੀਤੀ ਹੋਈ ਹੈ ਤੇ ਭੰਡਾਰ ਭਰ ਦਿਤੇ ਹਨ। ਲੜਕੀ ਵਾਲਿਆਂ ਨੂੰ ਇਸੇ ਤਰ੍ਹਾਂ ਦਾ ਸੰਦੇਸ਼ ਘੱਲ ਦਿੱਤਾ ਗਿਆ। ਉਹ ਹੈਰਾਨ ਰਹਿ ਗਏ ਤੇ ਕੁਝ ਪ੍ਰੇਸ਼ਾਨ ਵੀ ਹੋਏ, ਪਰ ਬਾਪੂ ਦਾ ਫ਼ੈਸਲਾ ਅਟਲ ਜਾਣ ਕੇ, ਮੰਨਣਾ ਹੀ ਪਿਆ ਤੇ ਤੁਰੰਤ ਸ਼ਾਦੀ ਲਈ ਤਿਆਰ ਹੋ ਗਏ। ਬਾਪੂ ਨੇ ਫੈਸਲਾ ਕੀਤਾ ਕਿ ਸ਼ਗਨ 'ਤੇ ਦਾਜ ਵਜੋਂ ਕੇਵਲ ਇਕ ਰੁਪਿਆ ਲਵੇਗਾ। ਜਿਸ 'ਤੇ ਜੈਕਾਰਿਆਂ ਦੀ ਗੂੰਜ ਵਿਚ ਇਹ ਵਿਆਹ ਪਰਵਾਨ ਚੜ੍ਹਿਆ। ਇਸ ਤਰ੍ਹਾਂ ਦਾ ਕੰਮ ਕੋਈ ਵੱਡੇ ਹੌਂਸਲੇ ਦ੍ਰਿੜ੍ਹ ਇਰਾਦੇ ਵਾਲਾ ਮਹਾਨ ਪੁਰਸ਼ ਹੀ ਕਰ ਸਕਦਾ ਹੈ, ਜੋ ਦੂਜਿਆਂ ਲਈ ਮਿਸਾਲ ਬਣਦਾ ਹੈ ਤੇ ਸਮਾਜ ਨੂੰ ਦਾਜ ਦਹੇਜ ਦੀਆਂ ਕੁਰੀਤੀਆਂ ਛੱਡਣ ਲਈ ਮਿਸਾਲ ਕਾਇਮ ਕਰਦਾ ਹੈ।

ਬਾਪੂ ਦੇ ਜਾਣ ਪਿਛੋਂ ਲੋਕੀ ਉਸ ਦੀਆਂ ਅਜੇਹੀਆਂ ਮਿਸਾਲਾਂ ਭੀ ਯਾਦ ਰਖਣਗੇ ਤੇ ਹੌਂਸਲੇ ਵਾਲੇ ਨੇਮ ਦਿਲ ਮਾਪੇ ਧੀਆਂ ਪੁਤਰਾਂ ਦੀਆਂ ਸ਼ਾਦੀਆਂ, ਸਾਦਗੀ ਨਾਲ ਬਿਨਾਂ ਲਾਲਚ ਕਰਨ ਦੀ ਪ੍ਰੇਰਨਾ ਲੈਂਦੇ ਰਹਿਣਗੇ।

**ਹਰਭਜਨ ਸਿੰਘ 'ਰਤਨ'**

**ਰੋਜ਼ਾਨਾ ਚੜ੍ਹਦੀ ਕਲਾ, 6 ਨਵੰਬਰ 96**



Sri Satguru Jagjit Singh Ji eLibrary NamdhariElibrary@gmail.com

# ਬਾਪੂ ਕਰਤਾਰ ਸਿੰਘ ਨੇ ਗ੍ਰਹਿਸਤੀ ਦੇ ਰੂਪ 'ਚ ਆਦਰਸ਼ ਜੀਵਨ ਜੀਵਿਆ

ਸੂਬੇਦਾਰ ਬਾਪੂ ਕਰਤਾਰ ਸਿੰਘ ਦਾ ਨਿੱਜੀ ਜੀਵਨ, ਉਚ ਇਖਲਾਕ, ਦਾਨਵੀਰਤਾ, ਭਗਤੀ ਤੇ ਪਵਿਤਰਤਾ ਨਾਲ ਭਰਿਆ ਪਿਆ ਸੀ। ਉਨ੍ਹਾਂ ਦੀ ਵੱਡੀ ਸਿਫਤ ਇਹ ਸੀ ਕਿ ਉਹ ਗੁਰੂ ਨਾਨਕ ਦੇ ਅਨਿਨ ਸ਼ਰਧਾਲੂ ਸਨ। ਉਹ ਉਠਦਿਆਂ ਬਹਿੰਦਿਆਂ, ਰੈਣ ਦਿਵਸ, ਸਾਸ ਗਿਰਾਸ, ਗੁਰੂ ਨਾਨਕ ਦਾ ਨਾਮ ਧਿਆਂਦੇ ਸਨ। ਗ੍ਰਹਿਸਥੀ ਦੇ ਰੂਪ ਵਿਚ ਉਨ੍ਹਾਂ ਉਚੇ ਆਚਰਣ ਵਾਲਾ ਆਦਰਸ਼ ਜੀਵਨ ਜੀਵਿਆ।

ਸਵੇਰੇ ਤੋਂ ਰਾਤ ਤੱਕ ਹਰ ਵੇਲੇ ਉਨਾਂ ਦੀ ਜੀਭ 'ਤੇ 'ਧੰਨ ਬਾਬਾ ਨਾਨਕ' ਹੀ ਚੜ੍ਹਿਆ ਰਹਿੰਦਾ ਸੀ, ਤੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਗੁਰੂ ਨਾਨਕ ਦੇ ਨਾਮ ਦੀ ਸਮਾਧੀ ਵਿਚ ਲੀਨ ਹੋ ਕੇ ਡੂੰਘੀ ਸਮਾਧੀ ਦਾ ਰਸ ਮਾਣਦੇ ਸਨ। ਕੁਝ ਖਾਣ-ਪੀਣ ਵੇਲੇ 'ਹੇ ਗੁਰੂ ਨਾਨਕ ਤੇਰਾ ਆਸਰਾ ਹੈ, ਤੇਰਾ ਸ਼ੁਕਰ ਹੈ, ਸਭ ਕੁਝ ਤੇਰਾ ਹੀ ਦਿੱਤਾ ਖਾ ਰਹੇ ਹਾਂ, ਅਰਦਾਸ ਕਰਦੇ ਸਨ। ਉਹ ਦੀਨ-ਦੁਖੀਆਂ ਦੇ ਹਮਦਰਦ ਸਨ ਤੇ ਤਨੋਂ, ਮਨੋਂ, ਧਨੋਂ ਉਨ੍ਹਾਂ ਦੀ ਮਦਦ ਕਰਦੇ ਸਨ।

ਬਾਪੂ ਦੇ ਪਰਿਵਾਰ ਦੀ ਵੱਡੀ ਸਿਫਤ ਇਹ ਹੈ ਕਿ ਪਰਿਵਾਰ ਦੇ ਸਾਰੇ ਜੀਆਂ ਵਿਚ ਪੂਰਨ ਏਕਤਾ, ਪ੍ਰਸਪਰ ਪਿਆਰ ਤੇ ਮਿਲਵਰਤਣ ਹੈ। ਸਾਰੇ ਹੀ ਪਰਿਵਾਰ ਦੇ ਮੈਂਬਰ ਇਕ-ਦੂਜੇ ਦੀ ਗੱਲ ਮੰਨਦੇ ਹਨ। ਬਾਪੂ ਦੇ ਪਰਿਵਾਰ ਦੀਆਂ ਨੂੰਹਾਂ ਵੀ ਆਗਿਆਕਾਰੀ ਹਨ ਤੇ ਇਕ-ਦੂਜੇ ਨਾਲ ਪਿਆਰ ਕਰਦੀਆਂ ਹਨ। ਕੋਈ ਕਿਸੇ ਨਾਲ ਈਰਖਾ ਨਹੀਂ ਰਖਦੀ ਤੇ ਨਾ ਹੀ ਕੋਈ ਇਕ ਦੂਜੇ ਦੀ ਚੁਗਲੀ ਨਿੰਦਾ ਕਰਦੀ ਹੈ।

ਇਸ ਦੇ ਦੋ ਕਾਰਨ ਹੋ ਸਕਦੇ ਹਨ, ਇਕ ਤਾਂ ਇਹ ਕਿ ਕਿਸੇ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਤੇ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ, ਪੜ੍ਹਾਈ ਆਦਿ ਇਕੋ ਜਿਹੀ ਹੁੰਦੀ ਹੈ ਤੇ ਦੂਸਰੀ ਵਜ੍ਹਾ ਸ਼ਾਇਦ ਇਹ ਵੀ ਹੋਵੇ ਕਿ ਭਰਾਵਾਂ ਵਿਚ ਇਤਨਾ ਪ੍ਰੇਮ ਪਿਆਰ ਹੈ ਕਿ ਕਿਸੇ ਦੀ ਪਤਨੀ ਵੀ, ਆਪਣੇ ਪਤੀ ਦੇ ਭਰਾ, ਉਸ ਦੀ ਪਤਨੀ ਜਾਂ ਬੱਚਿਆਂ ਬਾਰੇ ਕੋਈ ਅਣਸੁਖਾਵੀਂ ਗੱਲ ਕਹਿਣ ਦੀ ਜੁਰਅੱਤ ਹੀ ਨਹੀਂ ਕਰ ਸਕਦੀ। ਇਹੋ ਜਿਹੇ ਪਰਿਵਾਰ ਸਾਰੇ ਸਮਾਜ ਵਿਚ ਕੋਈ ਵਿਰਲੇ-ਵਿਰਲੇ ਹੀ ਹਨ, ਨਹੀਂ ਤਾਂ ਆਮ ਕਹਾਵਤ ਹੈ ਕਿ ਪਰਾਈਆਂ ਧੀਆਂ ਭਰਾਵਾਂ ਵਿਚ ਦੁਫੇੜ ਪਾ ਦਿੰਦੀਆਂ ਹਨ। ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਾਪੂ ਦੀਆਂ ਨੂੰਹਾਂ, ਆਪਣੇ ਪੇਕੇ ਘਰਾਂ ਨਾਲੋਂ ਏਥੇ ਬਹੁਤ ਸੁਖੀ ਹਨ ਤੇ ਇਸ ਘਰ ਵਿਚ ਵਿਆਹੇ ਜਾਣਾ ਉਨ੍ਹਾਂ ਦੇ ਚੰਗੇ ਭਾਗਾਂ ਦੀ



Sri Satguru Jagjit Singh Ji eLibrary NamdhariElibrary@gmail.com

ਗੱਲ ਹੈ। ਦਰਸ਼ਨ ਸਿੰਘ ਵੱਡਾ ਭਰਾ ਹੋਣ ਦੇ ਨਾਤੇ ਆਪਣੇ ਛੋਟੇ ਭਰਾਵਾਂ, ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਦਾ ਪੂਰਾ-ਪੂਰਾ ਖਿਆਲ ਰਖਦਾ ਹੈ, ਹਰ ਸਹੂਲਤ ਮੁਹੱਈਆ ਕਰਦਾ ਹੈ ਤੇ ਉਨ੍ਹਾਂ ਦੇ ਬੱਚਿਆਂ ਦੇ ਪਾਲਣ-ਪੋਸਣ, ਵਿਦਿਆ ਤੇ ਸਿਹਤ ਦਾ ਆਪਣੇ ਬੱਚਿਆਂ ਨਾਲੋਂ ਵੱਧ ਕੇ ਧਿਆਨ ਰਖਦਾ ਹੈ।

ਘਰ ਦੀ ਖ਼ਜ਼ਾਨਾ ਮੰਤਰੀ ਬਾਪੂ ਦੀ ਧਰਮ ਪਤਨੀ ਜਸਵੰਤ ਕੌਰ ਉਰਫ਼ ਬੇਬੇ ਹੈ। ਸਾਰੇ ਪੈਸੇ ਉਸ ਦੇ ਪਾਸ ਹੁੰਦੇ ਹਨ। ਹਰ ਕੋਈ ਉਸ ਤੋਂ ਪੈਸੇ ਮੰਗਦਾ ਹੈ ਉਹ ਆਪਣੀਆਂ ਨੂੰਹਾਂ ਦਾ ਵੀ ਪੂਰਾ-ਪੂਰਾ ਖਿਆਲ ਰਖਦੀ ਹੈ ਤੇ ਉਹਨਾਂ ਲਈ ਬਿਨਾਂ ਮੰਗੇ ਕੱਪੜੇ ਗਹਿਣੇ ਲਿਆ ਕੇ ਦੇਂਦੀ ਹੈ। ਬੇਬੇ ਦੀ ਪਸੰਦ 'ਤੇ ਕੋਈ ਇਤਰਾਜ਼ ਨਹੀਂ ਕਰ ਸਕਦਾ। ਸਰਦੀਆਂ ਵਿਚ ਬੇਬੇ ਗਰਮ ਸ਼ਾਲਾਂ ਲਿਆ ਕੇ ਗਰੀਬ ਔਰਤਾਂ ਵਿਚ ਵੰਡਦੀ ਹੈ। ਬਾਪੂ ਨੇ ਕੋਠੀ ਦੇ ਇਕ ਕੋਨੇ ਦੀ ਚਾਰਦੀਵਾਰੀ ਵਿਚ ਇਕ ਗੇਟ ਲਗਾ ਲਿਆ ਸੀ, ਜਿਥੇ ਲੰਗਰ ਚਲਦਾ ਤੇ ਹਰ ਕੋਈ ਖਾ ਸਕਦਾ ਹੈ।

ਗੁਸਾਈਂ ਤੁਲਸੀ ਦਾਸ ਦੇ ਇਸ ਕਥਨ ਨੂੰ 'ਜਿਨ ਮਾਤ ਪਿਤਾ ਕੀ ਸੇਵ ਕਰੀ, ਤਿਨ ਤੀਰਥ ਬਰਤ ਕੀਏ ਨਾ ਕੀਏ' ਦਰਸ਼ਨ ਸਿੰਘ ਨੇ ਅਮਲ ਵਿਚ ਲਿਆ ਹੋਇਆ ਹੈ।

ਬਾਪੂ ਦੀ ਹਸਤੀ ਅਜਿਹਾ ਚਾਨਣ ਸੀ, ਜਿਸਨੇ ਉਸ ਦੇ ਪਰਿਵਾਰ ਦੇ ਕਿਸੇ ਜੀਅ ਨੂੰ ਕੁਰਾਹੇ ਨਹੀਂ ਪੈਣ ਦਿੱਤਾ, ਹਨੇਰੇ ਵੱਲ ਨਹੀਂ ਜਾਣ ਦਿੱਤਾ ਤੇ ਸਦਾ ਮਾਰਗ ਦਰਸ਼ਨ ਕਰਦਾ ਰਿਹਾ। ਅਜ ਭਾਵੇਂ ਉਹ ਹਸਤੀ ਅੱਖਾਂ ਤੋਂ ਉਹਲੇ ਹੋ ਗਈ ਹੈ, ਪਰ ਉਸ ਦਾ ਪ੍ਰਭਾਵ ਸਦਾ ਲਈ ਇਸ ਪ੍ਰਵਾਰ ਤੇ ਕਾਇਮ ਰਹੇਗਾ, ਤੇ ਉਸ ਦੇ ਪੁਤ ਪੋਤੇ, ਸਦਾ ਇਸ ਗਲ ਤੇ ਮਾਣ ਕਰਨਗੇ, ਕਿ ਉਨ੍ਹਾਂ ਦੇ ਪ੍ਰਵਾਰ ਦਾ ਵਡਾ ਸੂਬੇਦਾਰ ਬਾਪੂ ਕਰਤਾਰ ਸਿੰਘ ਧਾਲੀਵਾਲ ਸੀ, ਜਿਸ ਦਾ ਨਾਮ ਲੈ ਕੇ ਖਲਕਤ ਹਮੇਸ਼ਾ ਸਿਰ ਝੁਕਾਂਦੀ ਰਹੇਗੀ।

**ਹਰਭਜਨ ਸਿੰਘ 'ਰਤਨ'**
ਰੋਜ਼ਾਨਾ ਚੜ੍ਹਦੀ ਕਲਾ, 7 ਨਵੰਬਰ 96



Sri Satguru Jagjit Singh Ji eLibrary NamdhariElibrary@gmail.com

# ਭਗਤ, ਸੂਰਮਾ, ਦਾਨੀ,
# ਸੂਬੇਦਾਰ ਕਰਤਾਰ ਸਿੰਘ ਧਾਲੀਵਾਲ

ਸ੍ਰ. ਕਰਤਾਰ ਸਿੰਘ ਧਾਲੀਵਾਲ ਦਾ ਜਨਮ ਪਿੰਡ ਰੱਖੜਾ ਵਿਚ ਸ੍ਰ. ਵਜ਼ੀਰ ਸਿੰਘ ਧਾਲੀਵਾਲ ਦੇ ਘਰ ਮਾਤਾ ਮੰਗਲੀ ਦੀ ਕੁੱਖੋਂ 23 ਜੂਨ 1914 ਨੂੰ ਹੋਇਆ। ਉਨ੍ਹਾਂ ਦੇ ਪਿਤਾ ਪਿੰਡ ਵਿਚ ਖੇਤੀ ਕਰਦੇ ਸਨ ਤੇ ਨੰਬਰਦਾਰ ਵੀ ਸਨ। ਪਿੰਡ ਵਿਚ ਕੋਈ ਸਕੂਲ ਨਾ ਹੋਣ ਕਰਕੇ, ਉਨ੍ਹਾਂ ਪੰਡਤ ਪਾਸੋਂ ਕੇਵਲ ਲੰਡੇ ਹੀ ਪੜ੍ਹੇ। ਅਜੇ ਉਹ ਦਸ ਸਾਲਾਂ ਦੇ ਹੀ ਸਨ, ਕਿ ਇਕ ਸਾਲ ਦੇ ਅੰਦਰ ਉਨ੍ਹਾਂ ਦੇ ਪਿਤਾ ਤੇ ਮਾਤਾ ਦੋਵੇਂ ਚੜ੍ਹਾਈ ਕਰ ਗਏ ਤੇ ਬਾਲਕ ਕਰਤਾਰ ਸਿੰਘ ਬਚਪਨ ਵਿਚ ਹੀ ਬੇਆਸਰਾ ਹੋ ਗਿਆ। ਉਸਨੇ ਖੇਤੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਜ਼ਮੀਨ ਥੋੜੀ ਤੇ ਉਪਜਾਊ ਨਾ ਹੋਣ ਕਰਕੇ ਕਾਮਯਾਬੀ ਨਾ ਮਿਲੀ। ਬਚਪਨ ਵਿਚ ਹੀ ਉਸ ਦੀ ਸ਼ਾਦੀ ਹੋ ਗਈ। ਪਰ ਛੇਤੀ ਹੀ ਉਸ ਦੀ ਪਤਨੀ ਵੀ ਚੜ੍ਹਾਈ ਕਰ ਗਈ। ਉਸ ਨੇ ਸੋਚ ਲਿਆ ਕਿ ਵਾਹਿਗੁਰੂ ਉਸ ਪਾਸੋਂ ਬੰਧਨ ਮੁਕਤ ਰਹਿ ਕੇ ਕੋਈ ਹੋਰ ਵਿਸ਼ੇਸ਼ ਕਾਰਜ ਕਰਵਾਉਣ ਚਾਹੁੰਦਾ ਹੈ।

ਕਰਤਾਰ ਸਿੰਘ ਹੁਣ ਔਕੜਾਂ ਤੇ ਤਕਲੀਫ਼ਾਂ ਝਲਦਾ 17 ਵਰ੍ਹਿਆਂ ਦਾ ਹੋ ਚੁੱਕਾ ਸੀ। ਉਹ ਲੁਧਿਆਣੇ ਫ਼ੌਜੀ ਭਰਤੀ ਦੇ ਦਫ਼ਤਰ ਜਾ ਕੇ ਫ਼ੌਜ ਵਿਚ ਸਿਪਾਹੀ ਭਰਤੀ ਹੋ ਗਿਆ। ਉਸ ਨੂੰ ਫਰੰਟੀਅਰ ਦੇ ਸ਼ਹਿਰ ਨੌਸ਼ਹਿਰਾ ਘਲ ਦਿੱਤਾ ਗਿਆ। ਫ਼ੌਜ ਵਿਚ ਰਹਿੰਦਿਆਂ, ਉਸ ਨੂੰ ਖੇਡਾਂ ਵਿਚ ਹਿੱਸਾ ਲੈਣ ਦਾ ਸ਼ੌਕ ਪੈਦਾ ਹੋਇਆ ਤੇ ਉਸ ਨੇ ਦੌੜਾਂ ਵਿਚ ਹਿਸਾ ਲੈਣਾ ਸ਼ੁਰੂ ਕਰ ਦਿੱਤਾ। ਪਲਟੂਨ ਕਮਾਂਡਰ ਰੋਜ਼ ਲੈਕਚਰ ਦੇ ਕੇ, ਖਿਡਾਰੀਆਂ ਨੂੰ ਉਤਸ਼ਾਹ ਦਿੰਦਾ ਤੇ ਉਸ ਨੇ ਕਰਤਾਰ ਸਿੰਘ ਨੂੰ ਦੌੜਾਂ ਵਿਚ ਨਾਂ ਪੈਦਾ ਕਰਨ ਲਈ ਬੜੀ ਹੱਲਾਸ਼ੇਰੀ ਤੇ ਪ੍ਰੇਰਨਾ ਦਿੱਤੀ। ਉਸ ਨੇ ਦਿਨ ਰਾਤ ਬੜੀ ਮਿਹਨਤ ਤੇ ਲਗਨ ਨਾਲ ਦੌੜਾਂ ਵਿਚ ਨਾਂ ਪੈਦਾ ਕਰਨ ਲਈ ਪ੍ਰੈਕਟਿਸ ਸ਼ੁਰੂ ਕਰ ਦਿਤੀ ਤੇ ਆਖ਼ਿਰ ਮਿਲਟਰੀ ਦੀਆਂ ਵੱਖ-ਵੱਖ ਕਮਾਂਡਾਂ ਵਿਚ ਹੁੰਦੇ ਮੁਕਾਬਲਿਆਂ ਵਿਚ ਉਸ ਨੇ ਧਾਂਕ ਪਾ ਦਿੱਤੀ। ਉਹ ਤਿੰਨ ਮੀਲ ਤੇ ਪੰਜ ਮੀਲ ਦੀਆਂ ਦੌੜਾਂ ਵਿਚ ਫਸਟ ਆਉਣ ਲੱਗ ਪਿਆ। ਮਹਾਰਾਜਾ ਪਟਿਆਲਾ ਦੇ ਵੱਡੇ ਸਪੁੱਤਰ ਯਾਦਵਿੰਦਰ ਸਿੰਘ ਨੇ ਕਰਤਾਰ ਸਿੰਘ ਧਾਲੀਵਾਲ ਦੀ ਦੌੜਾਂ ਵਿਚ ਕਾਰਗੁਜ਼ਾਰੀ ਵੇਖ ਕੇ ਉਸ ਨੂੰ ਪਟਿਆਲਾ ਰੈਜਮੈਂਟ ਵਿਚ ਆਉਣ ਦੀ ਤੇ ਤਰੱਕੀ ਦੇਣ ਦੀ ਪੇਸ਼ਕਸ਼ ਕੀਤੀ ਪਰ ਕਰਤਾਰ ਸਿੰਘ ਨਾ ਮੰਨਿਆ। ਫ਼ਰੰਟੀਅਰ ਦੇ ਇਲਾਕੇ ਵਿਚ ਪਠਾਣਾਂ ਨਾਲ ਹੋਈ ਇਕ ਭਿਆਨਕ ਲੜਾਈ ਵਿਚ ਕਰਤਾਰ ਸਿੰਘ ਨੇ ਆਪਣੀ ਜਾਨ ਤਲੀ ਤੇ ਰੱਖ ਕੇ ਬਹਾਦਰੀ ਦੇ ਜੌਹਰ ਵਿਖਾਏ



Sri Satguru Jagjit Singh Ji eLibrary NamdhariElibrary@gmail.com

ਤੇ ਦੁਸ਼ਮਣਾਂ ਦੇ ਇਕ ਵੱਡੇ ਮੋਰਚੇ ਨੂੰ ਫਤਹਿ ਕੀਤਾ।

ਦੂਜੀ ਵੱਡੀ ਜੰਗ ਵੇਲੇ ਉਸ ਦੀ ਰੈਜਮੈਂਟ ਨੂੰ ਜਾਪਾਨੀਆਂ ਨਾਲ ਲੜਨ ਲਈ ਸਿੰਗਾਪੁਰ ਘਲ ਦਿੱਤਾ ਗਿਆ। ਜਾਪਾਨੀ ਫ਼ੌਜ ਉਦੋਂ ਦਬਾ-ਦਬ ਅੱਗੇ ਵੱਧ ਰਹੀ ਸੀ। ਅੰਗਰੇਜ਼ੀ ਫ਼ੌਜਾਂ ਨੂੰ ਹਾਰ ਹੁੰਦੀ ਰਹੀ। ਆਖ਼ਿਰ ਜਪਾਨੀਆਂ ਨੇ ਸਭ ਨੂੰ ਕੈਦ ਕਰ ਲਿਆ। ਕਰਤਾਰ ਸਿੰਘ ਉਦੋਂ ਹਵਾਲਦਾਰ ਬਣ ਚੁਕਿਆ ਸੀ ਤੇ ਉਸ ਨੂੰ ਤਰੱਕੀ ਦੇ ਕੇ ਜਮਾਂਦਾਰ ਬਣਾਉਣ ਲਈ ਕਾਗਜ਼ ਦਿੱਲੀ ਭੇਜੇ ਗਏ ਸਨ। ਜਪਾਨੀ ਫ਼ੌਜੀ ਕਮਾਂਡਰ ਬੜੇ ਜ਼ਾਲਮ ਸਨ। ਛੋਟੀ ਜਿੰਨੀ ਗਲਤੀ ਜਾਂ ਕੋਤਾਹੀ ਪਿਛੇ ਹਿੰਦੁਸਤਾਨੀ ਫ਼ੌਜੀਆਂ ਨੂੰ ਸਖ਼ਤ ਸਜ਼ਾਵਾਂ ਤੇ ਤਸੀਹੇ ਦੇ ਕੇ ਮਾਰ ਦਿੰਦੇ ਸਨ।

1945 ਵਿਚ ਅਮਰੀਕਾ ਵਲੋਂ ਨਾਗਾਸਾਕੀ ਤੇ ਹੀਰੋਸ਼ੀਮਾ ਉੱਤੇ ਸੁੱਟੇ ਐਟਮਬੰਬਾਂ ਨੇ ਜਪਾਨੀਆਂ ਨੂੰ ਹਥਿਆਰ ਸੁੱਟਣ ਉਤੇ ਮਜਬੂਰ ਕਰ ਦਿਤਾ। ਜੰਗ ਬੰਦ ਹੋ ਗਈ ਤੇ ਭਾਰਤੀ ਫ਼ੌਜ ਵਾਪਿਸ ਹਿੰਦੁਸਤਾਨ ਪਰਤ ਆਈ। ਕਰਤਾਰ ਸਿੰਘ ਹਵਾਲਦਾਰ ਤੋਂ ਜਮਾਂਦਾਰ ਤੇ ਜਮਾਂਦਾਰ ਤੋਂ ਸੂਬੇਦਾਰ ਬਣ ਗਿਆ ਤੇ ਅੰਤ ਫ਼ੌਜ ਵਿਚੋਂ ਰਿਟਾਇਰਮੈਂਟ ਲੈ ਕੇ ਨਵਾਂ ਜੀਵਨ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਫ਼ੌਜ ਛੱਡਣ ਪਿਛੋਂ ਉਸ ਨੇ ਕੁਝ ਸਾਲ ਪੁਲਿਸ ਦੀ ਨੌਕਰੀ ਕੀਤੀ ਤੇ ਥਾਣੇਦਾਰ ਬਣ ਕੇ ਪਿੰਡਾਂ ਵਿਚ ਚੋਰੀ-ਚਕਾਰੀ ਅਤੇ ਡਾਕੇ ਬੰਦ ਕਰਵਾਏ। ਪੰਚਾਇਤਾਂ ਨੂੰ ਪਿੰਡਾਂ ਦੇ ਝਗੜੇ ਆਪੇ ਹੀ ਨਿਪਟਾਉਣ ਲਈ ਹੱਲਾਸ਼ੇਰੀ ਦਿੱਤੀ। ਸਾਰੇ ਇਲਾਕੇ ਵਿਚ ਨਾਂ ਪੈਦਾ ਕੀਤਾ ਤੇ ਬੜਾ ਮਾਨ ਸਤਿਕਾਰ ਹਾਸਿਲ ਕੀਤਾ।

ਪੁਲਿਸ ਦੀ ਨੌਕਰੀ ਛੱਡ ਕੇ ਸੂਬੇਦਾਰ ਕਰਤਾਰ ਸਿੰਘ ਨੇ ਪਿੰਡ ਆਪਣੇ ਘਰ ਰਹਿ ਕੇ ਖੇਤੀ ਕਰਕੇ ਸਫਲ ਕਿਸਾਨ ਬਨਣ ਦਾ ਮਨ ਬਣਾ ਲਿਆ। ਇਸ ਤੋਂ ਪਹਿਲਾਂ ਫ਼ੌਜੀ ਜੀਵਨ ਵਿਚ ਹੀ ਉਸ ਦੀ ਸ਼ਾਦੀ ਬੀਬੀ ਜਸਵੰਤ ਕੌਰ ਨਾਲ ਹੋ ਗਈ ਸੀ ਤੇ ਉਸ ਦੇ ਘਰ ਵੱਡੇ ਲੜਕੇ ਦਰਸ਼ਨ ਸਿੰਘ ਦਾ ਜਨਮ ਹੋ ਚੁੱਕਾ ਸੀ। ਇਸ ਪਿਛੋਂ ਸੁਰਜੀਤ ਸਿੰਘ ਤੇ ਚਰਨਜੀਤ ਸਿੰਘ ਦੋ ਲੜਕੇ ਹੋਰ ਪੈਦਾ ਹੋਏ। ਬੱਚੇ ਪਿਤਾ ਨੂੰ ਬਾਪੂ ਜੀ ਅਤੇ ਮਾਂ ਨੂੰ ਬੇਬੇ ਜੀ ਕਹਿਕੇ ਹੀ ਬੁਲਾਉਂਦੇ ਸਨ। ਜਿਸ ਕਰਕੇ ਸਾਰੇ ਇਲਾਕੇ ਦੇ ਲੋਕ ਹੀ ਉਨ੍ਹਾਂ ਨੂੰ ਬਾਪੂ ਤੇ ਬੇਬੇ ਕਰਕੇ ਹੀ ਬੁਲਾਉਂਦੇ ਸਨ। ਬਾਪੂ ਕਰਤਾਰ ਸਿੰਘ ਨੇ ਖੇਤੀ ਵਿਚ ਖੂਬ ਮਿਹਨਤ ਕੀਤੀ। ਆਪਣੀ ਮਾੜੀ ਜ਼ਮੀਨ ਨੂੰ ਵਧੀਆ ਤੇ ਉਪਜਾਊ ਬਣਾਇਆ। ਹੋਰ ਜ਼ਮੀਨ ਖਰੀਦੀ ਤੇ ਸਫਲ ਕਿਸਾਨ ਬਣ ਗਿਆ। ਬਾਪੂ ਨੇ ਆਪਣੇ ਤਿੰਨਾਂ ਪੁਤਰਾਂ ਦੇ ਪਾਲਣ ਪੋਸਣ ਤੇ ਵਿਦਿਆ ਵੱਲ ਪੂਰਾ ਧਿਆਨ ਦਿਤਾ। ਉਨ੍ਹਾਂ ਨੂੰ ਨਾਭਾ ਤੇ ਪਟਿਆਲਾ ਦੇ ਚੰਗੇ ਸਕੂਲਾਂ ਵਿਚ ਪੜ੍ਹਾਇਆ। ਵੱਡੇ ਲੜਕੇ ਦਰਸ਼ਨ ਸਿੰਘ ਨੂੰ ਉਚ ਵਿਦਿਆ ਲਈ ਅਮਰੀਕਾ ਭੇਜਿਆ, ਜਿਥੇ ਉਸਨੇ ਚਾਰ ਸਾਲ ਇੰਜਨੀਅਰਿੰਗ ਕਰਕੇ ਉਥੇ ਹੀ ਪੈਟਰੋਲ ਪੰਪਾਂ ਦਾ ਬਿਜ਼ਨਸ ਸ਼ੁਰੂ ਕਰਕੇ ਇਤਨੀ ਤਰੱਕੀ ਕੀਤੀ ਕਿ ਉਹ ਅਜ ਅਮਰੀਕਾ ਵਿਚ ਪਹਿਲੇ ਦਰਜਾ ਦਾ ਪੰਜਾਬੀ ਹੈ। ਉਸ ਦੀ ਤਰੱਕੀ ਨੇ ਬਾਪੂ ਕਰਤਾਰ ਸਿੰਘ ਦੀ ਖੁਸ਼ਹਾਲੀ ਵਿਚ ਹੋਰ ਵੀ ਵਾਧਾ ਕੀਤਾ।

ਬਾਪੂ ਕਰਤਾਰ ਸਿੰਘ ਇਕ ਆਦਰਸ਼ ਇਨਸਾਨ ਸਨ। ਉਨ੍ਹਾਂ ਵਿਚ ਉਹ ਤਿੰਨੇ ਗੁਣ ਮੌਜੂਦ ਸਨ, ਜਿਨ੍ਹਾਂ ਦਾ ਵਰਨਣ ਕਬੀਰ ਜੀ ਨੇ ਇਉਂ ਕੀਤਾ ਹੈ :



Sri Satguru Jagjit Singh Ji eLibrary NamdhariElibrary@gmail.com

**ਜਨਨੀ ਜਣੇ ਤਾਂ ਭਗਤ ਜਨ, ਕੈ ਦਾਤਾ ਕੈ ਸੂਰ,**
**ਨਹੀ ਤੋ ਜਨਨੀ ਬਾਂਝ ਰਹੇ, ਕਾਹੇ ਗਵਾਏ ਨੂਰ।**

ਬਾਪੂ ਕਰਤਾਰ ਸਿੰਘ ਉਚ ਕੋਟੀ ਦੇ ਭਗਤ ਸਨ। ਉਹ ਗੁਰੂ ਨਾਨਕ ਦੇਵ ਜੀ ਦੇ ਸੱਚੇ ਪੁਜਾਰੀ ਤੇ ਨਾਮ ਲੇਵਾ ਸਨ। ਉਨ੍ਹਾਂ ਦੀ ਜ਼ੁਬਾਨ ਤੇ ਸਾਰੀ ਉਮਰ ਉਠਦੇ ਬੈਠਦੇ ਹਰ ਵੇਲੇ ਗੁਰੂ ਨਾਨਕ ਦਾ ਨਾਮ ਰਹਿੰਦਾ ਸੀ ਤੇ ਉਹ 24 ਘੰਟਿਆਂ ਵਿਚ ਕਈ ਵਾਰੀ ਹੱਥ ਜੋੜ ਕੇ ਗੁਰੂ ਨਾਨਕ ਦਾ ਨਾਮ ਜਪਦੇ ਤੇ ਅਰਦਾਸ ਕਰਦੇ ਸਨ।

ਉਹ ਸੂਰਮੇ ਵੀ ਸਨ। ਫ਼ੌਜੀ ਜੀਵਨ ਵਿਚ ਉਨ੍ਹਾਂ ਅਤ ਦਰਜੇ ਦੀ ਬਹਾਦਰੀ ਦਿਖਾਈ। ਉਹ ਮਹਾਨ ਦਾਨਵੀਰ ਸਨ। ਉਹ ਕਹਿੰਦੇ ਸਨ, ਗੁਰੂ ਨਾਨਕ ਨੇ ਮਾਇਆ ਚੰਗੇ ਕੰਮਾਂ ਤੇ ਖਰਚ ਕਰਨ ਲਈ ਦਿੱਤੀ ਹੈ। ਮਾਇਆ ਉਸ ਦੀ ਹੈ, ਅਸੀਂ ਕੇਵਲ ਇਸ ਦੇ ਅਮਾਨਤਦਾਰ ਹਾਂ। ਇਹ ਆਪਣੇ ਤੇ ਨਹੀਂ, ਦੂਜਿਆਂ ਤੇ ਖਰਚ ਕਰਨ ਲਈ ਸਾਨੂੰ ਦਿਤੀ ਗਈ ਹੈ।

ਉਹ ਆਪ ਇਕ ਖਿਡਾਰੀ ਸਨ ਤੇ ਦੌੜਾਂ ਵਿਚ ਨਾਮਣਾ ਖਟਿਆ ਸੀ। ਇਸ ਲਈ ਉਹ ਖੇਡਾਂ ਦੇ ਵਿਕਾਸ ਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਦਿਲ ਖੋਲ੍ਹ ਕੇ ਮਦਦ ਕਰਦੇ ਸਨ। ਸੈਂਕੜੇ ਪਿੰਡਾਂ ਵਿਚ ਉਨ੍ਹਾਂ ਨੇ ਖੇਡਾਂ ਦੀਆਂ ਟੂਰਨਾਮੈਂਟਾਂ ਕਰਵਾਈਆਂ, ਇਨਾਮ ਵੰਡੇ ਤੇ ਮਾਲੀ ਸਹਾਇਤਾ ਦਿੱਤੀ।

ਦੁਖੀਆਂ, ਗਰੀਬਾਂ ਤੇ ਰੋਗੀਆਂ ਲਈ ਉਨ੍ਹਾਂ ਦੇ ਮਨ ਵਿਚ ਅਥਾਹ ਦਰਦ ਸੀ। ਉਹ ਆਪਣੇ ਖਰਚ ਤੇ ਲੋੜਵੰਦਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕਰਵਾਂਦੇ ਸਨ। ਸਰਦੀਆਂ ਵਿਚ ਹਜ਼ਾਰਾਂ ਕੰਬਲ ਵੰਡਦੇ ਸਨ ਤੇ ਹੱਥੀਂ ਲੰਗਰ ਤਿਆਰ ਕਰਕੇ ਪੰਜ-ਪੰਜ ਸੌ ਬੰਦਿਆਂ ਨੂੰ ਛਕਾਂਦੇ ਸਨ।

ਜਿਥੇ ਉਹ ਧਾਰਮਿਕ ਬੰਦਿਆਂ, ਸਾਧੂਆਂ-ਸੰਤਾਂ ਤੇ ਗੁਣੀ ਗਿਆਨੀਆਂ ਦੀ ਸੇਵਾ ਕਰਦੇ ਸਨ ਉਥੇ ਉਹ ਪੰਜਾਬੀ ਸਾਹਿਤ, ਬੋਲੀ ਤੇ ਸਭਿਆਚਾਰ ਦੀ ਉਨਤੀ ਅਤੇ ਲਿਖਾਰੀਆਂ, ਕਲਾਕਾਰਾਂ ਦੀ ਸੇਵਾ ਸੰਭਾਲ ਵੱਲ ਵੀ ਪੂਰਾ ਧਿਆਨ ਰਖਦੇ ਸਨ। ਪੰਜਾਬੀ ਸਾਹਿਤ ਅਕਾਦਮੀ, ਲਧਿਆਣਾ ਰਾਹੀਂ ਉਹ 1985 ਤੋਂ ਹੀ ਲੇਖਕਾਂ ਦਾ ਸਨਮਾਨ, ਐਵਾਰਡਾਂ ਦੀ ਸੂਰਤ ਵਿਚ ਮਾਇਆ ਦੇ ਕੇ ਕਰਦੇ ਆ ਰਹੇ ਸਨ। ਪੰਜਾਬੀ ਸਾਹਿਤ ਕਲਾ ਸੰਗਮ ਦਿੱਲੀ ਰਾਹੀਂ ਉਨ੍ਹਾਂ ਨੇ 1995 ਤੋਂ ਇਹ ਐਵਾਰਡ ਦੇਣੇ ਸ਼ੁਰੂ ਕਰ ਦਿੱਤੇ ਸਨ।

ਦਾਤਾ, ਭਗਤ ਸੂਰਮਿਆਂ ਵਿਚੋਂ ਕੋਈ ਇਕ ਗੁਣ ਵਾਲਾ ਵਿਅਕਤੀ ਹੀ ਮਹਾਨ ਤੇ ਵਿਰਲਾ ਹੁੰਦਾ ਹੈ ਪਰ ਇਹ ਤਿੰਨੇ ਗੁਣ ਰੱਖਣ ਵਾਲਾ ਬੰਦਾ ਤਾਂ ਕਰੋੜਾਂ ਵਿਚੋਂ ਕੋਈ ਇਕ ਹੀ ਹੋ ਸਕਦਾ ਹੈ। ਧੰਨ ਹੈ ਉਹ ਮਾਤਾ ਜਿਸ ਨੇ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਜੈਸਾ, ਇਹ ਤਿੰਨੇ ਗੁਣ ਰੱਖਣ ਵਾਲਾ ਮਹਾਨ ਸਪੂਤ ਪੈਦਾ ਕੀਤਾ ਤੇ ਧੰਨ ਹੈ ਉਹ ਸੂਬੇਦਾਰ ਵਰਗਾ ਪਿਤਾ ਜਿਸਨੇ ਦਰਸ਼ਨ ਸਿੰਘ, ਸੁਰਜੀਤ ਸਿੰਘ, ਅਤੇ ਚਰਨਜੀਤ ਸਿੰਘ ਵਰਗੇ ਮਹਾਨ ਆਗਿਆਕਾਰ ਪੁੱਤਰ ਪੈਦਾ ਕੀਤੇ, ਜੋ ਆਪਣੇ ਪਿਤਾ ਦੇ ਪੂਰਨਿਆਂ ਤੇ ਚੱਲ ਕੇ ਉਸਦੇ ਲਾਏ ਬੂਟਿਆਂ ਨੂੰ ਪ੍ਰਫੁਲਤ ਰੱਖਣ ਦਾ ਯਤਨ ਕਰ ਰਹੇ ਹਨ।

**ਹਰਭਜਨ ਸਿੰਘ 'ਰਤਨ'**

ਰੋਜ਼ਾਨਾ ਚੜ੍ਹਦੀ ਕਲਾ, 12 ਨਵੰਬਰ 96



Sri Satguru Jagjit Singh Ji eLibrary NamdhariElibrary@gmail.com

# ਬਾਪੂ ਕਰਤਾਰ ਸਿੰਘ ਧਾਲੀਵਾਲ ਨੂੰ ਸਿਰਕੱਢ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀ ਭੇਟ

ਸਿੱਖ ਕੌਮ ਨੂੰ ਤੇ ਸਿੱਖ ਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਗੁਰਸਿੱਖੀ ਨਾਲ ਜੋੜਨ ਲਈ ਉਪਰਾਲਾ ਕਰਨਾ ਚਾਹੀਦਾ ਹੈ, ਇਹ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਅੱਜ ਪਿੰਡ ਰੱਖੜਾ ਵਿਚ ਉਘੇ ਦਾਨੀ ਕਰਤਾਰ ਸਿੰਘ ਧਾਲੀਵਾਲ ਦੇ ਭੋਗ ਦੇ ਮੌਕੇ ਤੇ ਭਾਰੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਦੀ ਧਰਤੀ ਨੂੰ ਜ਼ਰੂਰਤ ਹੈ ਕਿ ਉਹ ਫਿਰਕਾ-ਪ੍ਰਸਤੀ, ਧੜੇ-ਬਾਜ਼ੀ, ਸਿਆਸੀ ਮਸਲਿਆਂ ਅਤੇ ਦੁਨਿਆਵੀ ਲੋੜਾਂ ਨੂੰ ਪਿਛੇ ਛੱਡਦੇ ਹੋਏ ਸਿੱਖੀ ਨੂੰ ਪਤਨ ਹੋਣ ਤੋਂ ਬਚਾਇਆ ਜਾਵੇ ਅਤੇ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਿਆ ਜਾਵੇ।

ਇਸ ਮੌਕੇ ਤੇ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਹਰਚਰਨ ਸਿੰਘ ਬਰਾੜ ਨੇ ਕਿਹਾ ਕਿ ਸਾਨੂੰ ਸਮਾਜ ਵਿਚ ਵਿਚਰਦੇ ਹੋਏ ਚੰਗੇ ਕੰਮ ਕਰਨੇ ਚਾਹੀਦੇ ਹਨ, ਤਾਂ ਜੋ ਸੁਰਗਵਾਸ ਹੋਣ ਤੋਂ ਬਾਅਦ ਵੀ ਲੋਕ ਸਾਨੂੰ ਯਾਦ ਕਰ ਸਕਣ। ਉਨ੍ਹਾਂ ਕਿਹਾ ਕਿ ਅੱਜ ਸਮਾਜ ਵਿਚ ਬਹੁਤ ਹੀ ਘੱਟ ਲੋਕ ਅਜਿਹੇ ਹਨ, ਜਿਹੜੇ ਸੱਚਾਈ ਦੇ ਮਾਰਗ ਤੇ ਚੱਲਦੇ ਹੋਏ ਸਮਾਜ ਸੇਵਾ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਪੈਸੇ ਦੀ ਦੌੜ ਨੂੰ ਪਿਛੇ ਛੱਡਦੇ ਹੋਏ ਸਮਾਜ ਸੇਵਾ ਅਤੇ ਦੇਸ਼ ਦੀ ਸੇਵਾ ਵਿਚ ਅੱਗੇ ਆਉਣ ਦੀ ਅਪੀਲ ਕੀਤੀ।

ਇਸ ਮੌਕੇ ਤੇ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ੍ਰੀ ਕਰਤਾਰ ਸਿੰਘ ਧਾਲੀਵਾਲ ਵਲੋਂ ਕੀਤੇ ਸਮਾਜ ਸੇਵਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਦੇ ਸਪੁੱਤਰ ਦਰਸ਼ਨ ਸਿੰਘ ਧਾਲੀਵਾਲ ਨੇ ਅਮਰੀਕਾ ਵਿਚ ਵੀ ਜਾ ਵਸੇ ਆਪਣੇ ਸਮੁੱਚੇ ਪਰਿਵਾਰ ਨੂੰ ਸਿੱਖੀ ਨਾਲ ਜੋੜ ਕੇ ਰੱਖਿਆ ਹੈ। ਉਨ੍ਹਾਂ ਇਸ ਪਰਿਵਾਰ ਤੋਂ ਸੇਧ ਲੈ ਕੇ ਸਿੱਖੀ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਸ੍ਰੀ ਕਰਤਾਰ ਸਿੰਘ ਧਾਲੀਵਾਲ, ਸ਼ੂਗਰਫੈਡ ਦੇ ਸਾਬਕਾ ਚੇਅਰਮੈਨ ਸੁਰਜੀਤ ਸਿੰਘ ਧਾਲੀਵਾਲ ਅਤੇ ਚਰਨਜੀਤ ਸਿੰਘ ਧਾਲੀਵਾਲ ਵਲੋਂ ਇਸ ਖੇਤਰ ਵਿਚ ਸਮਾਜ ਸੇਵਾ ਦੇ ਲਈ 50 ਲੱਖ ਰੁਪਏ ਦੀ ਰਾਸ਼ੀ ਖਰਚ ਕਰਨ ਦਾ ਐਲਾਨ ਕੀਤਾ।

ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ੍ਰੀ ਹਰਭਜਨ ਸਿੰਘ ਹਲਵਾਰਵੀ ਨੇ ਇਸ ਮੌਕੇ ਤੇ ਬੋਲਦਿਆਂ ਦੱਸਿਆ ਕਿ ਸਿੱਖ ਭਾਈਚਾਰਾ ਕੌਮਾਂਤਰੀ ਭਾਈਚਾਰਾ ਹੈ ਅਤੇ ਇਸ



Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਵਲੋਂ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਅਹਿਮ ਯੋਗਦਾਨ ਪਾ ਕੇ ਪੰਜਾਬੀਆਂ ਦਾ ਦੇਸ਼ ਭਰ ਵਿਚ ਮਾਣ ਵਧਾਇਆ ਹੈ।

ਇਸ ਮੌਕੇ ਤੇ ਨਾਮਧਾਰੀ ਮਿਸ਼ਨ ਦੇ ਆਗੂ ਬਾਬਾ ਜਗਜੀਤ ਸਿੰਘ ਹੋਰਾਂ ਕਿਹਾ ਕਿ ਬਾਪੂ ਕਰਤਾਰ ਸਿੰਘ ਦਾ ਜੀਵਨ ਉੱਚਾ-ਸੁੱਚਾ ਸੀ. ਉਨ੍ਹਾਂ ਇਹ ਵੀ ਕਿਹਾ ਕਿ ਸਾਰੇ ਭਾਰਤ ਵਿਚ ਸ਼ਰਾਬ-ਬੰਦੀ ਲਾਗੂ ਹੋਣੀ ਚਾਹੀਦੀ ਹੈ।

ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਾਬਕਾ ਗ੍ਰਹਿ ਮੰਤਰੀ ਕੈਪਟਨ ਕੰਵਲਜੀਤ ਸਿੰਘ, ਸੰਸਦ ਮੈਂਬਰ ਪ੍ਰੋਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ, ਸਾਬਕਾ ਮੁੱਖ ਸਕੱਤਰ ਪੰਜਾਬ ਅਤੇ ਪ੍ਰਧਾਨ ਪੰਜਾਬੀ ਸਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਸ੍ਰੀ ਅਮਰੀਕ ਸਿੰਘ ਪੂੰਨੀ, ਪੰਜਾਬ ਦੇ ਸਹਿਕਾਰਤਾ ਮੰਤਰੀ ਜਸਜੀਤ ਸਿੰਘ ਰੰਧਾਵਾ, ਭਾਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਬਲਵੀਰ ਸਿੰਘ ਰਾਜੇਵਾਲ, ਅਕਾਲੀ ਦਲ ਅਮਰੀਕਾ ਦੇ ਪ੍ਰਧਾਨ ਡਾ. ਸੁਖਵਿੰਦਰ ਸਿੰਘ, ਮਿਸ਼ੀਗਨ ਯੂਨੀਵਰਸਿਟੀ ਅਮਰੀਕਾ ਦੇ ਪ੍ਰੋ. ਡਾ. ਸਤਨਾਮ ਸਿੰਘ , ਮੁਫਤੀ ਏ ਪੰਜਾਬ ਮੌਲਵੀ ਬੁਲਾਨਾ, ਭਾਰਤੀ ਜਨਤਾ ਪਾਰਟੀ ਦੇ ਪ੍ਰਤੰਬਰ ਦਾਸ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦਾ ਫ਼ਰਜ਼ ਸ੍ਰੀ ਹਰਭਜਨ ਸਿੰਘ ਰਤਨ ਨੇ ਨਿਭਾਇਆ।

ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਪੰਜਾਬ ਦੇ ਵਿੱਤ ਮੰਤਰੀ ਡਾ. ਕੇਵਲ ਕ੍ਰਿਸ਼ਨ, ਵਿਦਿਆ ਮੰਤਰੀ ਅਵਤਾਰ ਸਿੰਘ ਬਰਾੜ, ਰਾਜ ਮੰਤਰੀ ਸਰਦੂਲ ਸਿੰਘ, ਪਨਸਪ ਦੇ ਚੇਅਰਮੈਨ ਬ੍ਰਿਜ ਲਾਲ ਗੋਇਲ, ਇਫਕੋ ਦੇ ਚੇਅਰਮੈਨ ਲਖਵਿੰਦਰ ਸਿੰਘ, ਸਾਬਕਾ ਸੰਸਦ ਮੈਂਬਰ ਬੀਬੀ ਅਮਰਜੀਤ ਕੌਰ, ਪੰਜਾਬ ਦੇ ਪੁਲੀਸ ਮੁੱਖੀ ਸ੍ਰੀ ਚੌਧਰੀ ਸੂਬੇ ਸਿੰਘ, ਸਾਬਕਾ ਸੰਸਦ ਮੈਂਬਰ ਚਰਨਜੀਤ ਸਿੰਘ ਵਾਲੀਆ, ਸਾਬਕਾ ਮੰਤਰੀ ਜਸਦੇਵ ਸਿੰਘ ਸੰਧੂ, ਚੜ੍ਹਦੀ ਕਲਾ ਦੇ ਮੁੱਖ ਸੰਪਾਦਕ ਜਗਜੀਤ ਸਿੰਘ ਦਰਦੀ, ਜ਼ਿਲ੍ਹਾ ਅਕਾਲੀ ਦਲ ਪਟਿਆਲਾ ਦੇ ਪ੍ਰਧਾਨ ਰਜਿੰਦਰ ਸਿੰਘ ਟੌਹੜਾ, ਭਾਈ ਅਸ਼ੋਕ ਸਿੰਘ ਬਾਗੜੀਆਂ, ਸ੍ਰੀ ਰੈਡੀ, ਐਸ. ਐਸ. ਪੀ. ਚੰਡੀਗੜ੍ਹ, ਮੁਫਤੀ ਮੁਹੰਮਦ ਮਲੇਰਕੋਟਲਾ, ਪ੍ਰਿਤਪਾਲ ਸਿੰਘ ਭਿੰਡਰ ਐਡਵੋਕੇਟ, ਸ੍ਰੀ ਹਸੰਪਾਲ ਸਾਬਕਾ ਐਮ. ਪੀ., ਵੈਦ ਗੁਰਭਜਨ ਸਿੰਘ ਸੰਨਿਆਸੀ, ਸਾਬਕਾ ਆਈ. ਜੀ., ਗੁਰਇਕਬਾਲ ਸਿੰਘ ਭੁਲਰ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਸਹੌਲੀ, ਸੂਬਾ ਮੀਤ ਪ੍ਰਧਾਨ ਸੁਰਜੀਤ ਸਿੰਘ ਅਬੋਲਵਾਲ, ਨਰਿੰਦਰ ਸਿੰਘ ਮਾਨ, ਗੁਰਸੇਵ ਸਿੰਘ ਹਰਪਾਲਪੁਰ, ਅਕਾਲੀ ਆਗੂ ਮਨਜੀਤ ਸਿੰਘ ਲੱਸੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਵੰਤ ਸਿੰਘ ਟੌਹੜਾ, ਜ਼ਿਲ੍ਹਾ ਅਕਾਲੀ ਜਥਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਸਵਰਨ ਸਿੰਘ ਚਨਾਰਥਲ, ਜਸਪਾਲ ਸਿੰਘ ਰੱਖੜਾ, ਰਣਧੀਰ ਸਿੰਘ ਰੱਖੜਾ, ਸਾਬਕਾ ਮੰਤਰੀ ਸੰਤੋਖ ਸਿੰਘ ਰੰਧਾਵਾ, ਆਈ. ਜੀ. ਪੰਜਾਬ ਸ੍ਰੀ ਆਰ. ਐਸ. ਚਾਲੀਆ, ਭਾਰਤੀ ਜਨਤਾ ਪਾਰਟੀ ਦੇ ਨਾਭਾ ਇਕਾਈ ਦੇ ਆਗੂ ਓਮ ਪ੍ਰਕਾਸ਼ ਜਿੰਦਲ, ਬਾਲਮੀਕ ਸਭਾ ਪੰਜਾਬ ਦੇ ਮੀਤ ਪ੍ਰਧਾਨ ਪ੍ਰੇਮ ਕੁਮਾਰ ਗਾਂਗਟ ਆਦਿ ਮੌਜੂਦ ਸਨ।

ਸਮਾਗਮ ਦੇ ਅਖੀਰ ਵਿਚ ਸ੍ਰੀ ਕਰਤਾਰ ਸਿੰਘ ਧਾਲੀਵਾਲ ਦੇ ਸਪੁੱਤਰ ਸੁਰਜੀਤ ਸਿੰਘ ਧਾਲੀਵਾਲ ਨੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ਼ ਦਿੱਤਾ ਕਿ ਉਹ ਆਪਣੇ ਪਿਤਾ ਵਲੋਂ ਦਰਸਾਏ ਸਮਾਜ ਸੇਵਾ ਦੇ ਕੰਮਾਂ ਦੀ ਲੀਹ ਨੂੰ ਅੱਗੇ ਚਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ 'ਤੇ ਸ੍ਰੀ ਧਾਲੀਵਾਲ ਪਰਿਵਾਰ



Sri Satguru Jagjit Singh Ji eLibrary NamdhariElibrary@gmail.com

ਵੱਲੋਂ ਇਲਾਕੇ ਦੇ 100 ਦੇ ਕਰੀਬ ਪਿੰਡਾਂ ਵਿਚ ਪ੍ਰਤੀ ਘਰ ਇਕ-ਇਕ ਕਿਲੋ ਮਠਿਆਈ ਵੰਡੀ ਗਈ, ਅਤੇ ਭਾਈਆਂ ਪੰਡਤਾਂ ਤੇ ਮੌਲਵੀਆਂ ਨੂੰ ਪ੍ਰਵਾਰ ਦਾ ਪ੍ਰਤੀ ਜੀਅ ਲਈ ਸੌ-ਸੌ ਰੁਪਏ ਇਲਾਕੇ ਦੀਆਂ ਬਹੁਤ ਸਾਰੀਆਂ ਪੰਚਾਇਤਾਂ, ਸੱਭਿਆਚਾਰਕ ਕਲੱਬਾਂ ਅਤੇ ਸੰਸਥਾਵਾਂ ਵਲੋਂ ਇਸ ਮੌਕੇ 'ਤੇ ਸੋਗ ਮਤੇ ਭੇਜੇ ਗਏ ਅਤੇ ਵੱਡੇ ਸਪੁੱਤਰ ਸ੍ਰੀ ਦਰਸ਼ਨ ਸਿੰਘ ਨੂੰ ਪੱਗੜੀਆਂ ਭੇਜੀਆਂ ਗਈਆਂ, ਸੋਗ ਸੰਦੇਸ਼ ਵਿਚ ਗਵਰਨਰ ਪੰਜਾਬ ਅਤੇ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਵੀ ਸੰਦੇਸ਼ ਸ਼ਾਮਲ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਸ੍ਰੀ ਧਾਲੀਵਾਲ ਦੇ ਸਪੁੱਤਰ ਦਰਸ਼ਨ ਸਿੰਘ ਧਾਲੀਵਾਲ ਨੂੰ ਇਕ ਦਸਤਾਰ ਭੇਟ ਕੀਤੀ ਗਈ। ਇਥੇ ਇਹ ਵਰਨਣਯੋਗ ਹੈ ਕਿ ਵਿਸਕਿਨਸਿਨ ਯੂਨੀਵਰਸਿਟੀ 'ਚ ਬਾਪੂ ਕਰਤਾਰ ਸਿੰਘ ਦੇ ਨਾਂ 'ਤੇ ਪ੍ਰੋਫੈਸਰਸ਼ਿਪ ਆਫ਼ ਪੰਜਾਬ ਇੰਡੀਆ ਸਟੱਡੀਜ਼' ਪਹਿਲੀ ਵਾਰ ਪੱਕੀ ਚੇਅਰ ਕਾਇਮ ਕੀਤੀ ਗਈ ਹੈ। ਉਨ੍ਹਾਂ ਦੇ ਵੱਡੇ ਸਪੱਤਰ ਨੇ ਇਸ ਯੂਨੀਵਰਸਿਟੀ ਲਈ 10 ਲੱਖ ਡਾਲਰ ਦਾ ਫੰਡ ਦਿੱਤਾ ਹੈ। ਇਸ ਫੰਡ ਨਾਲ ਇਸ 'ਵਰਸਿਟੀ 'ਚ ਹਰ ਦੂਜੇ ਸਾਲ ਪੰਜਾਬੀ ਭਾਸ਼ਾ ਸੱਭਿਅਤਾ ਤੇ ਸਿੱਖ ਧਰਮ ਬਾਰੇ ਸੈਮੀਨਾਰ ਹੋਣਗੇ, ਇਸਦੇ ਨਾਲ ਸੈਂਟ ਮੇਰੀ ਹਸਪਤਾਲ ਮਿਲਵਾਕੀ 'ਚ ਬਾਪੂ ਜੀ ਦੇ ਨਾਂ 'ਤੇ ਹਰ ਹਫ਼ਤੇ ਪ੍ਰਾਰਥਨਾ ਹੁੰਦੀ ਹੈ। ਇਸ ਤਰ੍ਹਾਂ ਆਇਵਾ ਕਮਿਊਨਿਟੀ ਕਾਲਜ 'ਚ ਹਰ ਸਾਲ ਲੱਖਾਂ ਡਾਲਰ ਕਮਿਊਨਿਟੀ ਸਰਵਿਸ ਲਈ ਦਿੱਤੇ ਜਾਂਦੇ ਹਨ। ਇਸਦੇ ਨਾਲ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਸਾਹਿਤ ਕਲਾ ਸੰਗਮ ਦਿੱਲੀ ਵੱਲੋਂ ਹਰ ਸਾਲ ਵੱਖ-ਵੱਖ ਖੇਤਰਾਂ ਲਈ ਇਨਾਮ ਦਿੱਤੇ ਜਾਂਦੇ ਹਨ।

ਅੰਤ ਵਿਚ ਆਏ ਲੋਕਾਂ ਦੀ ਸੇਵਾ ਲੰਗਰ ਅਤੇ ਚਾਹ ਪਾਣੀ ਨਾਲ ਕੀਤੀ ਗਈ। ਸਮਾਗਮ ਏਨਾਂ ਵੱਡਾ ਸੀ ਕਿ ਹਾਜ਼ਰੀ ਦਾ ਅੰਦਾਜ਼ਾ 60 ਹਜ਼ਾਰ ਦੇ ਕਰੀਬ ਸੀ, ਮੀਲਾਂ ਤਕ ਕਾਰਾਂ ਖੜੀਆਂ ਹਨ, ਤੇ ਇੰਜ ਲਗਦਾ ਸੀ ਕਿ ਕੋਈ ਬਹੁਤ ਵੱਡਾ ਮੇਲਾ ਲਗਾ ਹੋਇਆ ਹੈ। ਬਾਪੂ ਵਰਗੀ ਮਹਾਨ ਸ਼ਖ਼ਸੀਅਤ ਦੀ ਯਾਦ ਵਿਚ ਮੇਲੇ ਲਗਦੇ ਹੀ ਰਹਿਣਗੇ।

ਭੂਸ਼ਨ ਸੂਦ

ਰੋਜ਼ਾਨਾ ਪੰਜਾਬੀ ਟ੍ਰਿਬਿਊਨ, 13 ਨਵੰਬਰ 1996



Sri Satguru Jagjit Singh Ji eLibrary NamdhariElibrary@gmail.com

# ਕਾਵਿ ਸ਼ਰਧਾਂਜਲੀ
## ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਬਾਪੂ ਦੀ ਅਮਰ ਯਾਦ ਵਿਚ

ਜੇਹੜੇ ਬੰਦੇ ਇਤਹਾਸ ਦੇ ਪੰਨਿਆਂ ਤੇ, ਆਪਣੀ ਯਾਦ ਅਮਿਟ ਛਡ ਜਾਂਵਦੇ ਨੇ
ਮੁਖ ਜੀਓਦਿਆਂ ਜਿੰਨਾਂ ਦੇ ਹੈਨ ਉਜਲ, ਮਰਨ ਪਿਛੋਂ ਭੀ ਜੋ ਸੋਭਾ ਪਾਂਵਦੇ ਨੇ
ਜਿੰਨ੍ਹਾਂ ਦੇ ਕਦਮਾਂ ਨੂੰ ਛੋਹਕੇ ਤੇ, ਉਡਕੇ ਅਰਸ਼ ਦੇ ਤਾਰੇ ਬਣ ਜਾਂਵਦੇ ਨੇ
ਜੇਹੜੇ ਕਥਨੀ ਤੇ ਕਰਨੀ ਦੇ ਹੋਣ ਪੂਰੇ, ਸਾਹਾਂ ਨਾਲ ਸੁਗੰਧੀ ਫੈਲਾਉਂਦੇ ਨੇ
ਕੌਮਾਂ ਜਿੰਨ੍ਹਾਂ ਦੀਆਂ ਪੈੜਾਂ ਤੇ ਤੁਰਦੀਆਂ ਨੇ, ਲੋਕ ਮਗਰੋਂ ਵੀ ਗੀਤ ਪਏ ਗਾਂਵਦੇ ਨੇ
ਉਂਜ ਬੰਦੇ ਜਹਾਨ ਤੇ ਲਖ ਆਂਓਦੇ, ਬਾਪੂ ਜੇਹੇ ਪਰ ਵਿਰਲੇ ਹੀ ਆਂਵਦੇ ਨੇ।

ਭਲੇ ਪੁਰਸ਼ ਭਾਵੇਂ ਸਦਾ ਨਹੀਂ ਰਹਿੰਦੇ, ਭਲੇ ਪੁਰਸ਼ਾਂ ਦੀਆਂ ਯਾਦਾਂ ਰਹਿੰਦੀਆਂ ਨੇ
ਰਹਿੰਦੇ ਸਦਾ ਲਈ ਉਹ ਮਿਸਾਲ ਬਣਕੇ, ਨਸਲਾਂ ਕਿੱਸੇ ਕਹਾਣੀਆਂ ਕਹਿੰਦੀਆਂ ਨੇ
ਉਦੋਂ ਉਦੋਂ ਹੀ ਉਨ੍ਹਾਂ ਦੀ ਗਲ ਤੁਰਦੀ, ਜਦੋਂ ਜਦੋਂ ਵੀ ਮਹਿਫਲਾਂ ਬਹਿੰਦੀਆਂ ਨੇ
ਰਿਸ਼ਤੇਦਾਰਾਂ, ਮਿਤ੍ਰਾਂ, ਸੰਗੀ ਸਾਥੀਆਂ ਨੂੰ, ਪੀੜਾਂ ਹਿਜਰ ਦੀਆਂ ਸਹਿਣੀਆਂ ਪੈਂਦੀਆਂ ਨੇ
ਕਿਵੇਂ ਫਰਸ਼ ਤੋਂ ਅਰਸ਼ ਤਕ ਪੁਜੀਦਾ ਏ, ਸੂਬੇਦਾਰ ਦਾ ਜੀਵਨ ਦਰਸਾਉਂਦਾ ਏ
ਘਰ ਸਾਧਾਰਨ ਤੋਂ ਮਹਿਲਾਂ ਤਕ ਕਿਵੇਂ ਪੁਜੀਏ, ਉਸਦਾ ਜੀਵਨ ਇਹ ਸਾਨੂੰ ਸਿਖਲਾਉਂਦਾ ਏ।

ਗੁਰੂ ਘਰ ਤੇ ਰਖਿਆ ਅਪਾਰ ਨਿਸਚਾ, ਉਸ ਨੇ ਗੁਰੂ ਦਰਬਾਰ ਤੇ ਓਟ ਰਖੀ
ਗੁਰੂ ਨਾਨਕ ਦਾ ਸਿਖ ਸੀ ਉਹ ਸਚਾ, ਉਸਦੇ ਭਰੇ ਭੰਡਾਰ ਤੇ ਓਟ ਰਖੀ
ਸਦਾ ਸਾਰਿਆਂ ਨਾਲ ਪਿਆਰ ਕੀਤਾ, ਅਗੋਂ ਮਿਲੇ ਪਿਆਰ ਤੇ ਓਟ ਰਖੀ
ਰੱਬ ਉਨ੍ਹਾਂ ਦੇ ਸਦਾ ਭੰਡਾਰ ਭਰਦਾ, ਜਿੰਨ੍ਹਾਂ ਸਦਾ ਦਾਤਾਰ ਤੇ ਓਟ ਰਖੀ
ਚੁੰਮੇ ਕਦਮ ਉਸਦੇ ਕਾਮਯਾਬੀਆਂ ਨੇ, ਰਹੀਆਂ ਸਫਲਤਾਵਾਂ ਸਦਾ ਨਾਲ ਉਸਦੇ
ਕਿਉਂਕਿ ਜੀਵਨ ਹੈਸੀ ਉਸਦਾ ਉਚਾ ਸੁਚਾ, ਉਚੇ ਸੁਚੇ ਸਨ ਸਦਾ ਖ਼ਿਆਲ ਉਸਦੇ।

ਇਕ ਵਾਰੀ ਉਸ ਨਾਲ ਗਲ ਕੀਤੀ, ਜ਼ਿੰਦਗੀ ਭਰ ਉਸਦੇ ਕਦਰਦਾਨ ਬਣ ਗਏ,
ਉਸਦੀ ਨੇਕੀ, ਸਚਾਈ, ਈਮਾਨਦਾਰੀ, ਤਕ ਕੇ ਮਾੜੇ ਭੀ ਚੰਗੇ ਇਨਸਾਨ ਬਣ ਗਏ
ਜਿੰਨ੍ਹਾਂ ਤਈਂ ਉਸ ਦੀ ਜ਼ਰਾ ਛੋਹ ਲਗੀ, ਉਹ ਵੀ ਨੇਕ ਬਣ ਗਏ, ਦੱਇਆਵਾਨ ਬਣ ਗਏ
ਪੁਤਰ ਉਸ ਦੇ ਉਹਦੀ ਅਸੀਸ ਲੈ ਕੇ, ਦੇਸ਼, ਕੌਮ, ਸੰਸਾਰ ਦੀ ਸ਼ਾਨ ਬਣ ਗਏ,
ਸੰਤ ਰਾਜਾ ਯੋਗੀ ਗ੍ਰਹਿਸਥੀ ਤਿਆਗੀ ਦਾਨੀ, ਸਫਲ ਜੀਵਨ ਵਾਲਾ ਗਿਆਨਵਾਨ ਸੀ ਉਹ
ਰਤਨ ਐਸਾ ਬੰਦਾ ਮੁੜਕੇ ਜਮਣਾ ਨਹੀਂ, 'ਰਤਨ' ਸਚਮੁਚ ਮੁਕੰਮਲ ਇਨਸਾਨ ਸੀ ਉਹ।



Sri Satguru Jagjit Singh Ji eLibrary NamdhariElibrary@gmail.com

# ਕਰਤਾਰ ਸਿੰਘ ਧਾਲੀਵਾਲ
# ਪ੍ਰੋਫ਼ੈਸਰਸ਼ਿਪ ਆਫ਼ ਪੰਜਾਬ/ਇੰਡੀਅਨ ਸਟੱਡੀਜ਼
# ਵਿਸਕਾਂਨਸਨ ਯੂਨੀਵਰਸਿਟੀ, ਮਿਲਵਾਕੀ (ਅਮਰੀਕਾ)

ਪਿਛਲੇ ਸਾਲ ਜੂਨ 1996 ਦੇ ਆਖ਼ਰੀ ਹਫ਼ਤੇ ਮੈਨੂੰ ਵਾਸ਼ਿੰਗਟਨ ਅਮਰੀਕਾ ਵਿਖੇ ਹੋਈ ਅਕਾਦਮੀ ਆਫ਼ ਪੰਜਾਬੀ ਇਨ ਨਾਰਥ ਅਮਰੀਕਾ (ਅਪਨਾ) ਦੇ ਸਦੇ ਤੇ ਉਨਾਂ ਵਲੋਂ ਹੋਈ ਪੰਜਾਬੀ ਕਾਨਫਰੰਸ ਤੇ ਜਾਣ ਦਾ ਮੌਕਾ ਮਿਲਿਆ। ਇਹ ਕਾਨਫਰੰਸ ਮਨਜ਼ੂਰ ਏਜਾਜ ਤੇ ਉਨਾਂ ਦੇ ਸਾਥੀ ਆਪਣੇ ਤਰੀਕੇ ਨਾਲ, ਇਕ ਸੀਮਿਤ ਹਦ ਵਿਚ ਹਰ ਸਾਲ ਕਰਾਣ ਦਾ ਉਪਰਾਲਾ ਕਰਦੇ ਹਨ। ਇਸ ਦੇ ਸੀਮਿਤ ਘੇਤੇ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗ ਜਾਂਦਾ ਹੈ, ਕਿ ਇਸ ਵਿਚ ਭਾਰਤ ਤੋਂ ਕੇਵਲ ਇਕ ਦੋ ਲੇਖਕ ਹੀ ਬੁਲਾਏ ਜਾਂਦੇ ਹਨ। ਪਿਛਲੇ ਸਾਲ ਭਾਰਤ ਵਿਚੋਂ ਪੁਜਾ ਮੈਂ ਇਕਲਾ ਡੈਲੀਗੇਟ ਹੀ ਸਾਂ ਤੇ ਮੈਥੋਂ ਇਕ ਪਰਚਾ ਲਿਖਵਾਇਆ ਤੇ ਪੜ੍ਹਾਇਆ ਗਿਆ ਸੀ। ਕਾਨਫਰੰਸ ਤੋਂ ਬਾਅਦ ਮੈਂ ਆਪਣੇ ਮਿੱਤਰ ਦਰਸ਼ਨ ਸਿੰਘ ਧਾਲੀਵਾਲ ਦੇ ਸਦੇ ਤੇ ਉਨਾਂ ਪਾਸ ਮਿਲਵਾਕੀ ਪੁਜਾ। ਉਨਾਂ ਮੈਨੂੰ ਦਸਿਆ ਕਿ ਉਹ ਮਿਲਵਾਕੀ ਵਿਚ ਵਿਸਕਾਂਨਸਨ ਯੂਨੀਵਰਸਿਟੀ ਵਿਚ ਸਿਖ਼ੀ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਸ਼ਿਆਂ ਤੇ ਖੋਜ ਤੇ ਸਟੱਡੀ ਕਰਾਣ ਵਾਲੀ ਇਕ ਚੇਅਰ ਆਪਣੇ ਪਿਤਾ ਸ੍ਰ. ਕਰਤਾਰ ਸਿੰਘ ਧਾਲੀਵਾਲ ਦੇ ਨਾਮ ਨਾਲ ਸਬੰਧਤ, ਕਾਇਮ ਕਰਾਣਾ ਚਾਹੁੰਦੇ ਹਨ, ਜਿਸ ਲਈ ਯੂਨੀਵਰਸਿਟੀ ਨਾਲ ਗੱਲ ਚਲ ਰਹੀ ਹੈ। ਉਨਾਂ ਇਸ ਦਾ ਕੁਝ ਵੇਰਵਾ ਭੀ ਮੇਰੇ ਨਾਲ ਵਿਚਾਰਿਆ।

ਮੈਂ ਉਥੇ ਚਾਰ-ਪੰਜ ਦਿਨ ਰਹਿ ਕੇ, ਸੀਏਟਲ, ਵੈਨਕੂਵਰ ਤੇ ਟਰਾਂਟੋ ਆਦਿ ਸ਼ਹਿਰਾਂ ਵਿਚ ਜਾਣਾ ਚਾਹੁੰਦਾ ਸਾਂ। ਉਹ ਮੈਨੂੰ ਕਹਿਣ ਲਗੇ ਕਿ ਅਗਸਤ ਦੀ 16 ਨੂੰ ਘਰ ਅਖੰਡ ਪਾਠ ਰਖਣਾ ਹੈ ਤੇ 18 ਅਗਸਤ ਸਮਾਪਤੀ ਕਰਨੀ ਹੈ। ਉਦੋਂ ਤਕ ਯੂਨੀਵਰਸਿਟੀ ਨਾਲ ਸਾਰੀ ਗੱਲ ਤੈਅ ਹੋ ਜਾਣੀ ਚਾਹੀਦੀ ਹੈ ਤੇ ਉਸ ਦਿਨ ਉਸੇ ਸਮਾਗਮ ਵਿਚ ਇਸ ਦਾ ਐਲਾਨ ਯੂਨੀਵਰਸਿਟੀ ਅਧਿਕਾਰੀਆਂ ਦੀ ਮੌਜੂਦਗੀ ਵਿਚ ਕਰਨਾ ਚਾਹੀਦਾ ਹੈ। ਐਗ੍ਰੀਮੈਂਟ ਕਰਕੇ ਉਥੇ ਹੀ ਯੂਨੀਵਰਸਿਟੀ ਅਧਿਕਾਰੀਆਂ ਨਾਲ ਸਾਰੀ ਕਾਰਵਾਈ ਸੰਗਤ ਦੇ ਸਾਹਮਣੇ ਹੀ ਪੂਰੀ ਕਰਕੇ ਅਰਦਾਸ ਕਰਨੀ ਚਾਹੀਦੀ ਹੈ। ਮੈਨੂੰ ਉਨਾਂ ਕਿਹਾ ਕਿ ਉਸ ਤੋਂ ਪਹਿਲਾਂ ਭੀ ਮੈਂ ਉਥੇ ਚਕਰ ਲਾਵਾਂ, ਤੇ ਫਿਰ ਅਗਸਤ ਦਾ ਉਹ ਹਫ਼ਤਾ ਭੀ ਉਥੇ ਹੋਵਾਂ ਤੇ ਸਾਰੇ ਸਮਾਗਮ ਵਿਚ ਹਿਸਾ ਲਵਾਂ। ਇਸ ਦੌਰਾਨ ਅਸੀਂ ਟੈਲੀਫ਼ੋਨ ਰਾਹੀਂ ਸੰਪਰਕ ਜਾਰੀ ਰਖਾਂਗੇ।



Sri Satguru Jagjit Singh Ji eLibrary NamdhariElibrary@gmail.com

ਮੈਂ ਉਥੋਂ ਸੀਏਟਲ, ਵੈਨਕੂਵਰ, ਓਟਾਵਾ, ਮਾਨਟਰੀਆਲ, ਕਿਊਬਕ ਆਦਿ ਸ਼ਹਿਰਾਂ ਦੀ ਸੈਰ ਕਰਦਾ ਟੋਰੰਟੋ ਪੁਜ ਗਿਆ।

14 ਅਗਸਤ 1996 ਨੂੰ ਮੈਂ ਫਿਰ ਉਨ੍ਹਾਂ ਪਾਸ ਮਿਲਵਾਕੀ ਪੁਜ ਗਿਆ। ਯੂਨੀਵਰਸਿਟੀ ਨਾਲ ਹੋਣ ਵਾਲੇ ਐਗ੍ਰੀਮੈਂਟ ਦੀਆਂ ਵਖ ਵਖ ਧਾਰਾਵਾਂ ਤੇ ਅਸੀਂ ਵਿਚਾਰ ਕਰਦੇ ਰਹੇ। ਯੂਨੀਵਰਸਿਟੀ ਦੇ ਡਾ. ਐਸ. ਐਸ. ਅਰੋੜਾ, ਅਤੇ ਕੈਲੀਫੋਰਨੀਆਂ ਦੇ ਡਾ. ਸੁਖਮਿੰਦਰ ਸਿੰਘ ਵੀ ਸਲਾਹ ਮਸ਼ਵਰੇ ਵਿਚ ਪੂਰੀ ਤਰ੍ਹਾਂ ਸ਼ਾਮਲ ਸਨ। ਮੈਂ ਐਗ੍ਰੀਮੈਂਟ ਵਿਚ ਕੁਝ ਤਰਮੀਮਾਂ ਦੇ ਸੁਝਾਓ ਦਿਤੇ, ਜੋ ਠੀਕ ਸਮਝ ਕੇ ਪ੍ਰਵਾਨ ਕੀਤੇ ਗਏ। ਇਸ ਚੇਅਰ ਦਾ ਨਾਮ "ਕਰਤਾਰ ਸਿੰਘ ਧਾਲੀਵਾਲ ਪ੍ਰੋਫੈਸਰਸ਼ਿਪ ਆਫ਼ ਪੰਜਾਬ ਇੰਡੀਅਨ ਸਟੱਡੀਜ਼" ਰਖਣਾ ਤੈਅ ਹੋਇਆ, ਤੇ ਇਸ ਵਿਚ ਵਧੇਰੇ ਜ਼ੋਰ, ਪੰਜਾਬੀ, ਸਿਖ ਇਤਿਹਾਸ ਤੇ ਪੰਜਾਬ ਬਾਰੇ ਸਟੱਡੀਜ਼ ਤੇ ਸੀ। ਇਸ ਚੇਅਰ ਦੇ ਖਰਚੇ ਲਈ ਯੂਨੀਵਰਸਿਟੀ ਨੇ ਦਸ ਲਖ ਡਾਲਰ ਪਕਾ ਫੰਡ ਜਮਾ ਕਰਾਣ ਲਈ ਮੰਗਿਆ ਸੀ। ਜਿਸਦੇ ਸੂਦ ਨਾਲ ਇਹ ਡੀਪਾਰਟਮੈਂਟ ਚਲਣਾ ਸੀ। ਯੂਨੀਵਰਸਿਟੀ ਵਲੋਂ ਸੈਮੀਨਾਰ ਕਰਾਣ, ਅਤੇ ਹਰ ਸਾਲ ਪੰਜਾਬ ਚੋਂ ਕੁਝ ਬੱਚਿਆਂ ਨੂੰ ਵਜ਼ੀਫੇ ਦੇ ਕੇ ਉਥੇ ਵਿਦਿਆ ਦੇਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

18 ਅਗਸਤ ਨੂੰ ਅਖੰਡ ਪਾਠ ਦੀ ਸਮਾਪਤੀ ਤੇ ਕੀਰਤਨ ਸਮੇਂ, ਸੰਗਤਾਂ ਦੂਰੋਂ ਨੇੜਿਓਂ ਭਾਰੀ ਗਿਣਤੀ ਵਿਚ ਪੁਜੀਆਂ ਹੋਈਆਂ ਸਨ। ਯੂਨੀਵਰਸਿਟੀ ਵਲੋਂ ਡੀਨ, ਮਾਰਸ਼ਨ ਗੁਡਮੈਨ, ਉਨਾਂ ਦੀ ਪਤਨੀ, ਡਾ. ਅਰੋੜਾ ਤੇ ਕੁਝ ਹੋਰ ਪ੍ਰੋਫੈਸਰ ਪੁਜੇ ਹੋਏ ਸਨ। ਚੇਅਰ ਦੇ ਵਿਧਾਨ ਤੇ ਕੰਮ ਦੇ ਵੇਰਵੇ ਬਾਰੇ ਐਗ੍ਰੀਮੈਂਟ ਦੀਆਂ ਕਾਪੀਆਂ ਸੰਗਤਾਂ ਵਿਚ ਵੰਡੀਆਂ ਗਈਆਂ ਅਤੇ ਜੈਕਾਰਿਆਂ ਦੀ ਗੂੰਜ ਵਿਚ ਦਰਸ਼ਨ ਸਿੰਘ ਧਾਲੀਵਾਲ ਨੇ ਦਸ ਲਖ ਡਾਲਰ ਦਾ ਚੈਕ, ਮਾਰਸ਼ਲ ਗੁਡਮੈਨ, ਡੀਨ ਨੂੰ ਭੇਟਾ ਕੀਤਾ। ਮੇਰੇ ਸਮੇਤ ਕੁਝ ਬੁਲਾਰਿਆਂ ਨੇ ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ, ਅਤੇ ਇਸ ਚੇਅਰ ਦੀ ਮਹੱਤਤਾ ਤੇ ਸ੍ਰ. ਦਰਸ਼ਨ ਸਿੰਘ ਧਾਲੀਵਾਲ ਦੇ ਇਸ ਮਹਾਨ ਕਾਰਜ ਬਾਰੇ ਰੌਸ਼ਨੀ ਪਾਈ।

ਦੂਸਰੇ ਦਿਨ ਮੈਂ ਸ੍ਰ. ਦਰਸ਼ਨ ਸਿੰਘ ਧਾਲੀਵਾਲ ਨੂੰ ਸੁਝਾਅ ਦਿਤਾ ਕਿ ਇਸ ਚੇਅਰ ਦੇ ਕੰਮਾਂ ਵਿਚ ਸੈਮੀਨਾਰ ਕਰਾਣਾ ਵੀ ਹੈ। ਕਿਉਂ ਨਾ ਇਸ ਦੀ ਸ਼ੁਰੂਆਤ ਅਗਲੇ ਸਾਲ, ਇਸ ਚੇਅਰ ਦੇ ਸਹਿਯੋਗ ਨਾਲ, ਬਹੁਤ ਵਡੇ ਪੈਮਾਨੇ ਤੇ, ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾ ਕੇ ਕੀਤੀ ਜਾਵੇ। ਇਸ ਨਾਲ ਇਕ ਤਾਂ ਇਸ ਚੇਅਰ ਦੀ ਸ਼ਾਨ ਵਧੇਗੀ, ਦੂਸਰਾ 1984 ਵਿਚ ਇਥੇ ਹੋਣ ਵਾਲੀ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਜੋ ਐਕਸ਼ਨ ਬਲਿਊ ਸਟਾਰ ਕਰਕੇ, ਮੁਲਤਵੀ ਕਰਨੀ ਪਈ ਸੀ, ਦਾ ਸੰਕਲਪ ਭੀ ਪੂਰਾ ਹੋ ਜਾਵੇਗਾ।

ਇਸ ਚੇਅਰ ਵਲੋਂ ਹਰ ਸਾਲ ਪੰਜਾਬ ਵਿਚੋਂ 14 ਬਚੇ ਅਮਰੀਕਾ ਬੁਲਾ ਕੇ ਵਜ਼ੀਫ਼ਾ ਦੇ ਕੇ ਪੜ੍ਹਾਈ ਕਰਾਣ ਦਾ ਪ੍ਰੋਗਰਾਮ ਭੀ ਬਣਾਇਆ ਗਿਆ ਹੈ। ਅਮਰੀਕਾ ਦੀ ਯੂਨੀਵਰਸਿਟੀ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੇ ਐਕਸਚੇਂਜ ਦਾ ਪ੍ਰੋਗਰਾਮ ਭੀ ਬਣਾਇਆ ਗਿਆ ਹੈ, ਜਿਸ ਅਨੁਸਾਰ ਵਿਸਕਾਂਨਸਨ ਯੂਨੀਵਰਸਿਟੀ ਦੇ ਵਿਦਿਆਰਥੀ ਭੀ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਆ ਕੇ



Sri Satguru Jagjit Singh Ji eLibrary NamdhariElibrary@gmail.com

ਪੜ੍ਹ ਸਕਣਗੇ ਤੇ ਇਥੇ ਦੀ ਬੋਲੀ, ਸਾਹਿਤ, ਕਲਾ ਤੇ ਸਭਿਆਚਾਰ ਦੀ ਵਾਕਫੀਅਤ ਹਾਸ਼ਲ ਕਰ ਸਕਣਗੇ। ਪੰਜਾਬ ਚੋਂ ਗਏ ਵਿਦਿਆਰਥੀ ਉਥੇ ਵਧੀਆ ਪ੍ਰਕਾਰ ਦੀ ਆਪਣੇ ਮਨਪੰਸਦ ਖੇਤਰ ਦੀ ਪੜ੍ਹਾਈ ਕਰ ਸਕਣਗੇ, ਤੇ ਵਾਪਸ ਦੇਸ਼ ਆਣ ਤੇ, ਦੇਸ਼ ਦੀ ਉਸਾਰੀ ਤੇ ਉੱਨਤੀ ਵਿਚ ਹਿਸਾ ਪਾ ਸਕਣਗੇ।

ਦਾਖ਼ਲੇ ਲਈ ਅੰਡਰਗ੍ਰੇਜੂਏਟ ਵਿਦਿਆ ਦੀ ਯੋਗਤਾ 10+2 ਅਤੇ ਗ੍ਰੈਜੂਏਟ ਕੋਰਸ ਲਈ ਮਾਸਟਰ ਦੀ ਡਿਗਰੀ ਹੋਣੀ ਚਾਹੀਦੀ ਹੈ। ਵਿਦਿਆਰਥੀ ਫ਼ਸਟ ਡਿਵੀਜਨ ਵਿਚ ਪਾਸ ਹੋਏ ਹੋਣ। ਪਹਿਲੇ ਪੜਾਅ ਵਿਚ ਗ੍ਰੈਜੂਏਟ ਸਟੱਡੀ ਲਈ ਇਕ ਸਾਲ ਤੇ ਅੰਡਰਗ੍ਰੈਜੂਏਟ ਸਟੱਡੀ ਲਈ ਤਿੰਨ ਸਾਲ ਹੋਵੇਗਾ। ਜੋ ਵਿਦਿਆਰਥੀ ਦੀ ਯੋਗਤਾ ਤੇ ਚੰਗੇ ਨੰਬਰ ਲੈ ਕੇ ਪਾਸ ਹੋਣ ਦੀ ਸੂਰਤ ਵਿਚ ਵਜ਼ੀਫ਼ਾ ਇਕ ਇਕ ਸਾਲ ਹੋਰ ਵਧਾ ਦਿਤਾ ਜਾਣ ਤੇ ਦੋ ਸਾਲ ਤੇ ਚਾਰ ਸਾਲ ਤਕ ਦੀ ਪੜ੍ਹਾਈ ਕਰ ਦਿਤੀ ਜਾਵੇਗੀ।

ਚੰਗੇ ਯੋਗ ਵਿਦਿਆਰਥੀ ਨੂੰ ਪਾਰਟ ਟਾਈਮ ਕਰਨ ਲਈ ਕੁਝ ਕੰਮ ਵੀ ਦੇ ਦਿਤਾ ਜਾਵੇਗਾ, ਜਿਸ ਨਾਲ ਅੰਡਰਗ੍ਰੈਜੂਏਟ ਵਿਦਿਆਰਥੀ 8847 ਡਾਲਰ ਤੇ ਗ੍ਰੈਜੂਏਟ ਵਿਦਿਆਰਥੀ 13,668 ਡਾਲਰ ਸਾਲਾਨਾ, ਆਪਣੀ ਨਿਜੀ ਆਮਦਨ ਵੀ ਪੈਦਾ ਕਰ ਸਕਣਗੇ। ਚਾਰ ਸਾਲ ਵਿਚ 58 ਬੱਚੇ ਇਸ ਤੋਂ ਲਾਭ ਲੈ ਸਕਣਗੇ।

ਵਧੇਰੇ ਜਾਣਕਾਰੀ ਮਾਰਸ਼ਲ ਗੁਡਮੈਨ, ਡੀਨ, ਜਾਂ ਡਾ. ਐਸ. ਐਸ. ਅਰੋੜਾ ਡਾਇਰੈਕਟਰ, ਕਾਲਜ ਆਫ਼ ਲੈਟਰਜ਼ ਐਂਡ ਸਾਇੰਸ, ਵਿਸਕਾਂਨਸਨ ਯੂਨੀਵਰਸਿਟੀ ਪੋਸਟ ਬਾਕਸ 413 ਮਿਲਵਾਕੀ-ਵਿਸਕਾਂਨਸਨ-53201 ਅਮਰੀਕਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਭਾਰਤ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦੇ ਦਫ਼ਤਰ ਵਿਚ ਜਨਰਲ ਸੈਕ੍ਰੇਟਰੀ ਹਰਭਜਨ ਸਿੰਘ 'ਰਤਨ' ਤੋਂ ਜਾਂ ਸ੍ਰੀ ਸੁਰਜੀਤ ਸਿੰਘ ਧਾਲੀਵਾਲ ਪਿੰਡ ਰਖੜਾ ਜ਼ਿਲਾ ਪਟਿਆਲਾ ਤੋਂ ਲਈ ਜਾ ਸਕਦੀ ਹੈ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਹਰਭਜਨ ਸਿੰਘ 'ਰਤਨ'

ਜਨਮ : 13 ਫਰਵਰੀ 1921 ਸਰਗੋਧਾ (ਪਾਕਿਸਤਾਨ)

ਪਿਤਾ : ਭਾ. ਸਾ. ਭਾ. ਪ੍ਰਧਾਨ ਸਿੰਘ ਜੀ

'ਰਤਨ' ਜੀ ਨੇ ਕਵਿਤਾ, ਸੰਗੀਤ ਤੇ ਕਲਾ ਦੇ ਖੇਤਰ ਵਿਚ ਸਕੂਲ ਅਤੇ ਕਾਲਜ ਦੀ ਪੜ੍ਹਾਈ ਸਮੇਂ ਤੋਂ ਹੀ ਪ੍ਰਵੇਸ਼ ਕੀਤਾ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਿਆਂ ਉਨ੍ਹਾਂ 1937 ਵਿਚ ਡਰਾਮੈਟਿਕ ਕਲੱਬ ਦੀ ਬੁਨਿਆਦ ਰਖੀ। ਆਜ਼ਾਦੀ ਅੰਦੋਲਨ ਵਿਚ ਵੀ ਹਿੱਸਾ ਲਿਆ। ਗੀਤਕਾਰ ਅਤੇ ਸੰਗੀਤਕਾਰ ਦੇ ਰੂਪ ਵਿਚ ਖ਼ੂਬ ਨਾਮਣਾ ਖਟਿਆ ਅਤੇ "ਨਨਕਾਣੇ ਨੂੰ ਜਾਂਦਿਆਂ ਰਾਹੀਆ" ਤੇ "ਕੌਣ ਕਹੇ ਹਿੰਦੂ ਅਤੇ ਸਿੱਖ ਵੱਖੋ ਵੱਖ ਨੇ" ਵਰਗੇ ਗੀਤ ਲਿਖੇ, ਗਾਏ ਤੇ ਗ੍ਰਾਮੋਫੋਨ ਰੀਕਾਰਡ ਭਰੇ। ਕਈ ਕਲਾਕਾਰਾਂ ਨੇ 'ਰਤਨ' ਜੀ ਦੇ ਲਿਖੇ ਗੀਤ, ਜੇਹਾ ਕਿ 'ਘੜਾ ਵਜਦਾ ਘੜੋਲੀ ਵਜਦੀ' ਅਤੇ "ਬਾਪੂ ਵੇ ਅਡ ਹੁੰਨੀਆਂ" ਆਦਿ ਗਾ ਕੇ ਪ੍ਰਸਿੱਧੀ ਹਾਸਲ ਕੀਤੀ।

ਆਕਾਸ਼ਵਾਣੀ ਜਲੰਧਰ ਤੇ ਫਿਰ ਦੂਰਦਰਸ਼ਨ ਜਲੰਧਰ-ਅੰਮ੍ਰਿਤਸਰ ਦੇ ਸੀਨੀਅਰ ਪ੍ਰੋਡਿਊਸਰ ਦੇ ਰੂਪ ਵਿਚ 'ਰਤਨ' ਜੀ ਨੇ ਪੰਜਾਬੀ ਸਾਹਿਤ, ਕਲਾ ਤੇ ਸਭਿਆਚਾਰ ਦੀ ਵੱਡਮੁੱਲੀ ਸੇਵਾ ਕੀਤੀ। ਆਕਾਸ਼ਵਾਣੀ ਜਲੰਧਰ ਤੋਂ ਸ਼ੁਰੂ ਕਰਵਾਇਆ "ਸ਼ਬਦ ਕੀਰਤਨ" ਤੇ "ਦਰਪਨ" ਦਾ ਪ੍ਰੋਗਰਾਮ ਅਤੇ "ਵਰਿਆਮ ਅਕੇਲਾ", "ਮਹਾਰਾਜਾ ਰਣਜੀਤ ਸਿੰਘ", "ਸ੍ਰੀ ਹਰਿਮੰਦਰ ਸਾਹਿਬ" ਅਤੇ "ਪਿੰਗਲਵਾੜਾ" ਆਦਿ 'ਰਤਨ' ਜੀ ਦੀਆਂ ਬਣਾਈਆਂ ਡਾਕੂਮੈਂਟਰੀ ਫ਼ਿਲਮਾਂ ਉਨ੍ਹਾਂ ਦੀ ਬਹੁਮੁਲੀ ਦੇਣ ਹਨ। ਲੇਖਕ ਦੇ ਰੂਪ ਵਿਚ ਜਿਤਨੀ ਵਿਦੇਸ਼ ਯਾਤਰਾ ਰਤਨ ਜੀ ਨੇ ਕੀਤੀ ਹੈ, ਬਹੁਤ ਘਟ ਲੇਖਕਾਂ ਦੇ ਹਿੱਸੇ ਆਈ ਹੈ। ਕਵਿਤਾ ਤੇ ਵਾਰਤਕ ਦੋਹਾਂ ਵਿਚ ਹੀ 'ਰਤਨ' ਜੀ ਦੀ ਕਲਮ ਨੇ ਜੌਹਰ ਵਿਖਾਏ ਹਨ ਜਿਸ ਦੀ ਗਵਾਹੀ ਉਨ੍ਹਾਂ ਦੀਆਂ ਪੁਸਤਕਾਂ ਦੇਂਦੀਆਂ ਹਨ।

ਆਪ ਪੰਜਾਬ ਸਰਕਾਰ, ਦਿੱਲੀ ਸਰਕਾਰ ਦੀ ਪੰਜਾਬੀ ਅਕਾਦਮੀ, ਅਤੇ ਦੇਸ ਪ੍ਰਦੇਸ ਦੀਆਂ ਕਈ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਤੋਂ ਐਵਾਰਡ ਤੇ ਸਨਮਾਨ ਪ੍ਰਾਪਤ ਕਰ ਚੁੱਕੇ ਹਨ।

ਅੱਜ ਕਲ੍ਹ ਆਪ ਪੰਜਾਬੀ ਸਾਹਿਤ ਕਲਾ ਸੰਗਮ ਨਾਮ ਦੀ ਸੰਸਥਾ ਦੇ ਪ੍ਰਧਾਨ ਹਨ, ਜੋ ਆਪ ਦੀ ਅਗਵਾਈ ਤੇ ਉਦਮ ਸਦਕਾ ਪੰਜਾਬੀ ਲੇਖਕਾਂ, ਕਲਾਕਾਰਾਂ ਤੇ ਪਤ੍ਰਕਾਰਾਂ ਨੂੰ ਲਖਾਂ ਰੁਪਏ ਦੇ ਐਵਾਰਡ ਸ੍ਰ: ਦਰਸ਼ਨ ਸਿੰਘ ਧਾਲੀਵਾਲ ਤੇ ਹੋਰ ਮਿੱਤਰਾਂ ਦੀ ਉਦਾਰਤਾ ਨਾਲ ਦੇ ਕੇ ਸਨਮਾਨਤ ਕਰਦੀ ਹੈ। ਆਪ ਵਿਸ਼ਵ ਪੰਜਾਬੀ ਕਾਨਫ੍ਰੰਸ ਦੇ ਜਨਰਲ ਸੈਕ੍ਰੇਟਰੀ, ਪੰਜਾਬੀ ਸਾਹਿਤ ਸਭਾ ਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਦਿਲੀ ਦੇ ਸਰਗਰਮ ਮੈਂਬਰ, ਤੇ ਗੁਰਮਤ ਪ੍ਰਚਾਰ ਟਰੱਸਟ ਦੇ ਸੈਕ੍ਰੇਟਰੀ ਹਨ।

Sri Satguru Jagjit Singh Ji eLibrary NamdhariElibrary@gmail.com